ਐਤਵਾਰ, 4 ਅਕਤੂਬਰ, 2026

18 ਅੱਸੂ { ਨਾਨਕਸ਼ਾਹੀ 558 / ਬਿਕਰਮੀ 2083 }

ਜਿਲਦ/VOL. : 75

ਅੰਕ/NO. : 124

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • SUNDAY, 4 OCTOBER, 2026 ਜਲੰਧਰ

| 'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10+6=16


## ਪੰਜਾਬ ਨੂੰ ਨ.ਫਰਤ ਦੀ ਰਾਜਨੀਤੀ ਪ੍ਰਵਾਨ ਨਹੀਂ : ਪਰਗਟ ਸਿੰਘ



**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਪੀ ਸੀ ਸੀ) ਦੇ ਨਵ-ਨਿਯੁਕਤ ਪ੍ਰਧਾਨ ਪਰਗਟ ਸਿੰਘ ਨੇ ਸ਼ਨੀਵਾਰ ਸੀਨੀਅਰ ਕਾਂਗਰਸ ਆਗੂ ਅਤੇ ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਸਚਿਨ ਪਾਇਲਟ ਨਾਲ ਮੁਲਾਕਾਤ ਕੀਤੀ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ। ਪਰਗਟ ਸਿੰਘ ਨੇ ਕਿਹਾ ਕਿ ਪੰਜਾਬ ਦੇ ਲੋਕ ਹਮੇਸ਼ਾ ਜੁਝਾਰੂ ਰਹੇ ਹਨ ਅਤੇ ਸੰਘਰਸ਼ ਕਰਨ ਵਾਲਿਆਂ ਦੀ ਕਦਰ ਕਰਦੇ ਹਨ। ਪੰਜਾਬ ਦੀ ਮਿੱਟੀ ਨੇ ਨਫ਼ਰਤ ਦੀ ਰਾਜਨੀਤੀ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ ਅਤੇ ਨਾ ਹੀ ਕਦੇ ਕਰਨਗੇ।

ਉਨ੍ਹਾ ਭਾਜਪਾ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਤਾਨਾਸ਼ਾਹੀ ਰਵੱਈਆ ਅਪਣਾ ਰਹੇ ਹਨ। ਪੰਜਾਬ ਵਿਚ ਆਮ ਆਦਮੀ ਪਾਰਟੀ ਸਰਕਾਰ ਦੀ ਤਿੱਖੀ ਅਲੋਚਨਾ ਕਰਦਿਆਂ ਉਨ੍ਹਾ ਕਿਹਾ ਕਿ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਵੀ ਤਾਨਾਸ਼ਾਹੀ ਢੰਗ ਨਾਲ ਕੰਮ ਕਰ ਰਹੇ ਹਨ। ਉਨ੍ਹਾ ਦੋਸ਼ ਲਾਇਆ ਕਿ ਪੰਜਾਬ ਵਿਚ ਬਾਹਰੀ ਲੋਕਾਂ ਨੇ ਸੂਬੇ ਦੇ ਸਰੋਤਾਂ ਨੂੰ ਇਸ ਹੱਦ ਤੱਕ ਹੜੱਪ ਲਿਆ ਹੈ ਕਿ ਸਥਾਨਕ ਮੰਤਰੀਆਂ ਕੋਲ ਆਪਣੇ ਕਮਰੇ ਵੀ ਨਹੀਂ ਹਨ। ਪਰਗਟ ਸਿੰਘ ਨੇ ਕਿਹਾ ਕਿ ਭਗਵੰਤ ਮਾਨ ਦੇ ਮਜ਼ਾਕ ਉਡਾਉਣ ਦਾ ਸਮਾਂ ਖਤਮ ਹੋ ਗਿਆ ਹੈ ਅਤੇ ਜਨਤਾ ਹੁਣ ਸੱਚਾਈ ਨੂੰ ਸਮਝ ਗਈ ਹੈ। ਉਨ੍ਹਾ ਕਿਹਾ ਕਿ ਰਾਹੁਲ ਗਾਂਧੀ ਦੇਸ਼ ਵਿਚ ਇਕ 'ਗੁਲਦਸਤਾ' (ਗੱਠਜੋੜ ਅਤੇ ਏਕਤਾ) ਬਣਾ ਰਹੇ ਹਨ, ਜਿੱਥੇ ਸਾਰੇ ਦੇਸ਼ ਦੇ ਭਵਿੱਖ ਲਈ ਮਿਲ ਕੇ ਕੰਮ ਕਰਨਗੇ। ਪੰਜਾਬ ਹਮੇਸ਼ਾ ਵਾਂਗ ਪੂਰੇ ਦੇਸ਼ ਅਤੇ ਦੁਨੀਆ ਲਈ ਇਕ ਮਿਸਾਲ ਵਜੋਂ ਉਭਰੇਗਾ। ਹਾਕੀ ਦੇ ਮੈਦਾਨ 'ਤੇ ਆਪਣੀ ਖੇਡ ਦੇ ਦਿਨਾਂ ਨੂੰ ਯਾਦ ਕਰਦੇ ਹੋਏ ਉਨ੍ਹਾ ਕਿਹਾ ਕਿ ਜਿਵੇਂ ਹਾਕੀ ਵਿਚ ਆਖਰੀ 15 ਮਿੰਟਾਂ ਵਿਚ ਗੋਲ ਕਰਕੇ ਮੈਚ ਜਿੱਤੇ ਜਾਂਦੇ ਹਨ, ਉਸੇ ਤਰ੍ਹਾਂ ਸਾਡੀ ਟੀਮ ਵੀ ਆਖਰੀ ਪਲਾਂ ਵਿਚ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਲਗਾ ਕੇ ਜਿੱਤ ਲਈ ਯਤਨਸ਼ੀਲ ਰਹੇਗੀ। ਸਾਡੀ ਟੀਮ ਵਿਚ ਸਿਖਰ 'ਤੇ ਇਕ ਜੁਝਾਰੂ ਲੀਡਰਸ਼ਿਪ ਹੈ ਅਤੇ ਹੇਠਾਂ ਮਿਹਨਤੀ ਖਿਡਾਰੀ ਹਨ। ਉਨ੍ਹਾ ਕਿਹਾ ਕਿ ਉਹ ਅਗਲੇ ਇੱਕ-ਦੋ ਦਿਨਾਂ ਵਿਚ ਕਾਂਗਰਸ ਨੇਤਾ ਰਾਹੁਲ ਗਾਂਧੀ ਨੂੰ ਵੀ ਮਿਲਣਗੇ।

## ਅਕਾਲੀ ਦਲ 'ਚ ਹੁੰਦਿਆਂ ਚੁੱਪ ਕਿਉਂ ਰਿਹਾਂ ਪਰਗਟ ਸਿਆਂ : ਚੀਮਾ



**ਚੰਡੀਗੜ੍ਹ** : ਆਮ ਆਦਮੀ ਪਾਰਟੀ ਪੰਜਾਬ ਨੇ ਸ਼ਨੀਵਾਰ ਨੂੰ ਨਵੇਂ ਬਣੇ ਪੰਜਾਬ ਕਾਂਗਰਸ ਪ੍ਰਧਾਨ ਪਰਗਟ ਸਿੰਘ ਦੇ ਸਿਆਸੀ ਰਿਕਾਰਡ, ਖਾਸ ਕਰਕੇ ਅਕਾਲੀ ਦਲ (ਬਾਦਲ)-ਭਾਜਪਾ ਸਰਕਾਰ ਦੌਰਾਨ ਨਸ਼ਿਆਂ ਅਤੇ ਬੇਅਦਬੀ 'ਤੇ ਉਨ੍ਹਾ ਦੀ ਚੁੱਪ ਅਤੇ ਪੰਜਾਬ ਦੇ ਸਿੱਖਿਆ ਅਤੇ ਖੇਡ ਮੰਤਰੀ ਵਜੋਂ ਉਨ੍ਹਾ ਦੇ ਕਾਰਜਕਾਲ 'ਤੇ ਸਵਾਲ ਚੁੱਕੇ ਹਨ। ਪਰਗਟ ਸਿੰਘ ਦੀ ਪੰਜਾਬ ਕਾਂਗਰਸ ਪ੍ਰਧਾਨ ਵਜੋਂ ਨਿਯੁਕਤੀ 'ਤੇ ਆਪਣੀ ਪ੍ਰਤੀਕਿਰਿਆ ਦਿੰਦਿਆਂ 'ਆਪ' ਦੇ ਸੀਨੀਅਰ ਆਗੂ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਉਨ੍ਹਾ ਨੂੰ ਇਹ ਸਪੱਸ਼ਟ ਕਰਨ ਲਈ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਹੋਣ ਦੌਰਾਨ ਉਨ੍ਹਾ ਨਸ਼ਿਆਂ ਦੀ ਅਲਾਮਤ ਅਤੇ ਬੇਅਦਬੀ ਦੀਆਂ ਘਟਨਾਵਾਂ ਵਿਰੁੱਧ ਆਵਾਜ਼ ਕਿਉਂ ਨਹੀਂ ਉਠਾਈ।

ਚੀਮਾ ਨੇ ਕਿਹਾ ਕਿ ਅਕਾਲੀ ਦਲ (ਬਾਦਲ)-ਭਾਜਪਾ ਰਾਜ ਦੌਰਾਨ ਨਸ਼ੇ ਅਤੇ ਬੇਅਦਬੀ ਪੰਜਾਬ ਦੇ ਸਭ ਤੋਂ ਵੱਡੇ ਸਿਆਸੀ ਮੁੱਦਿਆਂ ਵਿੱਚੋਂ ਸਨ, ਪਰ ਪਰਗਟ ਸਿੰਘ ਨੇ ਅਕਾਲੀ ਦਲ ਦਾ ਹਿੱਸਾ ਹੁੰਦਿਆਂ ਕਿਸੇ ਵੀ ਮੁੱਦੇ ਵਿਰੁੱਧ ਜਨਤਕ ਤੌਰ 'ਤੇ ਆਵਾਜ਼ ਨਹੀਂ ਉਠਾਈ।ਪੰਜਾਬ ਦੇ ਲੋਕ ਇਹ ਜਾਣਨ ਦੇ ਹੱਕਦਾਰ ਹਨ ਕਿ ਨਵੇਂ ਕਾਂਗਰਸ ਪ੍ਰਧਾਨ ਉਨ੍ਹਾਂ ਮੁੱਦਿਆਂ 'ਤੇ ਚੁੱਪ ਕਿਉਂ ਰਹੇ, ਜੋ ਸੂਬੇ ਨੂੰ ਗੰਭੀਰਤਾ ਨਾਲ ਪ੍ਰਭਾਵਤ ਕਰਦੇ ਸਨ।ਸੀਨੀਅਰ ਆਪ ਆਗੂ ਨੇ ਕਿਹਾ ਕਿ ਪਰਗਟ ਸਿੰਘ ਨੇ ਆਪ ਮੰਨਿਆ ਹੈ ਕਿ ਬੇਅਦਬੀ ਦੇ ਮੁੱਦੇ 'ਤੇ ਕਾਂਗਰਸ ਦੇ ਅੰਦਰ ਦੋ ਧੜੇ ਸਨ: ਇੱਕ ਜੋ ਦੋਸ਼ੀਆਂ ਵਿਰੁੱਧ ਕਾਰਵਾਈ ਚਾਹੁੰਦਾ ਸੀ ਅਤੇ ਦੂਜਾ ਉਨ੍ਹਾ ਦੇ ਅਨੁਸਾਰ ਬਾਦਲਾਂ ਨੂੰ ਬਚਾ ਰਿਹਾ ਸੀ।ਅੱਜ ਕਾਂਗਰਸ ਪ੍ਰਧਾਨ ਵਜੋਂ ਪਰਗਟ ਸਿੰਘ ਨੂੰ ਪੰਜਾਬ ਨੂੰ ਦੱਸਣਾ ਚਾਹੀਦਾ ਹੈ ਕਿ ਉਹ ਕਿਸ ਧੜੇ ਦੀ ਅਗਵਾਈ ਕਰ ਰਹੇ ਹਨ, ਬੇਅਦਬੀ ਮਾਮਲਿਆਂ ਵਿੱਚ ਇਨਸਾਫ਼

• ਬਾਕੀ ਸਫਾ 2 'ਤੇ

## ਪੰਜਾਬ ਨਸ਼ੇ ਖ਼ਿਲਾਫ਼ ਫ਼ੈਸਲਾਕੁੰਨ ਲੜਾਈ ਲੜ ਰਿਹਾ : ਮਾਨ



**ਜਲੰਧਰ (ਸੁਰਿੰਦਰ ਕੁਮਾਰ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਪੰਜਾਬ ਪੁਲਸ ਵਿੱਚ 10,000 ਨਵੀਆਂ ਅਸਾਮੀਆ ਭਰਨ ਦਾ ਐਲਾਨ ਕਰਦਿਆਂ ਕਿਹਾ ਕਿ ਪੰਜਾਬ 'ਯੁੱਧ ਨਸ਼ਿਆਂ ਵਿਰੁੱਧ' ਦੇ ਅੰਤਮ ਅਤੇ ਫ਼ੈਸਲਾਕੁੰਨ ਪੜਾਅ 'ਤੇ ਜੰਗ ਲੜ ਰਿਹਾ ਹੈ।ਇਥੇ ਆਪਣੀ ਤਰ੍ਹਾਂ ਦੀ ਪਹਿਲੀ 'ਐੱਸ ਐੱਚ ਓਜ਼ ਮਿਲਣੀ' ਦੌਰਾਨ ਸ਼ਾਨਦਾਰ ਕਾਰਗੁਜ਼ਾਰੀ ਵਾਲੇ ਪੁਲਸ ਅਧਿਕਾਰੀਆਂ ਨੂੰ ਸਨਮਾਨਤ ਕਰਨ ਲਈ ਕਰਵਾਏ ਸਮਾਗਮ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੁਲਸ ਨੂੰ ਨਸ਼ਿਆਂ ਖ਼ਿਲਾਫ਼ ਹਰ ਜਾਇਜ਼ ਕਾਰਵਾਈ ਕਰਨ ਦੀ ਖੁੱਲ੍ਹੀ ਛੁੱਟੀ ਦਿੱਤੀ ਗਈ ਹੈ।ਉਨ੍ਹਾ ਪੁਲਸ ਅਧਿਕਾਰੀਆਂ ਨੂੰ ਪਿੰਡਾਂ ਤੇ ਕਸਬਿਆਂ ਵਿੱਚ ਜਾਣ, ਲੋਕਾਂ ਨੂੰ ਨਾਲ ਲੈਣ ਅਤੇ ਇਸ ਲਾਹਨਤ 'ਤੇ ਰੋਕ ਲਾਉਣ ਦੇ ਆਦੇਸ਼ ਦਿੱਤੇ।ਉਨ੍ਹਾ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਹੁਣ ਪੂਰੇ ਪੰਜਾਬ ਵਿੱਚ ਲੋਕ ਲਹਿਰ ਬਣ ਚੁੱਕਾ ਹੈ, ਜਦ ਕਿ ਪੁਲਸ ਫੋਰਸ ਨੂੰ ਜਲਦ ਹੀ 450 ਏ ਐੱਸ ਆਈ ਅਤੇ 3400 ਪੁਲਸ ਜਵਾਨ ਮਿਲਣਗੇ। ਆਪਣੇ ਸੰਬੋਧਨ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਹ ਇੱਕ ਇਤਿਹਾਸਕ ਪਹਿਲਕਦਮੀ ਹੈ, ਜਿਸ ਰਾਹੀਂ ਮੈਂ ਡਾਇਰੈਕਟਰ ਜਨਰਲ ਆਫ਼ ਪੁਲਸ (ਡੀ ਜੀ ਪੀ ) ਨਾਲ ਮਿਲ ਕੇ ਤੁਹਾਡੇ ਕੰਮਕਾਜ ਦੇ ਹਾਲਾਤ ਨੂੰ ਸਮਝਣ, ਤੁਹਾਡੀਆਂ ਸਮੱਸਿਆਵਾਂ ਸੁਣਨ ਅਤੇ ਤੁਹਾਡੀ ਭਲਾਈ ਲਈ ਕਦਮ ਚੁੱਕਣ ਵਾਸਤੇ ਐੱਸ ਐੱਚ ਓਜ਼ ਨਾਲ ਸਿੱਧਾ ਰਾਬਤਾ ਕਾਇਮ ਕਰ ਰਿਹਾ ਹਾਂ।ਆਪਣੀ ਡਿਊਟੀ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਨਿਭਾਉਣ ਵਾਲੇ ਪੁਲਸ ਮੁਲਾਜ਼ਮਾਂ ਨੂੰ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਐੱਸ ਐੱਚ ਓਜ਼ 'ਤੇ ਬਹੁਤ ਵੱਡੀ ਜ਼ਿੰਮੇਵਾਰੀ ਹੁੰਦੀ ਹੈ, ਕਿਉਂਕਿ ਜ਼ਮੀਨੀ ਪੱਧਰ 'ਤੇ ਤੁਸੀਂ ਹੀ ਪੁਲਸ ਦਾ ਚਿਹਰਾ ਹੋ।ਲੋਕ ਆਪਣੀਆਂ ਫਰਿਆਦਾਂ ਲੈ ਕੇ ਤੁਹਾਡੇ ਕੋਲ ਆਉਂਦੇ ਹਨ ਅਤੇ ਇਨਸਾਫ਼, ਸੁਰੱਖਿਆ ਤੇ ਤੁਰੰਤ ਕਾਰਵਾਈ ਦੀ ਉਮੀਦ ਰੱਖਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਵਿੱਚ ਜਨਤਕ ਸਹਿਯੋਗ ਬਹੁਤ ਜ਼ਰੂਰੀ ਹੈ।ਉਨ੍ਹਾ ਕਿਹਾ ਲੋਕ ਪੁਲਸ ਨੂੰ ਜਾਣਕਾਰੀ ਦੇ ਰਹੇ ਹਨ ਅਤੇ ਸਹਿਯੋਗ ਕਰ ਰਹੇ ਹਨ। ਮੁੱਖ ਮੰਤਰੀ ਨੇ ਐੱਸ ਐੱਚ ਓਜ਼ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਹਰ ਸ਼ਿਕਾਇਤ ਅਤੇ ਕਾਰਵਾਈ ਨੂੰ ਪੂਰੀ ਜਾਣਕਾਰੀ ਨਾਲ ਗੰਭੀਰਤਾ, ਪੇਸ਼ੇਵਾਰਨਾ ਅਤੇ ਬਿਨਾਂ ਕਿਸੇ ਡਰ ਜਾਂ ਪੱਖਪਾਤ ਤੋਂ

• ਬਾਕੀ ਸਫਾ 2 'ਤੇ

## ਪੈਟਰੋਲ 5 ਤੇ ਡੀਜ਼ਲ 3 ਰੁਪਏ ਮਹਿੰਗਾ

**ਨਵੀਂ ਦਿੱਲੀ** : ਭਾਰਤ ਦੀ ਸਭ ਤੋਂ ਵੱਡੀ ਨਿੱਜੀ ਬਾਲਣ ਪ੍ਰਚੂਨ ਵਿਕਰੇਤਾ ਨਾਇਰਾ ਐਨਰਜੀ ਨੇ ਪੈਟਰੋਲ ਦੀਆਂ ਕੀਮਤਾਂ ਵਿੱਚ 5 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ ਵਿੱਚ 3 ਰੁਪਏ ਪ੍ਰਤੀ ਲੀਟਰ ਦਾ ਤੁਰੰਤ ਵਾਧਾ ਕੀਤਾ ਹੈ। ਬਾਲਣ ਪ੍ਰਚੂਨ ਵਿਕਰੇਤਾਵਾਂ ਤੇ ਆਲਮੀ ਪੱਧਰ 'ਤੇ ਉਚ ਊਰਜਾ ਕੀਮਤਾਂ ਕਾਰਨ ਬਣੇ ਨਵੇਂ ਦਬਾਅ ਦੇ ਵਿਚਕਾਰ ਇਹ ਤਾਜ਼ਾ ਵਾਧਾ ਕੀਤਾ ਗਿਆ ਹੈ। ਦੇਸ਼ ਭਰ ਵਿੱਚ 7,108 ਪੈਟਰੋਲ ਪੰਪਾਂ ਦਾ ਸੰਚਾਲਨ ਕਰਨ ਵਾਲੀ ਨਾਇਰਾ ਨੇ ਸਨਿੱਚਰਵਾਰ ਦੇ ਸ਼ੁਰੂਆਤੀ ਘੰਟਿਆਂ ਤੋਂ ਇਹ ਵਾਧਾ ਲਾਗੂ ਕਰ ਦਿੱਤਾ ਹੈ।

## ਅਮਰੀਕਾ 'ਚ ਮੰਦਰ 'ਤੇ ਇੱਟਾਂ ਨਾਲ ਹਮਲਾ

**ਵਾਸ਼ਿੰਗਟਨ, ਡੀ ਸੀ** : ਸੰਯੁਕਤ ਰਾਜ ਅਮਰੀਕਾ ਵਿੱਚ ਇੱਕ ਮੰਦਰ ਨੂੰ ਨਿਸ਼ਾਨਾ ਬਣਾ ਕੇ ਹਮਲਾ ਕੀਤਾ ਗਿਆ। ਅਮਰੀਕੀ ਗੈਰ-ਮੁਨਾਫਾ ਸੰਸਥਾ, ਹਿੰਦੂ ਅਮਰੀਕੀ ਫਾਊਂਡੇਸ਼ਨ ਨੇ ਕਿਹਾ ਹੈ ਕਿ ਓਹਾਇਓ ਵਿੱਚ ਇੱਕ ਹਿੰਦੂ ਮੰਦਰ ਨੂੰ ਨਿਸ਼ਾਨਾ ਬਣਾਇਆ ਗਿਆ, ਜਿਸ ਵਿੱਚ ਦੋਸ਼ੀਆਂ ਨੇ ਇਮਾਰਤ 'ਤੇ ਇੱਟਾਂ ਸੁੱਟੀਆਂ ਅਤੇ ਕਾਫੀ ਨੁਕਸਾਨ ਪਹੁੰਚਾਇਆ। ਐੱਕਸ 'ਤੇ ਇੱਕ ਪੋਸਟ ਵਿੱਚ ਘਟਨਾ ਦਾ ਵੇਰਵਾ ਦਿੰਦੇ ਹੋਏ ਹਿੰਦੂ ਅਮਰੀਕੀ ਫਾਊਂਡੇਸ਼ਨ ਨੇ ਕਿਹਾ ਕਿ ਸ਼ੁੱਕਰਵਾਰ ਨੂੰ ਓਹਾਇਓ ਵਿੱਚ ਹਿੰਦੂ ਮੰਦਰ 'ਤੇ ਹਮਲਾ ਹੋਇਆ। ਦੁਪਹਿਰ 1:30 ਵਜੇ ਰਿਚਮੰਡ ਹਾਈਟਸ ਓਹਾਇਓ ਵਿੱਚ ਸਵਾਮੀਨਾਰਾਇਣ ਵਡਤਾਲ ਧਾਮ ਹਿੰਦੂ ਮੰਦਰ 'ਤੇ ਹਮਲਾ ਕੀਤਾ ਗਿਆ, ਮੰਦਰ 'ਤੇ ਇੱਟਾਂ ਸੁੱਟੀਆਂ, ਜਿਸ ਨਾਲ ਕਾਫ਼ੀ ਨੁਕਸਾਨ ਹੋਇਆ। ਇਹ ਘਟਨਾ ਅਜਿਹੇ ਸਮੇਂ ਸਾਹਮਣੇ ਆਈ ਹੈ, ਜਦੋਂ ਭਾਰਤੀ ਨਾਗਰਿਕਾਂ ਸਮੇਤ ਹੋਰ ਲੋਕ ਅਮਰੀਕਾ ਵਿੱਚ ਹਿੰਸਾ ਦਾ ਸਾਹਮਣਾ ਕਰ ਰਹੇ ਹਨ। ਸੰਸਥਾ ਨੇ ਕਿਹਾ ਕਿ ਇਸ ਸੰਬੰਧੀ ਵੀਡੀਓ ਉਪਲੱਬਧ ਹੈ ਅਤੇ ਅਧਿਕਾਰੀਆਂ ਵੱਲੋਂ ਇਸ ਦੀ ਸਮੀਖਿਆ ਕੀਤੀ ਜਾ ਰਹੀ ਹੈ।

## ਹਾਕੀ, ਕੁਸ਼ਤੀ, ਕ੍ਰਿਕਟ, ਗੋਲਫ ਤੇ ਤੀਰਅੰਦਾਜ਼ੀ 'ਚ ਸੋਨ ਤਮਗੇ











**ਨਗੋਆ** : ਏਸ਼ੀਅਨ ਖੇਡਾਂ ਦੇ ਹਾਕੀ ਦੇ ਫਾਈਨਲ ਮੈਚ ਵਿਚ ਭਾਰਤ ਨੇ ਮਲੇਸ਼ੀਆ ਵਿਰੁੱਧ 5-1 ਨਾਲ ਜਿੱਤ ਦਰਜ ਕਰਕੇ ਸੋਨੇ ਦਾ ਤਮਗਾ ਜਿੱਤਿਆ। ਭਾਰਤੀ ਖਿਡਾਰੀ ਪੂਰੇ ਮੈਚ ਦੌਰਾਨ ਮਲੇਸ਼ੀਆ ਦੇ ਖਿਡਾਰੀਆਂ ਉਪਰ ਹਾਵੀ ਰਹੇ। ਏਸ਼ੀਅਨ ਖੇਡਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਭਾਰਤ ਟੀਮ ਨੇ ਆਪਣੇ ਸੋਨ ਤਮਗੇ ਦਾ ਸਫਲਤਾਪੂਰਵਕ ਬਚਾਅ ਕੀਤਾ। ਹਰਮਨਪ੍ਰੀਤ ਸਿੰਘ ਨੇ ਦੋ ਗੋਲ ਕੀਤੇ, ਜਦੋਂ ਕਿ ਜੁਗਰਾਜ ਸਿੰਘ, ਸ਼ਿਲਾਨੰਦ ਲਾਕੜਾ ਅਤੇ ਹਾਰਦਿਕ ਸਿੰਘ ਨੇ ਇੱਕ-ਇੱਕ ਗੋਲ ਕੀਤਾ। ਮਲੇਸ਼ੀਆ ਨੇ ਪਹਿਲੇ ਦੋ ਕੁਆਰਟਰਾਂ ਵਿੱਚ ਥੋੜ੍ਹਾ ਸੰਘਰਸ਼ ਕੀਤਾ, ਪਰ ਆਖਰੀ ਦੋ ਵਿੱਚ ਉਨ੍ਹਾਂ ਦੇ ਹੌਂਸਲੇ ਪਸਤ ਹੋ ਗਏ। ਭਾਰਤੀ ਭਲਵਾਨ ਅਮਨ ਸਹਿਰਾਵਤ ਨੇ ਏਸ਼ੀਆਈ ਖੇਡਾਂ ਵਿਚ ਮਰਦਾਂ ਦੇ 57 ਕਿਲੋਗ੍ਰਾਮ ਭਾਰ ਵਰਗ ਵਿਚ ਫ੍ਰੀ ਸਟਾਈਲ ਕੁਸ਼ਤੀ 'ਚ ਸੋਨੇ ਦਾ ਤਮਗਾ ਜਿੱਤਿਆ। ਫਾਈਨਲ ਵਿਚ ਉਸ ਨੇ ਵਿਸ਼ਵ ਚੈਂਪੀਅਨ ਚੋਂਗ ਸੋਂਗ ਹੈਨ ਨੂੰ 11-7 ਨਾਲ ਮਾਤ ਦਿੱਤੀ। ਏਸ਼ੀਆਈ ਖੇਡਾਂ ਦੇ ਪੁਰਸ਼ ਕ੍ਰਿਕਟ ਮੁਕਾਬਲੇ ਦੇ ਫ਼ਾਈਨਲ ਵਿੱਚ ਭਾਰਤ ਨੇ ਪਾਕਿਸਤਾਨ ਨੂੰ 19 ਦੌੜਾਂ ਨਾਲ ਹਰਾ ਕੇ ਸੋਨ ਤਮਗਾ ਆਪਣੇ ਨਾਂਅ ਕਰ ਲਿਆ। ਪਹਿਲਾਂ ਬੱਲੇਬਾਜ਼ੀ ਕਰਦਿਆਂ ਭਾਰਤੀ ਟੀਮ ਨੇ ਨਿਰਧਾਰਤ 20 ਓਵਰਾਂ ਵਿੱਚ 6 ਵਿਕਟਾਂ ਦੇ ਨੁਕਸਾਨ 'ਤੇ 211 ਦੌੜਾਂ ਦਾ ਵਿਸ਼ਾਲ ਸਕੋਰ ਬਣਾਇਆ। ਭਾਰਤ ਵੱਲੋਂ ਅਭਿਸ਼ੇਕ ਸ਼ਰਮਾ ਨੇ ਸ਼ਾਨਦਾਰ ਬੱਲੇਬਾਜ਼ੀ ਕਰਦਿਆਂ 28 ਗੇਂਦਾਂ ਵਿੱਚ 61 ਦੌੜਾਂ ਦੀ ਤੂਫ਼ਾਨੀ ਪਾਰੀ ਖੇਡੀ, ਜਦ ਕਿ ਉਪ ਕਪਤਾਨ ਤਿਲਕ ਵਰਮਾ ਨੇ 22 ਗੇਂਦਾਂ ਵਿੱਚ ਨਾਬਾਦ 51 ਦੌੜਾਂ ਬਣਾਈਆਂ। ਇਸ ਤੋਂ ਇਲਾਵਾ ਸ਼ਿਵਮ ਦੂਬੇ ਨੇ 27 ਅਤੇ ਸ਼੍ਰੇਅਸ ਅਈਅਰ ਨੇ 21 ਦੌੜਾਂ ਦਾ ਯੋਗਦਾਨ ਪਾਇਆ। 212 ਦੌੜਾਂ ਦੇ ਵੱਡੇ ਟੀਚੇ ਦਾ ਪਿੱਛਾ ਕਰਨ ਉਤਰੀ ਪਾਕਿਸਤਾਨੀ ਟੀਮ 20 ਓਵਰਾਂ ਵਿੱਚ 6 ਵਿਕਟਾਂ 'ਤੇ 192 ਦੌੜਾਂ ਹੀ ਬਣਾ ਸਕੀ। ਪਾਕਿਸਤਾਨ ਲਈ ਹਸਨ ਨਵਾਜ਼ ਨੇ 96 ਦੌੜਾਂ ਦੀ

• ਬਾਕੀ ਸਫਾ 2 'ਤੇ

**ਤਮਗਾ ਸੂਚੀ 'ਚ ਭਾਰਤ ਚੌਥੇ ਸਥਾਨ 'ਤੇ**

## ਚੰਨੀ ਮੁੜ ਚੇਅਰਮੈਨ, ਸਟੈਂਡਿੰਗ ਕਮੇਟੀਆਂ 'ਚ ਵੱਡਾ ਫੇਰਬਦਲ



**ਨਵੀਂ ਦਿੱਲੀ** : ਸੰਸਦ ਦੀਆਂ ਅਹਿਮ ਸਟੈਂਡਿੰਗ ਕਮੇਟੀਆਂ ਦੇ ਪੁਨਰਗਠਨ ਦੌਰਾਨ ਕਾਂਗਰਸ ਦੇ ਪ੍ਰਮੁੱਖ ਆਗੂਆਂ ਨੂੰ ਮੁੜ ਵੱਡੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਜਲੰਧਰ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮੁੜ ਖੇਤੀਬਾੜੀ ਬਾਰੇ ਸੰਸਦੀ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਰਾਜ ਸਭਾ ਦੇ ਚੇਅਰਮੈਨ ਸੀ ਪੀ ਰਾਧਾਕ੍ਰਿਸ਼ਨਨ ਨੇ ਸ਼ਨੀਵਾਰ ਹਾਊਸ ਨਾਲ ਸੰਬੰਧਤ ਸੰਸਦੀ ਸਟੈਂਡਿੰਗ ਕਮੇਟੀਆਂ ਦੇ ਪੁਨਰਗਠਨ ਦਾ ਐਲਾਨ ਕੀਤਾ। ਇਸੇ ਤਰ੍ਹਾਂ ਤਿਰੂਵਨੰਤਪੁਰਮ ਤੋਂ ਕਾਂਗਰਸੀ ਸੰਸਦ ਮੈਂਬਰ ਸ਼ਸ਼ੀ ਥਰੂਰ ਨੂੰ ਵਿਦੇਸ਼ੀ ਮਾਮਲਿਆਂ ਬਾਰੇ ਅਹਿਮ ਸੰਸਦੀ ਕਮੇਟੀ ਦਾ ਪ੍ਰਧਾਨ ਬਣਾਈ ਰੱਖਿਆ ਗਿਆ ਹੈ। ਸੀਨੀਅਰ ਆਗੂ ਮੁਕੁਲ ਵਾਸਨਿਕ ਔਰਤਾਂ, ਬੱਚਿਆਂ ਅਤੇ ਸਿੱਖਿਆ ਬਾਰੇ ਕਮੇਟੀ ਦੇ ਮੁਖੀ ਵਜੋਂ ਸੇਵਾਵਾਂ ਨਿਭਾਉਂਦੇ ਰਹਿਣਗੇ। ਦੂਜੇ ਪਾਸੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਵਿਦੇਸ਼ੀ ਮਾਮਲਿਆਂ ਦੀ ਕਮੇਟੀ ਦਾ ਮੈਂਬਰ ਅਤੇ ਸਵਾਤੀ ਮਾਲੀਵਾਲ ਨੂੰ ਸਿੱਖਿਆ ਕਮੇਟੀ 'ਚ ਸ਼ਾਮਲ ਕੀਤਾ ਗਿਆ ਹੈ। ਕਮੇਟੀਆਂ ਦੇ ਫੇਰਬਦਲ ਵਿੱਚ ਕੁਝ ਪ੍ਰਮੁੱਖ ਚਿਹਰਿਆਂ ਨੂੰ ਹਟਾਇਆ ਵੀ ਗਿਆ ਹ ੈ ।

• ਬਾਕੀ ਸਫਾ 2 'ਤੇ


"ਕਬੀਰਾ ਜਬ ਹਮ ਆਏ ਜਗਤ ਮੇਂ, ਜਗ ਹਸਾ ਹਮ ਰੋਏ, ਐਸੀ ਕਰਨੀ ਕਰ ਚਲੇ, ਹਮ ਹਸੇ ਜਗ ਰੋਏ"

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ



# ਸ਼੍ਰੀ ਕੇ. ਐਲ. ਗਰਗ

ਜੋ ਕਿ ਪ੍ਰਮਾਤਮਾ ਵੱਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਨੂੰ ਪੂਰਾ ਕਰਦੇ ਹੋਏ

ਮਿਤੀ 30 ਸਤੰਬਰ 2026 ਦਿਨ ਬੁੱਧਵਾਰ ਨੂੰ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ ਹਨ

ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ

# ਉਠਾਲਾ ਅਤੇ ਰਸਮ ਪੱਗੜੀ

ਮਿਤੀ 4 ਅਕਤੂਬਰ 2026 ਦਿਨ ਐਤਵਾਰ ਨੂੰ ਚੌਖਾ ਪੈਲੇਸ ਗੇਟ ਨੰ. 2,

ਨੇੜੇ ਗੀਤਾ ਭਵਨ ਚੌਂਕ, ਮੋਗਾ ਵਿਖੇ ਦੁਪਹਿਰ 1:00 ਤੋਂ 2:00 ਵਜੇ ਤੱਕ ਪਵੇਗਾ ।

ਸੋ ਆਪ ਜੀ ਨੇ ਸ਼ਰਧਾਂਜਲੀ ਸਮਰੋਹ ਵਿੱਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ ।

ਦੁਖੀ ਹਿਰਦੇ :-

**ਜਨਕ ਰਾਣੀ ਗਰਗ (ਧਰਮਪਤਨੀ)**

ਗਗਨਦੀਪ ਗਰਗ - ਅਨੂ ਗਰਗ ( ਪੁੱਤਰ - ਨੂੰਹ),
ਕਰੁਨਾ ਅਗਰਵਾਲ - ਸਤੀਸ਼ ਅਗਰਵਾਲ (ਧੀ - ਜਵਾਈ),
ਵਿਸ਼ਵ ਜੋਤੀ - ਸੁਭਾਸ਼ ਬਾਂਸਲ (ਧੀ - ਜਵਾਈ),

ਗੋਰਵ ਗਰਗ - ਪ੍ਰਨਵ ਗਰਗ (ਪੋਤਰੇ)
ਦੋਹਤਾ: ਸੌਰਵ ਬਾਂਸਲ ਨੈਨਿਕਾ , ਦੋਹਤੀ: ਸਾਕਸ਼ੀ ਬਾਂਸਲ, ਕਨਵ ਗੋਇਲ
ਦੋਹਤਾ: ਸੰਨੀ ਅਗਰਵਾਲ: ਦੋਹਤੀ ਮਿਲਕੀ ਅਗਰਵਾਲ, ਲੁਈਸ ਗੋਂਜ਼ਾਲੇਜ਼

ਐਸ ਡੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮੋਗਾ
ਪ੍ਰਧਾਨ ਡਾ.ਅਸ਼ੋਕ ਕੁਮਾਰ ਗਰਗ, ਸੈਕਟਰੀ ਮਹਿੰਦਰ ਜਿੰਦਲ
ਪ੍ਰਿੰਸੀਪਲ ਪਰਮਜੀਤ ਕੌਰ
ਐਸ.ਡੀ. ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਮੋਗਾ
ਪ੍ਰਧਾਨ ਡਾ ਅਸ਼ੋਕ ਕੁਮਾਰ ਗਰਗ
ਮੈਨੇਜਰ ਰਾਧੇਸ਼ ਸਿੰਗਲ , ਸੈਕਟਰੀ ਮਹਿੰਦਰ ਜਿੰਦਲ
ਪ੍ਰਿੰਸੀਪਲ ਸੋਨੀਆ ਹਰਸ਼

ਪੰਜਾਬੀ ਹਾਸ ਵਿਅੰਗ ਅਕਾਦਮੀ, ਪੰਜਾਬ (ਰਜਿ:)
ਸਕੱਤਰ : ਦਵਿੰਦਰ ਸਿੰਘ ਗਿੱਲ
ਪ੍ਰੈਸ ਸਕੱਤਰ: ਸਾਧੂ ਰਾਮ ਲੰਗੇਆਣਾ
ਕਮਲਜੀਤ ਭੋਲਾ,
ਵਿਦੇਸ਼ ਪ੍ਰਚਾਰ ਸਕੱਤਰ: ਮੰਗਤ ਕੁਲਜਿੰਦ
ਖਜਾਨਚੀ : ਸੁਰਜੀਤ ਕਾਉਂਕੇ

ਖੱਤਰੀ ਸਭਾ ਮੋਗਾ
ਚੇਅਰਮੈਨ ਐਡਵੋਕੇਟ ਵਿਜੇ ਧੀਰ
ਪ੍ਰਧਾਨ ਡਾ. ਐਮ ਐਲ ਜੈਦਕਾ
ਪੂਰਨ ਸਿੰਘ ਸੰਧੂ
ਬਲਦੇਵ ਸੜਕਨਾਮਾਂ
ਸ੍ਰੀ ਕ੍ਰਿਸ਼ਨ ਸੂਦ

ਮਨਮੋਹਨ ਗਰਗ, ਮਨੀਪਾਲ ਗਰਗ 87100-70009

## ਨਵੇਂ ਬਣੇ ਰੇਲਵੇ ਅੰਡਰ ਬਰਿਜ ਕੋਲ ਲਾਈਟਾਂ ਨਾ ਹੋਣ ਕਾਰਨ ਹਾਦਸੇ ਦਾ ਖ਼ਦਸ਼ਾ



**ਮਲੋਟ (ਰਜਿੰਦਰ ਜੁਨੇਜਾ)**-ਸਥਾਨਕ ਸ਼ਹਿਰ ਵਿੱਚ ਸੇਤੀਆ ਮੈਡੀਕਲ ਏਜੰਸੀਜ਼ ਨਜ਼ਦੀਕ ਨਵੇਂ ਬਣੇ ਰੇਲਵੇ ਅੰਡਰ ਬ੍ਰਿਜ ਦੇ ਰਸਤੇ 'ਤੇ ਸਟਰੀਟ ਲਾਈਟਾਂ ਦਾ ਪ੍ਰਬੰਧ ਨਾ ਹੋਣ ਕਾਰਨ ਆਮ ਲੋਕਾਂ ਤੇ ਰਾਹਗੀਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਹਨੇਰੇ ਦੇ ਨਾਲ-ਨਾਲ ਇੱਥੇ ਪੱਕੀ ਸੜਕ ਜਾਂ ਟਾਈਲਾਂ ਨਾ ਲੱਗਣ ਕਾਰਨ ਹਾਲਾਤ ਹੋਰ ਵੀ ਬਦਤਰ ਬਣੇ ਹੋਏ ਹਨ।ਇਸ ਰਸਤੇ 'ਤੇ ਕੱਚੀ ਥਾਂ ਹੋਣ ਕਾਰਨ ਜਦੋਂ ਵੀ ਕੋਈ ਤੇਜ਼ ਰਫ਼ਤਾਰ ਵਾਹਨ ਲੰਘਦਾ ਹੈ ਤਾਂ ਧੂੜ-ਮਿੱਟੀ ਦਾ ਗੁਬਾਰ ਉੱਠਦਾ ਹੈ।ਰਾਤ ਵੇਲੇ ਰੌਸ਼ਨੀ ਦੀ ਘਾਟ ਤੇ ਉੱਡਦੀ ਮਿੱਟੀ ਕਾਰਨ ਪੈਦਲ ਤੁਰਨ ਵਾਲਿਆਂ ਤੇ ਸਾਈਕਲ ਸਵਾਰਾਂ ਨੂੰ ਕੁਝ ਵੀ ਸਾਫ਼ ਵਿਖਾਈ ਨਹੀਂ ਦਿੰਦਾ।ਸਿੱਟੇ ਵਜੋਂ, ਰਾਹਗੀਰ ਅਕਸਰ ਠੋਕਰ ਖਾ ਕੇ ਡਿੱਗ ਪੈਂਦੇ ਹਨ ਤੇ ਸੱਟਾਂ ਦੇ ਸ਼ਿਕਾਰ ਹੋ ਰਹੇ ਹਨ।ਇਲਾਕੇ ਦੇ ਦੁਕਾਨਦਾਰਾਂ ਤੇ ਵਸਨੀਕਾਂ ਦਾ ਕਹਿਣਾ ਹੈ ਕਿ ਉਹ ਇਸ ਸਮੱਸਿਆ ਸੰਬੰਧੀ ਕਈ ਵਾਰ ਕੈਬਨਿਟ ਮੰਤਰੀ ਤੇ ਨਗਰ ਕੌਂਸਲ ਪ੍ਰਧਾਨ ਦੇ ਧਿਆਨ ਵਿੱਚ ਮਾਮਲਾ ਲਿਆ ਚੁੱਕੇ ਹਨ, ਪ੍ਰੰਤੂ ਪ੍ਰਸ਼ਾਸਨਕ ਬੇਰੁਖ਼ੀ ਕਾਰਨ ਸਥਿਤੀ 'ਪਰਨਾਲਾ ਉੱਥੇ ਦਾ ਉੱਥੇ ਹੀ' ਵਾਲੀ ਬਣੀ ਹੋਈ ਹੈ।ਲੋਕਾਂ ਨੇ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਰਸਤੇ 'ਤੇ ਤੁਰੰਤ ਟਾਈਲਾਂ ਲਗਾਈਆਂ ਜਾਣ ਤੇ ਸਟਰੀਟ ਲਾਈਟਾਂ ਦਾ ਪੁਖ਼ਤਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਕਿਸੇ ਵੱਡੇ ਹਾਦਸੇ ਤੋਂ ਬਚਾਅ ਹੋ ਸਕੇ।

## ਪਵਨਦੀਪ ਸੁਤੰਤਰਤਾ ਸੈਨਾਨੀ ਉੱਤਰਾਧਿਕਾਰੀ ਪਰਵਾਰ ਸੰਮਤੀ ਮਹਿਲਾ ਵਿੰਗ ਪੰਜਾਬ ਦੀ ਪ੍ਰਧਾਨ ਨਿਯੁਕਤ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਨਿਛਾਵਰ ਕਰਨ ਵਾਲੇ ਮਹਾਨ ਪਰਵਾਨਿਆਂ ਤੇ ਸੁਤੰਤਰਤਾ ਸੈਨਾਨੀਆਂ ਦੇ ਪਰਵਾਰਾਂ ਦੀ ਭਲਾਈ ਲਈ ਨਿਰੰਤਰ ਕਾਰਜਸ਼ੀਲ ਪ੍ਰਮੁੱਖ ਜਥੇਬੰਦੀ ਆਲ ਇੰਡੀਆ ਸੁਤੰਤਰਤਾ ਸੈਨਾਨੀ ਉੱਤਰਾਧਿਕਾਰੀ ਪਰਿਵਾਰ ਸੰਮਤੀ (ਰਜਿ.) ਵੱਲੋਂ ਪਵਨਦੀਪ ਧੂਰੀ ਨੂੰ ਮਹਿਲਾ ਵਿੰਗ ਪੰਜਾਬ ਦੀ ਸੂਬਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਜਥੇਬੰਦੀ ਦੇ ਕੌਮੀ ਜਨਰਲ ਸਕੱਤਰ ਜਿਤੇਂਦਰ ਰਘੂਵੰਸ਼ੀ ਦੇ ਦਸਤਖਤਾਂ ਹੇਠ ਜਾਰੀ ਹੋਏ ਅਧਿਕਾਰਤ ਨਿਯੁਕਤੀ ਪੱਤਰ ਅਨੁਸਾਰ ਪਵਨਦੀਪ ਧੂਰੀ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ।ਆਪਣੀ ਇਸ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਪਵਨਦੀਪ ਧੂਰੀ ਨੇ ਜਥੇਬੰਦੀ ਦੇ ਕੌਮੀ ਪ੍ਰਧਾਨ ਦੇਸ਼ਬੰਧੂ, ਕਾਰਜਕਾਰੀ ਪ੍ਰਧਾਨ ਦਿਜੇਂਦਰ ਮੋਹਨ ਸ਼ਰਮਾ ਤੇ ਕੌਮੀ ਜਨਰਲ ਸਕੱਤਰ ਜਿਤੇਂਦਰ ਰਘੂਵੰਸ਼ੀ ਸਮੇਤ ਸਮੁੱਚੀ ਕੇਂਦਰੀ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਸੂਬੇ ਵਿੱਚ ਸੁਤੰਤਰਤਾ ਸੈਨਾਨੀ ਪਰਵਾਰਾਂ ਨੂੰ ਦਰਪੇਸ਼ ਮਸਲਿਆਂ ਦੇ ਹੱਲ ਲਈ ਦਿਨ-ਰਾਤ ਪੂਰੀ ਤਨਦੇਹੀ, ਇਮਾਨਦਾਰੀ ਤੇ ਲਗਨ ਨਾਲ ਕੰਮ ਕਰਨਗੇ।

## ਪੀ ਐੱਮ ਸ਼੍ਰੀ ਗਰਲਜ਼ ਸਕੂਲ ਨੇ ਜਿੱਤਿਆ ਪਹਿਲਾ ਇਨਾਮ



**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਨਗਰ ਕੌਂਸਲ ਵੱਲੋਂ ਕਰਵਾਈ ਗਈ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਸਥਾਨਕ ਪੀ ਐੱਮ ਸ਼੍ਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਨੇ ਆਪਣੀ ਰਚਨਾਤਮਕ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ।ਸਕੂਲ ਦੀਆਂ ਅਧਿਆਪਕਾਵਾਂ ਸੁਮੀਲਾ, ਤੇਜਕਿਰਨ ਤੇ ਮੋਨਿਕਾ ਦੀ ਅਗਵਾਈ ਅਤੇ ਮਾਰਗਦਰਸ਼ਨ ਹੇਠ ਵਿਦਿਆਰਥਣਾਂ ਵੱਲੋਂ ਬੇਕਾਰ ਪਈਆਂ ਵਸਤੂਆਂ (ਵੇਸਟ ਮਟੀਰੀਅਲ) ਦੀ ਵਰਤੋਂ ਕਰਕੇ ਤਿਆਰ ਕੀਤੀ ਗਈ ਆਕਰਸ਼ਕ ਸਜਾਵਟੀ ਕੰਧ ਨੂੰ ਜੱਜਾਂ ਵੱਲੋਂ ਸਰਵੋਤਮ ਚੁਣਿਆ ਗਿਆ।

## ਪੈਨਸ਼ਨਰਜ ਐਸੋਸੀਏਸ਼ਨ ਦੀ ਮੀਟਿੰਗ



**ਜਲਾਲਾਬਾਦ (ਜੀਤ ਕੁਮਾਰ)**-ਪੈਨਸ਼ਨਰਜ ਐਸੋਸੀਏਸ਼ਨ (ਰਜਿ.) ਦੀ ਮੀਟਿੰਗ ਕਾਰਜਕਾਰੀ ਪ੍ਰਧਾਨ ਦੁਨੀ ਚੰਦ ਬੱਤਰਾ ਦੀ ਅਗੁਵਾਈ ਹੇਠ ਪੈਨਸ਼ਨਰਜ ਭਵਨ ਵਿਖੇ ਕੀਤੀ ਗਈ। ਮੀਟਿੰਗ ਦੀ ਸਟੇਜ ਦੀ ਕਾਰਵਾਈ ਰਾਜ ਕੁਮਾਰ ਸੀਵਾਨ ਨੇ ਚਲਾਈ। ਵੱਖ-ਵੱਖ ਬੁਲਾਰਿਆਂ ਨਿਰਮਲਜੀਤ ਸਿੰਘ ਬਰਾੜ, ਪ੍ਰੇਮ ਪ੍ਰਕਾਸ਼ ਰਿਟ. ਕਾਨੂੰਗੋ, ਪ੍ਰਕਾਸ਼ ਦੋਸ਼ੀ, ਰੰਜੀਵ ਸੇਠੀ, ਸਤੀਸ਼ ਚਰਾਇਆ, ਰਾਜ ਕੁਮਾਰ ਸੀਵਾਨ, ਸੁਰਜੀਤ ਸਿੰਘ, ਦੁਨੀ ਚੰਦ ਬੱਤਰਾ, ਗੁਰਦੀਪ ਸਿੰਘ ਛਾਬੜਾ ਨੇ ਪੈਨਸ਼ਨਰਜ ਦੀਆਂ ਭਖਦੀਆਂ ਹੱਕੀ ਤੇ ਜਾਇਜ਼ ਮੰਗਾਂ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ 8 ਪ੍ਰਤੀਸ਼ਤ ਡੀ.ਏ. ਸਬੰਧੀ ਕੱਢੇ ਗਏ ਗਲਤ ਪੱਤਰਾਂ ਦੀ ਨਿਖੇਧੀ ਕੀਤੀ ਗਈ। 17-7-20 ਦਾ ਪੱਤਰ ਤੇ 15-1-15 ਦਾ ਪੱਤਰ ਵਾਪਸ ਲੈਣ ਅਤੇ ਪੈਨਸ਼ਨਰਾਂ ਦੀ 2.59 ਗਾ ਗੁਣਾਕ ਦੇਣ ਦੀ ਮੰਗ ਕੀਤੀ ਗਈ। ਮੀਟਿੰਗ ਵਿੱਚ 80 ਸਾਲ ਤੋਂ ਵੱਧ ਉਮਰ ਵਾਲੇ ਪੈਨਸ਼ਨਰਜ ਆਪਣਾ ਲਾਈਫ ਸਰਟੀਫਿਕੇਟ ਅਕਤੂਬਰ ਮਹੀਨੇ ਵਿੱਚ ਭਰਨ ਲਈ ਜਾਣਕਾਰੀ ਦਿੱਤੀ ਗਈ। ਮੀਟਿੰਗ ਵਿੱਚ ਹੋਰਾਂ ਤੋਂ ਇਲਾਵਾ ਨਿਰਭੈ ਸਿੰਘ, ਕੇਦਾਰ ਨਾਥ ਨਾਗਪਾਲ, ਅਸ਼ੋਕ ਗਗਨੇਜਾ, ਗੋਪਾਲ ਕ੍ਰਿਸ਼ਨ ਕੁਮਾਰ, ਬਲਬੀਰ ਸਿੰਘ ਰੋਡਵੇਜ, ਓਮ ਪ੍ਰਕਾਸ਼ ਰਿਟ. ਬੀ.ਪੀ.ਈ.ਓ., ਪਿੰਦਰ ਪਾਲ, ਸੁਰਜੀ ਸਿੰਘ, ਸਰਵਨ ਕੁਮਾਰ ਤੇ ਅੰਗਰੇਜ ਸਿੰਘ ਹਾਜ਼ਰ ਸਨ।

## ਸ਼ਹਿਨੂਰ ਬਾਵਾ ਨੇ ਨੌਰਥ ਜ਼ੋਨ ਅਥਲੈਟਿਕ ਚੈਂਪੀਅਨਸ਼ਿਪ 'ਚ ਜਿੱਤੇ ਦੋ ਸੋਨ ਤਮਗੇ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਟੀਫਨ ਇੰਟਰਨੈਸ਼ਨਲ ਸਕੂਲਦੀ ਹੋਣਹਾਰ ਐਥਲੀਟ ਸ਼ਹਿਨੂਰ ਬਾਵਾ ਨੇ ਦੇਹਰਾਦੂਨ ਵਿਖੇ ਕਰਾਈ ਗਈ 37ਵੀਂ ਨੌਰਥ ਜ਼ੋਨ ਐਥਲੈਟਿਕ ਚੈਂਪੀਅਨਸ਼ਿਪ 2026 ਵਿੱਚ ਅੰਡਰ-18 ਵਰਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੋ ਸੋਨ ਤਮਗੇ ਜਿੱਤ ਕੇ ਸਕੂਲ ਅਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ। ਸ਼ਹਿਨੂਰ ਬਾਵਾ ਨੇ 400 ਮੀਟਰ ਦੌੜ ਤੇ 400 ਮੀਟਰ ਰਿਲੇਅ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸੋਨ ਤਮਗੇ ਆਪਣੇ ਨਾਂਅ ਕੀਤੇ।ਉਸ ਦੀ ਇਸ ਸ਼ਾਨਦਾਰ ਪ੍ਰਾਪਤੀ ਨਾਲ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਹੈ।ਸਕੂਲ ਪ੍ਰਬੰਧਨ ਨੇ ਉਸ ਦੀ ਸਫਲਤਾ ਦਾ ਸਿਹਰਾ ਉਸ ਦੀ ਸਖ਼ਤ ਮਿਹਨਤ, ਅਨੁਸ਼ਾਸਨ, ਨਿਯਮਤ ਅਭਿਆਸ ਤੇ ਕੋਚਾਂ ਦੀ ਰਹਿਨੁਮਾਈ ਨੂੰ ਦਿੱਤਾ।ਸਟੀਫਨ ਇੰਟਰਨੈਸ਼ਨਲ ਸਕੂਲ, ਮਹਿਲਾਂ ਦੇ ਚੇਅਰਮੈਨ ਸ਼੍ਰੀ ਦੀਪਕ ਗੁਪਤਾ ਤੇ ਪ੍ਰਿੰਸੀਪਲ ਸ਼੍ਰੀਮਤੀ ਮੋਨਿਕਾ ਸ਼ਰਮਾ ਨੇ ਸ਼ਹਿਨੂਰ ਬਾਵਾ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਦਿਲੋਂ ਵਧਾਈ ਦਿੱਤੀ ਤੇ ਉਸ ਦੇ ਉੱਜਵਲ ਖੇਡ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।ਉਨ੍ਹਾਂ ਕਿਹਾ ਕਿ ਸ਼ਹਿਨੂਰ ਦੀ ਇਹ ਪ੍ਰਾਪਤੀ ਹੋਰ ਵਿਦਿਆਰਥੀਆਂ ਲਈ ਵੀ ਪ੍ਰੇਰਨਾਦਾਇਕ ਹੈ।

## ਚੇਅਰਮੈਨ ਵੱਲੋਂ ਦਾਨਾ ਮੰਡੀ 'ਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ



**ਸਮਾਣਾ (ਇਕਬਾਲ ਸਿੰਘ ਬੱਲ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਅਨਾਜ ਮੰਡੀ ਵਿਖੇ ਝੋਨੇ ਦੀ ਸਰਕਾਰੀ ਖਰੀਦ ਦੀ ਸ਼ੁਰੂਆਤ ਕਰਾਈ ਗਈ।ਉਨ੍ਹਾਂ ਕਿਸਾਨਾਂ ਦਾ ਮੂੰਹ ਮਿੱਠਾ ਕਰਾਇਆ ਤੇ ਮੰਡੀ ਦਾ ਦੌਰਾ ਕਰਕੇ ਝੋਨੇ ਦੀ ਖਰੀਦ ਸਬੰਧੀ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ।ਉਨ੍ਹਾਂ ਵੱਲੋਂ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਸੁਝਾਅ ਵੀ ਸੁਣੇ ਗਏ।ਆੜ੍ਹਤੀ ਐਸੋਸੀਏਸ਼ਨ ਅਤੇ ਇਲਾਕਾ ਨਿਵਾਸੀਆਂ ਵੱਲੋਂ ਹਰਚੰਦ ਸਿੰਘ ਬਰਸਟ ਦਾ ਮੰਡੀ ਪਹੁੰਚਣ 'ਤੇ ਸਵਾਗਤ ਕੀਤਾ ਗਿਆ।ਬਰਸਟ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਝੋਨੇ ਦੀ ਫ਼ਸਲ ਦਾ ਦਾਣਾ-ਦਾਣਾ ਖਰੀਦਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਝੋਨੇ ਦੀ ਖਰੀਦ ਦੌਰਾਨ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਤੇ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਾਰੇ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਗਏ ਹਨ।ਚੇਅਰਮੈਨ ਨੇ ਦੱਸਿਆ ਕਿ ਝੋਨੇ ਦੀ ਸੁਚਾਰੂ ਖਰੀਦ ਲਈ ਸੂਬੇ ਵਿੱਚ 1886 ਮੰਡੀਆਂ ਨੋਟੀਫਾਈ ਕੀਤੀਆਂ ਗਈਆਂ ਹਨ।ਇਸ ਤੋਂ ਇਲਾਵਾ ਫ਼ਸਲ ਦੀ ਆਮਦ ਨੂੰ ਧਿਆਨ ਵਿੱਚ ਰੱਖਦਿਆਂ ਲੋੜ ਅਨੁਸਾਰ ਆਰਜ਼ੀ ਮੰਡੀਆਂ ਵੀ ਸਥਾਪਤ ਕੀਤੀਆਂ ਜਾਣਗੀਆਂ।

## ਗਾਂਧੀ ਜੈਯੰਤੀ ਮੌਕੇ ਵੱਖ-ਵੱਖ ਸ਼ਖ਼ਸੀਅਤਾਂ ਦਾ ਸਨਮਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਮਾਜ ਸੇਵੀ ਤੇ ਕਾਰੋਬਾਰੀ ਸੁਖਦੇਵ ਸਿੰਘ ਪੰਜੇਟਾ ਵੱਲੋਂ ਮਹਾਤਮਾ ਗਾਂਧੀ ਦੀ 157ਵੀਂ ਜੈਯੰਤੀ ਮੌਕੇ ਕਰਾਏ ਗਏ ਸਮਾਗਮ ਦੌਰਾਨ ਬਿਹਾਰ ਦੇ ਸੀਨੀਅਰ ਆਗੂ ਲੋਕ ਜਨ ਸ਼ਕਤੀ ਪਾਰਟੀ (ਪਾਸਵਾਨ) ਦੇ ਆਲ ਇੰਡੀਆ ਦੇ ਜਨਰਲ ਸਕੱਤਰ ਤੇ ਪਾਰਟੀ ਦੇ ਸੀਨੀਅਰ ਆਗੂ ਹਰਦੀਪ ਸਿੰਘ ਗਰੇਵਾਲ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਮਹਾਤਮਾ ਗਾਂਧੀ ਦੇ ਜੀਵਨ, ਸੰਘਰਸ਼ ਤੇ ਸਮਾਜ ਲਈ ਉਨ੍ਹਾਂ ਵੱਲੋਂ ਪਾਏ ਗਏ ਯੋਗਦਾਨ ਨੂੰ ਯਾਦ ਕੀਤਾ ਗਿਆ।ਸਮਾਗਮ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਉਨ੍ਹਾਂ ਨੇ ਸਿੱਖਿਆ, ਸਮਾਜਿਕ ਬਰਾਬਰੀ ਤੇ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਲਈ ਇਤਿਹਾਸਕ ਯੋਗਦਾਨ ਪਾਇਆ।ਆਗੂਆਂ ਵੱਲੋਂ ਸੁਖਦੇਵ ਸਿੰਘ ਪੰਜੇਟਾ ਵੱਲੋਂ ਉਨ੍ਹਾਂ ਵੱਲੋਂ ਸਮਾਜ ਪ੍ਰਤੀ ਕੀਤੀਆਂ ਜਾ ਰਹੀਆਂ ਸੇਵਾਵਾਂ ਸਮਾਜ ਸੇਵੀ ਗਤੀਵਿਧੀਆਂ ਤੇ ਲੋਕ ਭਲਾਈ ਨਾਲ ਜੁੜੇ ਕਾਰਜਾਂ ਦੀ ਸ਼ਲਾਘਾ ਕੀਤੀ ਗਈ।

## ਕਾਂਗਰਸ ਵੱਲੋਂ ਨਸ਼ਿਆਂ ਖਿਲਾਫ ਰੋਸ ਪ੍ਰਦਰਸ਼ਨ ਭਲਕੇ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਵਿੱਚ ਦਿਨ-ਬ-ਦਿਨ ਗੰਭੀਰ ਹੁੰਦੀ ਜਾ ਰਹੀ ਨਸ਼ਿਆਂ ਦੀ ਸਮੱਸਿਆ ਤੇ ਸਰਕਾਰ ਦੀ ਨਸ਼ਾ ਮੁਕਤੀ ਮੁਹਿੰਮ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਉਂਦਿਆਂ ਕਾਂਗਰਸ ਪਾਰਟੀ ਵੱਲੋਂ ਮਹਿਲ ਕਲਾਂ ਵਿਖੇ ਪੰਜਾਬ ਪ੍ਰਦੇਸ਼ ਕਾਂਗਰਸ ਐੱਸ. ਸੀ. ਵਿਭਾਗ ਦੇ ਸੂਬਾ ਆਗੂ ਬੰਨੀ ਖਹਿਰਾ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕੀਤਾ ਗਿਆ।ਖਹਿਰਾ ਨੇ ਕਿਹਾ ਕਿ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਹਲਕਾ ਮਹਿਲ ਕਲਾਂ ਦੇ ਹਰੇਕ ਪਿੰਡ ਵਿੱਚ ਨਸ਼ਾ ਵਿਰੋਧੀ ਕਮੇਟੀਆਂ ਦਾ ਗਠਨ ਕਰਕੇ ਆਮ ਲੋਕਾਂ ਨੂੰ ਇਸ ਮੁਹਿੰਮ ਨਾਲ ਜੋੜਿਆ ਜਾਵੇਗਾ।ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਦੇ ਵਿਰੋਧ ਵਿੱਚ 5 ਅਕਤੂਬਰ ਨੂੰ ਲੁਧਿਆਣਾ-ਬਰਨਾਲਾ ਮੁੱਖ ਮਾਰਗ 'ਤੇ ਸਥਿਤ ਮਹਿਲ ਕਲਾਂ ਬੱਸ ਅੱਡੇ ਵਿਖੇ ਵੱਡਾ ਰੋਸ ਧਰਨਾ ਦਿੱਤਾ ਜਾਵੇਗਾ।ਇਸ ਮੌਕੇ ਗਗਨ ਸਰਾਂ ਕੁਰੜ, ਸਰਬਜੀਤ ਸਿੰਘ ਸਰਬੀ, ਗੁਰਮੇਲ ਸਿੰਘ ਮੇਲਾ ਸਹਿਜੜਾ, ਦੀਪਿੰਦਰ ਸਿੰਘ ਦੀਪਾ, ਸੁਖਬੀਰ ਸਿੰਘ ਕਲਾਲਾ, ਗੁਰਦੀਪ ਸਿੰਘ ਰਾਇਸਰ, ਸੁਖਵਿੰਦਰ ਸਿੰਘ ਸੁੱਖੀ ਵਜੀਦਕੇ, ਹਰਦੀਪ ਸਿੰਘ, ਬਲਜਿੰਦਰ ਸਿੰਘ ਸਹਿਜੜਾ, ਸਰਬਜੀਤ ਸਿੰਘ ਵਜੀਦਕੇ ਆਦਿ ਹਾਜ਼ਰ ਸਨ।

# ਲੋਕ ਮਾਨ ਸਰਕਾਰ ਦੇ ਕੰਮਾਂ ਤੋਂ ਬੇਹੱਦ ਖ਼ੁਸ਼ : ਕਾਕਾ ਬਰਾੜ

### ਖੱਪਿਆਂਵਾਲੀ ਵਿਖੇ ਵੱਡੀ ਗਿਣਤੀ ਪਰਵਾਰ 'ਆਪ' 'ਚ ਸ਼ਾਮਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਹਲਕਾ ਮੁਕਤਸਰ ਦੇ ਪਿੰਡ ਖਪਿਆਂਵਾਲੀ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ, ਜਦੋਂ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਦੇ ਟਕਸਾਲੀ ਪਰਵਾਰਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ।ਇਸ ਦੌਰਾਨ ਵੱਡੇ ਇਕੱਠ ਵਿੱਚ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਸਮੂਹ ਪਰਵਾਰਾਂ ਨੂੰ ਸ਼ਾਮਲ ਕੀਤਾ ਗਿਆ। ਇਸ ਮੌਕੇ ਆਪਣੇ ਸੰਬੋਧਨ ਦੌਰਾਨ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ 2022 ਵਿੱਚ ਜਿਹੜੇ ਪੰਜਾਬ ਵਾਸੀਆਂ ਨਾਲ ਵਾਅਦੇ ਕੀਤੇ ਸੀ, ਉਹ ਵਾਅਦੇ ਸਾਰੇ ਹੀ ਚਾਰਾਂ ਸਾਲਾਂ ਵਿੱਚ ਪੂਰੇ ਕਰ ਦਿੱਤੇ, ਜਿਸ ਤੋਂ ਖ਼ੁਸ਼ ਹੋ ਕੇ ਪੰਜਾਬ ਵਾਸੀ ਮਾਨ ਸਰਕਾਰ ਦੇ ਕੰਮਾਂ ਦੀ ਸ਼ਲਾਘਾ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਸ਼ੁਰੂ ਕੀਤੀ ਗਈਆਂ ਲੋਕ ਭਲਾਈ ਸਕੀਮਾਂ ਦਾ ਲਾਹਾ ਖੱਟ ਰਹੇ ਹਨ।ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਜੋ ਕੰਮ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕਰ ਦਿੱਤੇ, ਨਾ ਹੀ ਕਿਸੇ ਨੇ ਕੀਤੇ ਸੀ ਤੇ ਨਾ ਹੀ ਕਿਸੇ ਨੇ ਕਰਨੇ ਆ।ਇਨ੍ਹਾਂ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਦੂਜੀਆਂ ਪਾਰਟੀਆਂ ਦੇ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।ਇਸ ਮੌਕੇ ਇਕਬਾਲ ਸਿੰਘ, ਬਾਪੂ ਦਲੀਪ ਸਿੰਘ, ਗੁਰਲਾਲ ਸਿੰਘ, ਕੁਲਵੰਤ ਸਿੰਘ, ਸੁਰਜੀਤ ਸਿੰਘ, ਗੁਰਮੀਤ ਸਿੰਘ, ਬਲਵਿੰਦਰ ਸਿੰਘ, ਜਗਮੀਤ ਸਿੰਘ, ਭੋਲਾ ਸਿੰਘ, ਸੰਨੀ, ਰਵੀ, ਵੀਰੂ, ਸਤਨਾਮ ਸੱਤਾ, ਸਤਨਾਮ ਸਿੰਘ ਤੇ ਦਿਲਬਾਗ ਸਿੰਘ ਨੇ ਅਕਾਲੀ ਦਲ ਤੇ ਕਾਂਗਰਸ ਨੂੰ ਅਲਵਿਦਾ ਆਖ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕੀਤੀ, ਜਿਨ੍ਹਾਂ ਦਾ ਭਰਵਾਂ ਸਵਾਗਤ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਕੀਤਾ ਗਿਆ।'ਆਪ' ਵਿੱਚ ਸ਼ਮੂਲੀਅਤ ਕਰਨ ਵਾਲੇ ਪਰਵਾਰਾਂ ਨੇ ਵਿਧਾਇਕ ਕਾਕਾ ਬਰਾੜ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਦਿਨ ਰਾਤ ਮਿਹਨਤ ਕਰਨਗੇ।

## ਚੇਅਰਮੈਨ ਉਜਾਗਰ ਸਿੰਘ ਜੱਗਾ ਦੀ ਸੇਵਾ-ਮੁਕਤੀ 'ਤੇ ਸਨਮਾਨ ਸਮਾਰੋਹ



**ਦਿੜ੍ਹਬਾ (ਜਸਵੀਰ ਲਾਡੀ)**-ਸਥਾਨਕ ਅਮਰ ਰੈਸਟੋਰੈਂਟ ਵਿਖੇ ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਪੰਜਾਬ ਦੇ ਚੇਅਰਮੈਨ ਤੇ ਬ੍ਰਾਂਚ ਸੁਨਾਮ ਦੇ ਚੇਅਰਮੈਨ ਸ. ਉਜਾਗਰ ਸਿੰਘ ਜੱਗਾ ਵਿਭਾਗ ਵਿੱਚੋਂ ਆਪਣੀ 33 ਸਾਲਾ ਸ਼ਾਨਾਮੱਤੀ ਸੇਵਾ ਨਿਭਾਉਂਦੇ ਹੋਏ ਸੇਵਾ ਨਵਿਰਤ ਹੋਣ ਉਪਰੰਤ ਬ੍ਰਾਂਚ-ਸੁਨਾਮ ਵੱਲੋਂ ਉਨ੍ਹਾਂ ਨੂੰ ਸਨਮਾਨਤ ਕਰਨ ਲਈ ਸਨਮਾਨ ਸਮਾਰੋਹ ਕੀਤਾ ਗਿਆ। ਸਨਮਾਨ ਸਮਾਰੋਹ ਵਿੱਚ ਜਥੇਬੰਦੀ ਦੀ ਮੌਜੂਦਾ ਤੇ ਸਾਬਕਾ ਸੂਬਾਈ ਲੀਡਰਸਿਪ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ, ਵੱਖ-ਵੱਖ ਬ੍ਰਾਂਚਾਂ, ਭਰਾਤਰੀ ਜਥੇਬੰਦੀਆਂ ਦੇ ਆਗੂ ਸਾਹਿਬਾਨ ਤੇ ਵਿਭਾਗੀ ਦਫਤਰੀ ਅਮਲੇ ਨੇ ਭਰਵੀਂ ਸ਼ਮੂਲੀਅਤ ਕੀਤੀ।

ਗੁਰਚਰਨ ਸਿੰਘ 'ਅਕੋਈ ਸਾਹਿਬ' ਵੱਲੋਂ ਉਜਾਗਰ ਸਿੰਘ ਦੀ ਸੰਖੇਪ ਰੂਪ ਵਿੱਚ ਜੀਵਨ ਸ਼ੈਲੀ, ਜਥੇਬੰਦਕ ਸਫਾਵਾਂ ਵਿੱਚ ਭੂਮਿਕਾ, ਵਿਭਾਗੀ ਸੇਵਾਵਾਂ, ਭਰਾਤਰੀ ਭਾਗੀਦਾਰੀ, ਲੋਕ ਪੱਖੀ ਤੇ ਇਨਸਾਫ ਪਸੰਦ ਲਹਿਰਾਂ ਵਿੱਚ ਸਰਗਰਮੀ ਤੇ ਸਮਾਜਿਕ ਖੇਤਰ ਵਿੱਚ ਪਾਏ ਯੋਗਦਾਨ ਆਦਿ ਨੂੰ ਛੂੰਹਦਾ ਸਨਮਾਨ ਪੱਤਰ ਪੜ੍ਹਨ ਉਪਰੰਤ ਬ੍ਰਾਂਚ ਸੁਨਾਮ ਵੱਲੋਂ ਸੂਬਾਈ ਲੀਡਰਸ਼ਿੱਪ ਦੇ ਸਹਿਯੋਗ ਨਾਲ ਸਨਮਾਨ ਪੱਤਰ ਜੱਗਾ ਨੂੰ ਭੇਟ ਕਰਕੇ ਸਮਾਰੋਹ ਦੀ ਸ਼ੁਰੂਆਤ ਕੀਤੀ।ਇਸ ਮੌਕੇ ਮਹਿਮਾ ਸਿੰਘ ਧਨੌਲਾ, ਰਾਮ ਜੀ ਸਿੰਘ ਭਲਾਈਆਣਾ, ਰਾਮ ਸਿੰਘ ਰਣਕੋਟੀ, ਜੋਗਿੰਦਰ ਸਮਾਘ, ਬੱਬਨਪਾਲ ਸੰਗਰੂਰ, ਨਛੱਤਰ ਚੱਠਾ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਜ਼ਿਲ੍ਹਾ ਸੰਗਰੂਰ ਦੇ ਆਗੂ ਸੁਖਵਿੰਦਰ ਗਿਰ, ਮੇਘ ਰਾਜ, ਸਮਸ਼ੇਰ ਬਡਰੁੱਖਾਂ, ਭਰਾਤਰੀ ਆਗੂ ਸੁਖਦੇਵ ਚੰਗਾਲੀਵਾਲਾ, ਜਸਵੰਤ ਅਸਮਾਨੀ, ਭਰਪੂਰ ਛਾਜਲੀ, ਪਵਨ ਪਾਤੜਾਂ, ਮਨਿੰਦਰ ਜੇ. ਈ. ਆਦਿ ਤੋਂ ਇਲਾਵਾ ਜਥੇਬੰਦੀ ਦੇ ਭੂਰਾ ਸਿੰਘ ਭੰਗੂ, ਸੁਖਚੈਨ ਚੱਠਾ, ਦਰਸ਼ਨ ਜਨਾਲ, ਗੁਰਸੇਵਕ ਕਣਕਵਾਲ, ਅਮਰਜੀਤ ਢੰਢੋਲੀ, ਰਵਿੰਦਰ ਸੰਗਰੂਰ, ਮੱਖਣ ਗਿੱਦੜਬਾਹਾ ਆਦਿ ਨੇ ਸ੍ਰ. ਜੱਗਾ ਜੀ ਦੇ ਹਰ ਖੇਤਰ ਵਿੱਚ ਪੂਰੀ ਸ਼ਿੱਦਤ ਨਾਲ ਕੀਤੀਆਂ ਗਤੀਵਿਧੀਆਂ ਦੀ ਸ਼ਲਾਘਾ ਕਰਦੇ ਹੋਏ ਭਵਿੱਖ ਵਿੱਚ ਲੋਕ ਲਹਿਰਾਂ ਨਾਲ ਜੁੜੇ ਰਹਿਣ ਦੀ ਕਾਮਨਾ ਕੀਤੀ।

## ਅਸਲੇ ਤੇ ਨਸ਼ੀਲੇ ਪਦਾਰਥਾਂ ਸਣੇ 2 ਗ੍ਰਿਫਤਾਰ

**ਜਲਾਲਾਬਾਦ (ਜੀਤ ਕੁਮਾਰ)**-ਪੁਲਸ ਵੱਲੋਂ ਕੱਲ੍ਹ ਦੇਰ ਸ਼ਾਮ ਨੂੰ ਜਲਾਲਾਬਾਦ ਸ਼ਹਿਰ ਵਿੱਚੋਂ 2 ਵਿਅਕਤੀਆਂ ਨੂੰ ਇਕ ਦੇਸੀ ਕੱਟਾ, 20 ਨਸ਼ੀਲੀਆਂ ਗੋਲੀਆਂ, ਇਕ ਮੋਟਰਸਾਈਕਲ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸੁਨੀਲ ਕੁਮਾਰ ਨੇ ਦੱਸਿਆ ਕਿ ਪੁਲਸ ਪਾਰਟੀ ਗਸ਼ਤ ਦੇ ਦੌਰਾਨ ਜਲਾਲਾਬਾਦ ਸ਼ਹਿਰ ਵਿੱਚ ਮੌਜੂਦ ਸੀ ਤੇ ਇਸ ਦੌਰਾਨ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਅਕਾਸ਼ਦੀਪ ਸਿੰਘ ਅਤੇ ਸੋਨਾ ਸਿੰਘ ਉਰਫ ਸੋਨੂੰ ਕੋਲ ਨਜਾਇਜ਼ ਪਿਸਟਲ ਹੈ, ਜੋ ਲਾਇਟਾਂ ਵਾਲਾ ਚੌਕ ਜਲਾਲਾਬਾਦ ਖੜੇ ਹਨ, ਜੋ ਇਤਲਾਹ ਠੋਸ ਹੋਣ ਤੇ ਪੁਲਸ ਪਾਰਟੀ ਨੇ ਮੌਕੇ 'ਤੇ ਰੇਡ ਕਰਕੇ ਕਾਬੂ ਕੀਤਾ ਤੇ ਉਸ ਪਾਸੋਂ ਇਕ ਦੇਸੀ ਕੱਟਾ, ਬਿਨਾਂ ਮਾਰਕਾ, 2 ਪੱਤਿਆਂ ਵਿੱਚ 20 ਨਸ਼ੇ ਦੀਆਂ ਗੋਲੀਆਂ ਤੇ ਇਕ ਮੋਟਰ ਸਾਇਕਲ ਬਰਾਮਦ ਕੀਤਾ ਗਿਆ ਹੈ।

ਪੁਲਸ ਨੇ ਅਕਾਸ਼ਦੀਪ ਸਿੰਘ ਪੁਤਰ ਪਰਮਜੀਤ ਸਿੰਘ ਵਾਸੀ ਪਿੰਡ ਅਰਨੀਵਾਲਾ ਢਾਣੀ ਫੁੰਮਣ ਸਿੰਘ ਥਾਣਾ ਵੈਰੋਕੇ ਤੇ ਸੋਨਾ ਸਿੰਘ ਉਰਫ ਸੋਨੂੰ ਪੁਤਰ ਪੰਜਾਬ ਸਿੰਘ ਵਾਸੀ ਬਾਦਲ ਕੇ ਉਤਾੜ ਨੂੰ ਕਾਬੂ ਕਰਨ ਉਪਰੰਤ ਥਾਣਾ ਸਿਟੀ ਜਲਾਲਾਬਾਦ ਵਿਖੇ ਮੁਕੱਦਮਾ ਨੰਬਰ 188 ਮਿਤੀ 1 ਅਕਤੂਬਰ 2026 ਨੂੰ ਧਾਰਾ 25/54/59 ਅਸਲਾ ਐਕਟ, 22/61/85 ਐਨ.ਡੀ.ਪੀ.ਐਸ. ਐਕਟ ਅਧੀਨ ਦਰਜ ਕੀਤਾ ਗਿਆ ਹੈ।

## ਨਸ਼ਾ ਵਿਰੋਧੀ ਤੇ ਸੜਕ ਸੁਰੱਖਿਆ ਸੰਬੰਧੀ ਜਾਗਰੂਕਤਾ ਪ੍ਰੋਗਰਾਮ ਕਰਾਇਆ

**ਸਰਦੂਲਗੜ੍ਹ (ਅਵਤਾਰ ਜਟਾਣਾ)**-ਮਾਲਵਾ ਗਰੁੱਪ ਆਫ਼ ਕਾਲਜਿਜ਼, ਸਰਦੂਲੇਵਾਲਾ ਵਿਖੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ, ਸਮਾਜਿਕ ਬੁਰਾਈਆਂ, ਸਿਹਤਮੰਦ ਜੀਵਨ-ਸ਼ੈਲੀ ਤੇ ਸੜਕ ਸੁਰੱਖਿਆ ਨਿਯਮਾਂ ਪ੍ਰਤੀ ਜਾਗਰੂਕ ਕਰਨ ਲਈ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਕਰਾਇਆ ਗਿਆ।ਏ.ਐਸ.ਆਈ. ਗੁਰਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਨਸ਼ਿਆਂ ਕਾਰਨ ਵਿਅਕਤੀ, ਪਰਵਾਰ ਤੇ ਸਮਾਜ ਉੱਤੇ ਪੈਣ ਵਾਲੇ ਨਕਾਰਾਤਮਕ ਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਉਨ੍ਹਾਂ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਸਿੱਖਿਆ ਵੱਲ ਧਿਆਨ ਦੇਣ, ਖੇਡਾਂ ਅਤੇ ਸਰੀਰਕ ਗਤੀਵਿਧੀਆਂ ਵਿੱਚ ਭਾਗ ਲੈਣ ਤੇ ਚੰਗੀਆਂ ਆਦਤਾਂ ਅਪਣਾਉਣ ਲਈ ਪ੍ਰੇਰਿਤ ਕੀਤਾ।ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਤੇ ਸੜਕ ਸੁਰੱਖਿਆ ਬਾਰੇ ਵੀ ਜਾਗਰੂਕ ਕੀਤਾ ਗਿਆ।ਉਨ੍ਹਾਂ ਨੂੰ ਹੈਲਮਟ ਤੇ ਸੀਟ ਬੈਲਟ ਦੀ ਲਾਜ਼ਮੀ ਵਰਤੋਂ ਕਰਨ, ਤੇਜ਼ ਰਫ਼ਤਾਰ ਤੋਂ ਬਚਣ ਤੇ ਡਰਾਈਵਿੰਗ ਦੌਰਾਨ ਮੋਬਾਈਲ ਫੋਨ ਦੀ ਵਰਤੋਂ ਨਾ ਕਰਨ ਦੀ ਅਪੀਲ ਕੀਤੀ ਗਈ।ਮੈਨੇਜਿੰਗ ਡਾਇਰੈਕਟਰ ਰਾਜ ਸੋਢੀ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੇ ਹੋਰ ਸਮਾਜਿਕ ਬੁਰਾਈਆਂ ਤੋਂ ਬਚਾਉਣਾ ਸਾਡੇ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀ ਦੇਸ਼ ਤੇ ਸਮਾਜ ਦਾ ਭਵਿੱਖ ਹਨ ਤੇ ਉਨ੍ਹਾਂ ਨੂੰ ਸਹੀ ਦਿਸ਼ਾ ਦੇਣ ਲਈ ਸਿੱਖਿਆ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ ਤੇ ਸਿਹਤਮੰਦ ਜੀਵਨ-ਸ਼ੈਲੀ ਪ੍ਰਤੀ ਜਾਗਰੂਕ ਕਰਨਾ ਵੀ ਜ਼ਰੂਰੀ ਹੈ।ਮੈਨੇਜਿੰਗ ਡਾਇਰੈਕਟਰ ਰਾਜ ਸੋਢੀ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਖੇਡਾਂ ਤੇ ਸਿੱਖਿਆ ਨਾਲ ਜੁੜਨ ਤੇ ਇੱਕ ਜ਼ਿੰਮੇਵਾਰ ਨਾਗਰਿਕ ਵਜੋਂ ਸਮਾਜ ਵਿੱਚ ਆਪਣੀ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ।

## ਕੇਂਦਰ ਸਰਕਾਰ ਵੱਲੋਂ ਫ਼ਸਲਾਂ ਦੇ ਮਾਮੂਲੀ ਵਧਾਏ ਰੇਟ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵੱਲੋਂ ਰੱਦ



**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**-ਕੇਂਦਰ ਸਰਕਾਰ ਵੱਲੋਂ 6 ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ ਕੀਤੇ ਵਾਧੇ ਨੂੰ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਨੇ ਨਿਗੂਣਾ ਕਰਾਰ ਦਿੰਦਿਆਂ ਰੱਦ ਕਰ ਦਿੱਤਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕਣਕ ਦੇ ਭਾਅ ਵਿੱਚ ਸਿਰਫ 25 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕਿਸਾਨਾਂ ਨਾਲ ਇੱਕ ਕੋਝਾ ਮਜ਼ਾਕ ਹੈ। ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜੋਗਾ ਸਿੰਘ ਭੋਡੀਪੁਰ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਗੁਰਵਿੰਦਰ ਸਿੰਘ ਮੰਨੇਵਾਲਾ, ਬਲਾਕ ਪ੍ਰਧਾਨ ਰਾਮ ਸਿੰਘ ਮੱਕੜ ਤੇ ਬਲਾਕ ਸਕੱਤਰ ਸੁਰਿੰਦਰ ਸਿੰਘ ਪੀਰੇ ਕੇ ਨੇ ਕਿਹਾ ਕਿ ਪੰਜਾਬ ਵਿੱਚ ਕਿਸਾਨਾਂ ਦੀ ਮੁੱਖ ਫਸਲ ਕਣਕ ਹੈ। ਖੇਤੀ ਲਾਗਤਾਂ 'ਚ ਲਗਾਤਾਰ ਵਾਧੇ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਕਣਕ ਦੇ ਭਾਅ ਵਿੱਚ ਮਾਮੂਲੀ ਵਾਧਾ ਕਰਨਾ ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਨਜ਼ਰਅੰਦਾਜ਼ ਕਰਨ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਡੀਜ਼ਲ, ਪੈਟਰੋਲ, ਖਾਦਾਂ, ਬੀਜਾਂ ਅਤੇ ਕੀਟਨਾਸ਼ਕ ਤੇ ਨਦੀਨ ਨਾਸ਼ਕ ਦਵਾਈਆਂ ਦੀਆਂ ਕਿਮਤਾਂ ਵਿਚ ਵਾਧਾ ਕਾਰਨਾ, ਖੇਤੀ ਲਾਗਤਾਂ ਵਿੱਚ ਪਹਿਲਾਂ ਹੀ ਦੋ ਗੁਣਾ ਵਾਧਾ ਹੋ ਚੁੱਕਿਆ ਹੈ। ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਗੁਰਵਿੰਦਰ ਸਿੰਘ ਮੰਨੇਵਾਲਾ ਨੇ ਕਿਹਾ ਕਿ ਉਹ ਐਲਾਨੇ ਭਾਅ ਨੂੰ ਮੁੱਢੋਂ ਰੱਦ ਕਰਦੇ ਹਨ। ਕਿਸਾਨ ਆਗੂ ਨੇ ਕਿਹਾ ਕਿ ਸਵਾਮੀਨਾਥਨ ਦੀ ਰਿਪੋਰਟ ਨੂੰ ਆਧਾਰ ਮੰਨਦਿਆਂ 3 2+ ਨੂੰ ਆਧਾਰ ਮੰਨ ਕੇ ਖੇਤੀ ਫਸਲਾਂ ਦੇ ਰੇਟ ਤੈਅ ਕੀਤੇ ਜਾਣ, ਨਹੀਂ ਤਾਂ ਕਿਸਾਨ ਕਣਕ ਦਾ ਵਾਜਬ ਮੁੱਲ ਲੈਣ ਲਈ ਸੰਘਰਸ਼ ਕਰਨਗੇ। ਕਿਸਾਨ ਆਗੂਆਂ ਨੇ ਖੇਤੀ ਮੰਤਰੀ ਨੂੰ ਕਿਹਾ ਕਿ ਉਹ ਸਰਕਾਰ ਦੇ ਗੁਣ ਗਾਉਣ ਦੀ ਬਜਾਏ ਗਰਾਊਂਡ ਲੈਵਲ ਤੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਸਥਿਤੀ ਨੂੰ ਸਮਝਣ ਅਤੇ ਕਿਸਾਨਾਂ ਮਜ਼ਦੂਰਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ। ਕਿਸਾਨ ਆਗੂਆਂ ਨੇ ਕਿਹਾ ਕਿ ਮਹਿੰਗਾਈ ਦੇ ਮੌਜੂਦਾ ਦੌਰ ਵਿੱਚ ਫਸਲਾਂ ਦਾ ਵਾਜਬ ਭਾਅ ਨਾ ਮਿਲਣਾ, ਕਿਸਾਨਾਂ ਤੇ ਖੇਤ ਮਜ਼ਦੂਰਾਂ ਨਾਲ ਬਹੁਤ ਵਡਾ ਧੱਕਾ ਹੈ। ਵਾਜਬ ਤੇ ਲਾਹੇਵੰਦ ਭਾਅ ਲੈਣਾ ਕਿਸਾਨਾਂ ਦਾ ਹੱਕ ਹੈ।

## ਰਿਟਾਇਰਡ ਰੈਵੀਨਿਊ ਇੰਪਲਾਈਜ਼ ਐਸੋਸੀਏਸ਼ਨ ਦੀ ਜ਼ਿਲ੍ਹਾ ਪੱਧਰੀ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਰਿਟਾਇਰਡ ਰੈਵੀਨਿਊ ਇੰਪਲਾਈਜ਼ ਐਸੋਸੀਏਸ਼ਨ ਜ਼ਿਲ੍ਹਾ ਮੋਗਾ ਦੀ ਮੀਟਿੰਗ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਐਸੋਸੀਏਸ਼ਨ ਦੇ ਪ੍ਰਧਾਨ ਅਸ਼ੋਕ ਵਰਮਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਰਿਟਾਇਰਡ ਕਰਮਚਾਰੀਆਂ ਦੀਆਂ ਵੱਖ-ਵੱਖ ਸਮੱਸਿਆਵਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਕਈ ਅਹਿਮ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ।ਮੀਟਿੰਗ ਵਿੱਚ ਰਿਟਾਇਰਡ ਨਾਇਬ ਤਹਿਸੀਲਦਾਰ ਪ੍ਰਸ਼ੋਤਮ ਲਾਲ ਸ਼ਰਮਾ (ਸੀਨੀਅਰ ਮੀਤ ਪ੍ਰਧਾਨ), ਭੂਸ਼ਨ ਗੋਇਲ (ਜਨਰਲ ਸਕੱਤਰ), ਰੂਪ ਸਿੰਘ ਚੜਿੱਕ (ਮੁੱਖ ਸਲਾਹਕਾਰ), ਪਰਮਜੀਤ ਸਿੰਘ, ਰਾਕੇਸ਼ ਸ਼ਰਮਾ, ਪਵਿੱਤਰ ਸਿੰਘ, ਨਿਰਮਲ ਸਿੰਘ, ਦਿਲਬਾਗ ਸਿੰਘ ਗਿੱਲ, ਸੁਰਿੰਦਰ ਪਾਲ ਸਿੰਘ, ਸਰਜੀਤ ਸਿੰਘ, ਸਾਰੇ ਕਾਨੂੰਨਗੋ, ਬਹਾਦਰ ਸਿੰਘ, ਕ੍ਰਿਸ਼ਨ ਸਿੰਘ ਕਟਾਰੀਆ (ਪ੍ਰੈੱਸ ਸਕੱਤਰ), ਸ਼ਿੰਦਰ ਸਿੰਘ (ਸੰਗਠਨ ਸਕੱਤਰ), ਦਰਸ਼ਨ ਚੰਦ ਸ਼ਰਮਾ (ਸਹਾਇਕ ਖਜ਼ਾਨਚੀ), ਮਨਜੀਤ ਸਿੰਘ ਰੋਡੇ, ਇਕਬਾਲ ਸਿੰਘ ਸਮੇਤ ਹੋਰ ਪਟਵਾਰੀ ਹਾਜ਼ਰ ਸਨ। ਮੀਟਿੰਗ ਦੌਰਾਨ ਪਹਿਲੀ ਵਾਰ ਸ਼ਾਮਲ ਹੋਏ ਹਰੀਕ੍ਰਿਸ਼ਨ ਸਿੰਘ ਰਿਟਾਇਰਡ ਸਦਰ ਕਾਨੂੰਨਗੋ, ਨੇਤਰ ਪਾਲ ਸਿੰਘ ਰਿਟਾਇਰਡ ਸਦਰ ਕਾਨੂੰਨਗੋ, ਰਵੀ ਕੁਮਾਰ ਸ਼ਰਮਾ ਰਿਟਾਇਰਡ ਕਾਨੂੰਨਗੋ, ਬਲਵਿੰਦਰ ਸਿੰਘ ਪੁਰਬਾ ਰਿਟਾਇਰਡ ਕਾਨੂੰਨਗੋ ਤੇ ਹਰਬੰਸ ਸਿੰਘ ਰਿਟਾਇਰਡ ਕਾਨੂੰਨਗੋ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਤੋਂ ਇਲਾਵਾ ਵਿਦੇਸ਼ ਗਏ ਐਸੋਸੀਏਸ਼ਨ ਦੇ ਸਾਥੀ ਜਸਵੰਤ ਸਿੰਘ ਰਿਟਾਇਰਡ ਨਾਇਬ ਤਹਿਸੀਲਦਾਰ, ਜਤਿੰਦਰ ਪਾਲ ਸਿੰਘ ਨਾਰੰਗ ਕੈਸ਼ੀਅਰ, ਬਲਵਿੰਦਰ ਸਿੰਘ ਰੋਡੇ, ਸੁਰਿੰਦਰ ਸਿੰਘ ਬੇਦੀ, ਸੁਖਵਿੰਦਰ ਸਿੰਘ ਗਰੇਵਾਲ, ਸੁਖਚੈਨ ਸਿੰਘ, ਬਖ਼ਤਾਵਰ ਸਿੰਘ ਮੱਲ੍ਹੀ ਤੇ ਕੁਲਦੀਪ ਕੁਮਾਰ ਸ਼ਰਮਾ ਨੇ ਆਨਲਾਈਨ ਮੀਟਿੰਗ ਵਿਚ ਸ਼ਮੂਲੀਅਤ ਕੀਤੀ। ਮੀਟਿੰਗ ਵਿਚ ਪਾਸ ਕੀਤੇ ਗਏ ਮਤਿਆਂ ਵਿਚ ਪਟਵਾਰੀ ਬਲਜੀਤ ਸਿੰਘ ਲੰਗਿਆਣਾ ਤੇ ਮੋਗਾ ਦੇ ਪ੍ਰਸਿੱਧ ਵਿਅੰਗਕਾਰ ਕੇ. ਐੱਲ. ਗਰਗ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਇਸ ਮੌਕੇ ਪਵਿੱਤਰ ਸਿੰਘ ਰਿਟਾਇਰਡ ਕਾਨੂੰਨਗੋ ਦੇ ਧਰਮਕੋਟ ਤੋਂ ਰਿਟਾਇਰ ਹੋਣ ਉਪਰੰਤ ਬਕਾਇਆ ਜੀ.ਆਈ.ਐੱਸ. ਰਾਸ਼ੀ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ ਗਈ।ਮੀਟਿੰਗ ਦੌਰਾਨ ਐਸੋਸੀਏਸ਼ਨ ਵਿੱਚ ਸ਼ਾਮਲ ਹੋਏ ਨਵੇਂ ਮੈਂਬਰ ਹਰੀਕ੍ਰਿਸ਼ਨ ਸਿੰਘ, ਨੇਤਰ ਪਾਲ ਸਿੰਘ, ਹਰਬੰਸ ਸਿੰਘ, ਰਵੀ ਕੁਮਾਰ ਸ਼ਰਮਾ ਤੇ ਬਲਵਿੰਦਰ ਸਿੰਘ ਪੁਰਬਾ ਨੂੰ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ।

## ਭਾਸ਼ਾ ਵਿਭਾਗ ਦੇ ਮਸਲੇ ਦਾ ਤੁਰੰਤ ਹੱਲ ਕਰੇ ਸਰਕਾਰ : ਹਰਚੰਦਪੁਰੀ, ਨਿਰਾਲਾ

### ਜ਼ਫ਼ਰ ਖ਼ਿਲਾਫ਼ ਜਾਰੀ ਕਾਰਨ ਦੱਸੋ ਨੋਟਿਸ ਵਾਪਸ ਲੈਣ ਦੀ ਮੰਗ



**ਧੂਰੀ (ਮਨੋਹਰ ਸਿੰਘ ਸੱਗੂ/ਮੋਹਿਤ ਗਰਗ)**-ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਸੇਖੋਂ ਨੇ ਸਿੱਖਿਆ ਵਿਭਾਗ ਦੀ ਪ੍ਰਬੰਧਕੀ ਸਕੱਤਰ ਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਵਿਚਕਾਰ ਚੱਲ ਰਹੇ ਕਥਿਤ ਵਿਵਾਦ ਦਾ ਤੁਰੰਤ ਹੱਲ ਕਰਨ ਦੀ ਮੰਗ ਕੀਤੀ ਹੈ।ਸਭਾ ਦੇ ਪ੍ਰਧਾਨ ਪਵਨ ਹਰਚੰਦਪੁਰੀ ਤੇ ਜਨਰਲ ਸਕੱਤਰ ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਕਿਹਾ ਕਿ ਆਪਸੀ ਤਣਾਅ ਕਾਰਨ ਭਾਸ਼ਾ ਵਿਭਾਗ ਦੇ ਕੰਮ ਪ੍ਰਭਾਵਿਤ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਜ਼ਫ਼ਰ ਵੱਲੋਂ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਆਪਣੇ ਪੱਖ ਤੇ ਵਿਭਾਗ ਦੇ ਕੰਮਾਂ ਵਿੱਚ ਆ ਰਹੀਆਂ ਰੁਕਾਵਟਾਂ ਬਾਰੇ ਜਾਣੂ ਕਰਵਾਇਆ ਗਿਆ ਹੈ। ਸਭਾ ਨੇ ਜ਼ਫ਼ਰ ਖ਼ਿਲਾਫ਼ ਜਾਰੀ ਕਾਰਨ ਦੱਸੋ ਨੋਟਿਸ ਵਾਪਸ ਲੈਣ ਦੀ ਮੰਗ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਤੇ ਉੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਨਿੱਜੀ ਦਖ਼ਲ ਦੀ ਮੰਗ ਕੀਤੀ ਹੈ।ਆਗੂਆਂ ਨੇ ਭਾਸ਼ਾ ਵਿਭਾਗ ਨੂੰ ਬਣਦਾ ਬਜਟ ਦੇਣ, ਚੌਥਾ ਦਰਜਾ ਅਮਲਾ ਭਰਤੀ ਕਰਨ ਤੇ ਭਰਤੀ ਕੀਤੇ 36 ਭਾਸ਼ਾ ਖੋਜ ਅਫ਼ਸਰਾਂ ਨੂੰ ਤਾਇਨਾਤ ਕਰਨ ਦੀ ਵੀ ਮੰਗ ਕੀਤੀ।

## ਭਾਰਤੀ ਯੋਗ ਸੰਸਥਾਨ ਨੇ ਯੋਗ ਦਿਵਸ ਮਨਾਇਆ

**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਸੁਖਦੇਵ ਧੂਰੀ)**-ਭਾਰਤੀ ਯੋਗ ਸੰਸਥਾਨ ਧੂਰੀ ਵੱਲੋਂ ਯੋਗ ਜ਼ਿਲ੍ਹਾ ਪ੍ਰਧਾਨ ਮਦਨ ਲਾਲ ਬਾਂਸਲ ਦੀ ਅਗਵਾਈ ਹੇਠ ਸਥਾਨਕ ਸ਼ਾਂਤੀ ਨਿਕੇਤਨ ਹਾਲ ਰਾਮ ਬਾਗ ਵਿਖੇ 60ਵਾਂ ਯੋਗ ਦਿਵਸ ਮਨਾਇਆ ਗਿਆ।ਸਮਾਗਮ ਵਿੱਚ ਸਨਾਤਨ ਧਰਮ ਸਭਾ ਤੇ ਮਹੇਸ਼ ਬਿਰਧ ਆਸ਼ਰਮ ਵਿੱਚ ਚੱਲ ਰਹੀਆਂ ਯੋਗ ਕਲਾਸਾਂ ਦੇ ਸਾਧਕਾਂ ਨੇ ਵੀ ਸ਼ਮੂਲੀਅਤ ਕੀਤੀ।ਜ਼ਿਲ੍ਹਾ ਸੰਗਠਨ ਮੰਤਰੀ ਮਹਿੰਦਰ ਕੁਮਾਰ ਗਰਗ ਨੇ ਸੂਖਮ ਕਿਰਿਆਵਾਂ ਕਰਵਾਈਆਂ, ਜਦਕਿ ਨਿਸ਼ੀ ਗੋਇਲ ਨੇ ਆਸਣ, ਪ੍ਰਾਣਾਯਾਮ ਤੇ ਧਿਆਨ ਦੀਆਂ ਕਿਰਿਆਵਾਂ ਕਰਵਾਈਆਂ।ਮਦਨ ਲਾਲ ਬਾਂਸਲ ਨੇ ਯੋਗ ਨੂੰ ਜੀਵਨ ਦਾ ਅਹਿਮ ਹਿੱਸਾ ਬਣਾਉਣ ਤੇ ਰੋਜ਼ਾਨਾ ਯੋਗ ਕਰਨ ਦਾ ਸੱਦਾ ਦਿੱਤਾ।ਇਸ ਮੌਕੇ 'ਯੋਗ ਕਰੋ, ਨਿਰੋਗ ਰਹੋ' ਦੇ ਨਾਅਰੇ ਲਾਏ ਗਏ।ਅੰਤ ਵਿੱਚ ਗੁਰਦਿਆਲ ਨਿਰਮਾਣ ਨੇ ਗੀਤ ਪੇਸ਼ ਕੀਤਾ।ਸਮਾਗਮ ਵਿੱਚ ਸਰੋਜ ਗਰਗ, ਨਰੇਸ਼ ਕੁਮਾਰ ਗਰਗ, ਬ੍ਰਿਜਿੰਦਰ ਸਿੰਘ ਤੇ ਹੋਰ ਸਾਧਕ ਹਾਜ਼ਰ ਸਨ।

## ਸੀਨੀਅਰ ਸਿਟੀਜ਼ਨ ਦਿਵਸ ਮੌਕੇ ਸੁਪਰ ਸੀਨੀਅਰ ਮੈਂਬਰਾਂ ਦਾ ਸਨਮਾਨ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ, ਸੁਖਦੇਵ ਧੂਰੀ)**-ਸੀਨੀਅਰ ਸਿਟੀਜਨ ਆਫ਼ ਧੂਰੀ ਵੈੱਲਫ਼ੇਅਰ ਐਸੋਸੀਏਸ਼ਨ ਰਾਮ ਬਾਗ ਧੂਰੀ ਦੀ ਮੀਟਿੰਗ ਯੋਗਾ ਹਾਲ ਰਾਮ ਬਾਗ ਵਿਖੇ ਸੁਖਵੀਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਇੱਕ ਅਕਤੂਬਰ 2026 ਨੂੰ ਅੰਤਰਰਾਸ਼ਟਰੀ ਸੀਨੀਅਰ ਸਿਟੀਜਨ ਦਿਵਸ ਹੋਣ ਕਰਕੇ ਚਾਰ ਸਤਿਕਾਰਯੋਗ ਸੁਪਰ ਸਿਟੀਜਨਾਂ ਸਤੀਸ਼ ਚੰਦਰ ਅਰੋੜਾ, ਬੁੱਧ ਰਾਮ, ਅਰਜਨ ਸਿੰਘ ਤੇ ਬਹਾਦਰ ਸਿੰਘ ਦਾ ਐਸੋਸੀਏਸ਼ਨ ਵੱਲੋਂ ਹਾਰ ਪਾ ਕੇ ਯਾਦਗਾਰੀ ਮੋਮੈਂਟੋ ਤੇ ਲੋਈਆਂ ਦੇ ਕੇ ਸਨਮਾਨ ਕੀਤਾ ਗਿਆ। ਸੁਪਰ ਸੀਨੀਅਰ ਸਿਟੀਜਨਾਂ ਵੱਲੋਂ ਐਸੋਸੀਏਸ਼ਨ ਨੂੰ ਸਹਾਇਤਾ ਫੰਡ ਵੀ ਦਿੱਤਾ ਗਿਆ।

ਇਸ ਮੌਕੇ ਮਹੀਨਾ ਅਕਤੂਬਰ 2026 ਵਿੱਚ ਜਿਨ੍ਹਾਂ ਸਤਿਕਾਰਯੋਗ ਮੈਂਬਰਾਂ ਦੇ ਜਨਮ ਦਿਨ ਸਨ, ਉਹ ਬੜੀ ਧੂਮ-ਧਾਮ ਨਾਲ ਮਨਾਏ ਗਏ, ਜਿਨ੍ਹਾਂ 'ਚ ਜਸਵੰਤ ਸਿੰਘ, ਗੁਰਚਰਨ ਸਿੰਘ, ਬਲਜੀਤ ਬਾਂਸਲ, ਨਛੱਤਰ ਸਿੰਘ, ਅਜੀਤ ਸਿੰਘ, ਪ੍ਰਗਟ ਸਿੰਘ ਭੱਟੀ, ਬਚਿੱਤਰ ਸਿੰਘ, ਰਾਜਿੰਦਰ ਸਿੰਘ ਜੇ ਈ, ਚਰਨਜੀਤ ਸਿੰਘ ਕੈਂਥ, ਸੁਰਿੰਦਰਜੀਤ ਸਿੰਘ, ਜਗਰੂਪ ਸਿੰਘ ਖੇੜੀ ਤੇ ਕਰਮਜੀਤ ਸਿੰਘ ਬੇਨੜਾ ਨੂੰ ਐਸੋਸੀਏਸ਼ਨ ਵੱਲੋਂ ਗਿਫਟ ਦੇ ਕੇ ਸਨਮਾਨਤ ਕੀਤਾ ਗਿਆ ਤੇ ਇਨ੍ਹਾਂ ਵੱਲੋਂ ਐਸੋਸੀਏਸ਼ਨ ਨੂੰ ਸਹਾਇਤਾ ਫੰਡ ਵੀ ਦਿੱਤਾ ਗਿਆ।ਅਖੀਰ ਵਿੱਚ ਸੁਖਦੇਵ ਸ਼ਰਮਾ ਨੇ ਅੰਤਰਾਸ਼ਟਰੀ ਸੀਨੀਅਰ ਸਿਟੀਜਨ ਦਿਵਸ ਉੱਪਰ ਚਾਨਣਾ ਪਾਇਆ ਤੇ ਸਰਕਾਰ ਤੋਂ ਮੰਗ ਕੀਤੀ ਕਿ ਸੀਨੀਅਰ ਸਿਟੀਜਨਾਂ ਨੂੰ ਜੋ ਸਹੂਲਤਾਂ ਬੰਦ ਕੀਤੀਆਂ ਗਈਆਂ ਹਨ, ਉਹ ਬਹਾਲ ਕੀਤੀਆਂ ਜਾਣ।ਸੁਖਵੀਰ ਸਿੰਘ ਪ੍ਰਧਾਨ ਨੇ ਵੀ ਅੰਤਰਰਾਸ਼ਟਰੀ ਸੀਨੀਅਰ ਸਿਟੀਜਨ ਦਿਵਸ ਬਾਰੇ ਜਾਣਕਾਰੀ ਦਿੱਤੀ।ਲਾਭ ਸਿੰਘ ਮਾਸਟਰ ਦੇ ਅਕਾਲ ਚਲਾਣੇ 'ਤੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ।ਜਸਪਾਲ ਸਿੰਘ ਨੇ ਸਟੇਜ ਸੰਚਾਲਨ ਬਾਖੂਬੀ ਨਿਭਾਇਆ।ਇਸ ਮੌਕੇ ਬਲਵਿੰਦਰ ਸਿੰਘ, ਜਗਰਾਜ ਸਿੰਘ, ਪ੍ਰੀਤਮ ਸਿੰਘ, ਸੁਰਜੀਤ ਸਿੰਘ, ਬਲਵੀਰ ਸਿੰਘ, ਅਨਿਲ ਕੁਮਾਰ, ਅਵਤਾਰ ਸਿੰਘ ਹਾਜ਼ਰ ਸਨ।

## ਡਾ. ਅੰਬੇਡਕਰ ਨਵਯੁਵਕ ਦਲ ਵੱਲੋਂ ਬੁੱਤ ਲਾਉਣ ਸੰਬੰਧੀ ਦਿੱਤਾ ਮੰਗ ਪੱਤਰ



**ਦੋਰਾਹਾ (ਹਰਮਿੰਦਰ ਸੇਠ)**-ਸਾਢੇ ਸੱਤ ਦਹਾਕੇ ਬੀਤਣ ਤੋਂ ਬਾਅਦ ਵੀ ਸੰਵਿਧਾਨ ਨਿਰਮਾਤਾ ਡਾ. ਅੰਬੇਡਕਰ ਸਾਹਿਬ ਦਾ ਕੋਈ ਵੀ ਬੁੱਤ ਨਹੀਂ ਲਾਇਆ ਗਿਆ। ਇਸ ਲਈ ਡਾਕਟਰ ਅੰਬੇਡਕਰ ਨਵਯੁਵਕ ਦਲ ਨੇ ਫ਼ੈਸਲਾ ਕੀਤਾ ਹੈ ਕਿ ਦੋਰਾਹੇ ਅੰਦਰ ਡਾਕਟਰ ਅੰਬੇਡਕਰ ਸਾਹਿਬ ਦਾ ਆਦਮਕੱਦ ਬੁੱਤ ਲਾਉਣਾ ਚਾਹੀਦਾ ਹੈ। ਮੰਗ ਪੱਤਰ ਜਥੇਬੰਦੀ ਦੇ ਪ੍ਰਧਾਨ ਗੁਰਦੀਪ ਸਿੰਘ ਕਾਲੀ ਤੇ ਸਮਾਜ ਸੇਵਿਕਾ ਨੀਤੂ ਸਿੰਘ ਨੇ ਇੱਕ ਮੰਗ ਪੱਤਰ ਕਾਰਜ ਸਾਧਕ ਅਫਸਰ ਦੋਰਾਹਾ ਨੂੰ ਦਿੱਤਾ ਗਿਆ ਤਾਂ ਜੁ ਦੋਰਾਹੇ ਅੰਦਰ ਇਕ ਆਦਮ ਕੱਦ ਬੁੱਤ ਡਾਕਟਰ ਅੰਬੇਡਕਰ ਸਾਹਿਬ ਦਾ ਲਾਇਆ ਜਾ ਸਕੇ। ਗੁਰਦੀਪ ਸਿੰਘ ਕਾਲੀ ਨੇ ਕਿਹਾ ਕਿ ਪੰਜਾਬ ਅੰਦਰ ਡਾ. ਅੰਬੇਡਕਰ ਸਾਹਿਬ ਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਦਿਖਾਵੇ ਦੇ ਲੋਕਤਾ ਬਹੁਤ ਹਨ, ਪ੍ਰੰਤੂ ਉਸਦੀ ਵਿਚਾਰਧਾਰਾ ਤੇ ਚੱਲਣ ਵਾਲੇ ਬਹੁਤ ਘੱਟ ਮਿਲਦੇ ਹਨ। ਜੇਕਰ ਪਿੰਡ-ਪਿੰਡ, ਘਰ-ਘਰ ਡਾਕਟਰ ਅੰਬੇਡਕਰ ਸਾਹਿਬ ਦੇ ਪੁੱਤ ਲੱਗਣਗੇ ਤਾਂ ਉਸ ਨਾਲ ਨਵੀਂ ਪੀੜੀ ਤੇ ਆਮ ਲੋਕਾਂ ਦੇ ਜਾਗਰੂਕਤਾ ਆਵੇਗੀ ਬੇਸ਼ੱਕ ਮੂਰਤੀ ਪੂਜਾ ਡਾਕਟਰ ਅੰਬੇਡਕਰ ਸਾਹਿਬ ਦੀ ਵਿਚਾਰਧਾਰਾ ਵਿੱਚ ਨਹੀਂ ਆਉਂਦਾ, ਪ੍ਰੰਤੂ ਆਪਣੇ ਰਹਿਬਰ ਨੂੰ ਲੋਕਾਂ ਵਿੱਚ ਅਜੋਕੇ ਸਮੇਂ ਵਿੱਚ ਪ੍ਰਚਾਰ ਲਈ ਇਹ ਵੱਡਾ ਮਾਧਿਅਮ ਸਾਬਿਤ ਹੋ ਸਕਦਾ ਹੈ।

## ਗੁਰੂ ਰਵਿਦਾਸ ਜੀ ਦਾ ਬਰਾਬਰੀ ਤੇ ਸਰਬ-ਸਾਂਝੀਵਾਲਤਾ ਦਾ ਸੁਨੇਹਾ ਘਰ-ਘਰ ਪੁਚਾਉਣ ਲਈ ਪੰਜਾਬ ਸਰਕਾਰ ਵਚਨਬੱਧ : ਚੀਮਾ



**ਸੰਗਰੂਰ (ਪ੍ਰਵੀਨ ਸਿੰਘ)**-ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮਾਂ ਦੀ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਦਿੜ੍ਹਬਾ ਦੀ ਅਨਾਜ ਮੰਡੀ ਵਿਖੇ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਤ ਡਰੋਨ ਸ਼ੋਅ ਕਰਾਇਆ ਗਿਆ।ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਸੰਗਤ ਦੇ ਰੂਪ ਵਿੱਚ ਸ਼ਾਮਲ ਹੋਏ।ਡਰੋਨਾਂ ਰਾਹੀਂ ਅੰਬਰ 'ਤੇ ਉਕੇਰੀਆਂ ਰੌਸ਼ਨ ਆਕ੍ਰਿਤੀਆਂ ਨੇ ਗੁਰੂ ਸਾਹਿਬ ਦੀ ਬਾਣੀ, ਜੀਵਨ-ਦਰਸ਼ਨ ਅਤੇ ਸਰਬ-ਸਾਂਝੀਵਾਲਤਾ ਦੇ ਸੁਨੇਹੇ ਨੂੰ ਸਾਕਾਰ ਕਰਦਿਆਂ ਆਧੁਨਿਕ ਤਕਨੀਕ ਅਤੇ ਅਧਿਆਤਮਿਕ ਵਿਰਾਸਤ ਦਾ ਸੁੰਦਰ ਸੁਮੇਲ ਪੇਸ਼ ਕੀਤਾ। ਕੈਬਨਿਟ ਮੰਤਰੀ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਨੂੰ ਘਰ-ਘਰ ਪੁਚਾਉਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਮਨੁੱਖਤਾ ਨੂੰ ਬਰਾਬਰੀ, ਪਿਆਰ, ਕਿਰਤ ਤੇ ਆਪਸੀ ਸਾਂਝ ਦਾ ਰਾਹ ਦਿਖਾਇਆ।ਉਨ੍ਹਾਂ ਦੀ ਬਾਣੀ ਜਾਤ-ਪਾਤ ਅਤੇ ਸਮਾਜਿਕ ਵਿਤਕਰਿਆਂ ਤੋਂ ਉੱਪਰ ਉੱਠ ਕੇ ਹਰ ਮਨੁੱਖ ਦੇ ਮਾਣ-ਸਨਮਾਨ ਦੀ ਰਾਖੀ ਕਰਨ ਦੀ ਪ੍ਰੇਰਨਾ ਦਿੰਦੀ ਹੈ। ਚੀਮਾ ਨੇ ਕਿਹਾ ਕਿ ਗੁਰੂ ਸਾਹਿਬ ਵੱਲੋਂ ਦਰਸਾਇਆ 'ਬੇਗਮਪੁਰਾ' ਦਾ ਸੰਕਲਪ ਅਜਿਹੇ ਸਮਾਜ ਦੀ ਸਿਰਜਣਾ ਲਈ ਮਾਰਗਦਰਸ਼ਨ ਕਰਦਾ ਹੈ, ਜਿੱਥੇ ਹਰ ਵਿਅਕਤੀ ਬਿਨਾਂ ਕਿਸੇ ਡਰ, ਭੇਦਭਾਵ ਜਾਂ ਸਮਾਜਿਕ ਬੰਧਨ ਦੇ ਸਨਮਾਨ ਨਾਲ ਜੀਵਨ ਬਤੀਤ ਕਰ ਸਕੇ।ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਸਾਂਝੀਵਾਲਤਾ, ਸੇਵਾ ਤੇ ਭਾਈਚਾਰਕ ਏਕਤਾ ਦੀ ਪ੍ਰਤੀਕ ਹੈ।ਪੰਜਾਬ ਸਰਕਾਰ ਵੱਲੋਂ ਕਰਾਏ ਜਾ ਰਹੇ ਇਨ੍ਹਾਂ ਸਮਾਗਮਾਂ ਦਾ ਉਦੇਸ਼ ਇਸ ਵਿਰਾਸਤ ਨੂੰ ਸੰਭਾਲਣਾ ਅਤੇ ਮਨੁੱਖਤਾ ਪ੍ਰਤੀ ਪਿਆਰ ਤੇ ਬਰਾਬਰੀ ਦੇ ਗੁਰੂ ਸਾਹਿਬ ਦੇ ਸੁਨੇਹੇ ਨੂੰ ਲੋਕ-ਚੇਤਨਾ ਦਾ ਹਿੱਸਾ ਬਣਾਉਣਾ ਹੈ।

## ਕਣਕ ਦੇ ਮੁੱਲ 'ਚ ਵਾਧਾ ਕਿਸਾਨਾਂ ਨਾਲ ਕੋਝਾ ਮਜ਼ਾਕ : ਪਾਲ ਮਾਜਰਾ/ਢੀਂਡਸਾ



**ਸਮਰਾਲਾ (ਸੁਰਜੀਤ ਸਿੰਘ)**-ਕੇਂਦਰ ਸਰਕਾਰ ਵੱਲੋਂ ਅਗਾਮੀ 2027 ਦੀਆਂ ਛੇ ਹਾੜੀ ਫਸਲਾਂ ਦੇ ਸਮੱਰਥਨ ਮੁੱਲ ਵਿੱਚ ਕੀਤਾ ਨਿਗੂਣਾ ਵਾਧਾ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਵੱਲੋਂ ਮੁੱਢੋਂ ਰੱਦ ਕੀਤਾ ਜਾਂਦਾ ਹੈ। ਇਨ੍ਹਾਂ ਸ਼ਬਦਾਂ ਦਾ ਪਗ੍ਰਟਾਵਾ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਸੂਬਾ ਜਨਰਲ ਸਕੱਤਰ ਪਰਮਿੰਦਰ ਸਿੰਘ ਪਾਲਮਾਜਰਾ ਤੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਮਨਜੀਤ ਸਿੰਘ ਢੀਂਡਸਾ ਨੇ ਸਾਂਝਾ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਣਕ ਦੇ ਸਮਰਥਨ ਮੁੱਲ ਵਿੱਚ ਸਿਰਫ 25 ਰੁਪਏ ਪ੍ਰਤੀ ਕੁਇੰਟਲ ਵਾਧਾ ਕਰਕੇ ਕੋਝਾ ਮਜ਼ਾਕ ਕੀਤਾ ਹੈ, ਜਿਸ ਨਾਲ ਕਿਸਾਨਾਂ ਵਿੱਚ ਗੁੱਸੇ ਦੀ ਲਹਿਰ ਫੈਲ ਗਈ ਹੈ। ਇਹ ਵਾਧਾ ਕਣਕ ਦੀ ਫਸਲ 'ਤੇ ਆਉਣ ਵਾਲੇ ਖਰਚਿਆਂ ਦੇ ਮੁਕਾਬਲੇ ਨਾਮਾਤਰ ਹੈ। ਪਿਛਲੇ ਸਾਲ ਤੋਂ ਡੀਜ਼ਲ ਦੀਆਂ ਕੀਮਤਾਂ ਕਈ ਵਾਰ ਵੱਧ ਚੁੱਕੀਆਂ ਹਨ ਤੇ ਖਾਦਾਂ, ਕੀਟਨਾਸ਼ਕ ਦਵਾਈਆਂ ਅਤੇ ਖੇਤੀ ਮਸ਼ੀਨਰੀ ਦੇ ਭਾਅ ਅਸਮਾਨੀ ਚੜ੍ਹ ਚੁੱਕੇ ਹਨ, ਕਣਕ ਦੇ ਭਾਅ ਵਿੱਚ ਕੀਤਾ ਨਿਗੂਣਾ ਵਾਧਾ ਉਠ ਦੇ ਮੂੰਹ ਜੀਰਾ ਦੇਣ ਦੇ ਬਰਾਬਰ ਹੈ ਤੇ ਕਿਸਾਨਾਂ ਨਾਲ ਕੋਝਾ ਮਜ਼ਾਕ ਹੈ।ਆਗੂਆਂ ਨੇ ਮੰਗ ਕੀਤੀ ਕਿ ਫਸਲਾਂ ਦੇ ਭਾਅ ਡਾ. ਸੁਆਮੀਨਾਥਨ ਕਮਿਸ਼ਨ ਦੇ ਸੀ+50% ਫਾਰਮੂਲੇ ਤਹਿਤ ਤਹਿ ਹੋਣੇ ਚਾਹੀਦੇ ਹਨ। ਕੇਂਦਰ ਸਰਕਾਰ ਖਾਦਾਂ ਤੇ ਤੇਲ ਦੇ ਭਾਅ ਤਾਂ ਆਪਣੀ ਮਰਜ਼ੀ ਨਾਲ ਵਧਾ ਸਕਦੀ ਹੈ, ਪ੍ਰੰਤੂ ਕਿਸਾਨਾਂ ਦੀਆਂ ਫ਼ਸਲਾਂ ਦੇ ਭਾਅ ਨਾਮਾਤਰ ਵਧਾ ਕੇ ਕਿਸਾਨਾਂ ਨੂੰ ਘੋਰ ਨਿਰਾਸ਼ਾ ਦੇ ਆਲਮ ਵਿੱਚ ਧੱਕ ਰਹੀ ਹੈ।ਕਿਸਾਨਾਂ ਨੂੰ ਇਸ ਵਾਰੀ ਆਸ ਸੀ ਕਿ ਕੇਂਦਰ ਸਰਕਾਰ ਖੇਤੀ ਲਾਗਤਾਂ ਤੇ ਆ ਰਹੇ ਵਧੇਰੇ ਖਰਚੇ ਨੂੰ ਧਿਆਨ ਵਿੱਚ ਰੱਖ ਕੇ ਹਾੜੀ ਫਸਲਾਂ ਦੇ ਸਮੱਰਥਨ ਮੁੱਲ ਤਹਿ ਕਰੇਗੀ, ਪ੍ਰੰਤੂ ਕੇਂਦਰ ਦੀ ਮੋਦੀ ਸਰਕਾਰ ਨੇ ਕਿਸਾਨਾਂ ਦੇ ਹਿੱਤਾਂ ਨੂੰ ਅਣਗੌਲਿਆ ਕਰ ਦਿੱਤਾ ਹੈ, ਜਿਸਦੀ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਘੋਰ ਨਿੰਦਾ ਕਰਦੀ ਹੈ ਤੇ ਮੰਗ ਕਰਦੀ ਹੈ ਕਿ ਕੇਂਦਰ ਸਰਕਾਰ ਕਣਕ ਦੇ ਕੀਤੇ ਨਿਗੂਣ ਵਾਧੇ ਨੂੰ ਵਾਪਸ ਲੈ ਕੇ ਖੇਤੀ ਲਾਗਤਾਂ ਨੂੰ ਧਿਆਨ ਵਿੱਚ ਰੱਖ ਕੇ ਸਮਰਥਨ ਮੁੱਲ ਤਹਿ ਕਰੇ।

## ਡੀ ਬੀ ਯੂ 'ਚ ਸ਼ਰਧਾ ਤੇ ਚਿੰਤਨ ਨਾਲ ਮਨਾਈ ਗਾਂਧੀ ਜਯੰਤੀ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੇ ਜੀਵਨ, ਆਦਰਸ਼ਾਂ ਤੇ ਉਨ੍ਹਾਂ ਦੀ ਅਮਰ ਵਿਰਾਸਤ ਨੂੰ ਸ਼ਰਧਾਪੂਰਵਕ ਯਾਦ ਕਰਦਿਆਂ ਗਾਂਧੀ ਜਯੰਤੀ ਬੜੇ ਸਤਿਕਾਰ ਤੇ ਸ਼ਰਧਾ ਨਾਲ ਮਨਾਈ ਗਈ।ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਉੱਪ-ਕੁਲਪਤੀ ਡਾ. ਹਰਸ਼ ਸਦਾਵਰਤੀ ਨੇ ਮਹਾਤਮਾ ਗਾਂਧੀ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਸੱਚ, ਅਹਿੰਸਾ, ਸਾਦਗੀ ਤੇ ਮਨੁੱਖਤਾ ਦੀ ਸੇਵਾ ਦੇ ਉਨ੍ਹਾਂ ਦੇ ਸਿਧਾਂਤਾਂ ਦੀ ਅੱਜ ਦੇ ਸਮੇਂ ਵਿੱਚ ਵੀ ਪ੍ਰਸੰਗਿਕਤਾ ਉੱਤੇ ਚਾਨਣਾ ਪਾਇਆ।ਉਨ੍ਹਾਂ ਕਿਹਾ ਕਿ ਗਾਂਧੀਵਾਦੀ ਕਦਰਾਂ-ਕੀਮਤਾਂ ਅੱਜ ਵੀ ਵਿਅਕਤੀਆਂ ਨੂੰ ਜ਼ਿੰਮੇਵਾਰ ਨਾਗਰਿਕ ਬਣਨ ਤੇ ਸਮਾਜ ਦੀ ਭਲਾਈ ਲਈ ਸਾਰਥਕ ਯੋਗਦਾਨ ਪਾਉਣ ਵਾਸਤੇ ਪ੍ਰੇਰਿਤ ਕਰਦੀਆਂ ਹਨ।ਉੱਪ-ਕੁਲਪਤੀ ਨੇ ਕਿਹਾ ਕਿ ਗਾਂਧੀ ਦਾ ਦਰਸ਼ਨ ਅਜੋਕੇ ਸਮੇਂ ਵਿੱਚ ਵੀ ਪ੍ਰਸੰਗਿਕ ਹੈ ਅਤੇ ਸ਼ਾਂਤੀ, ਦਇਆ, ਇਮਾਨਦਾਰੀ ਤੇ ਸਮਾਜਿਕ ਜ਼ਿੰਮੇਵਾਰੀ ਨੂੰ ਉਤਸ਼ਾਹਤ ਕਰਨ ਲਈ ਮਾਰਗਦਰਸ਼ਕ ਦੀ ਭੂਮਿਕਾ ਨਿਭਾਉਂਦਾ ਹੈ।ਉਨ੍ਹਾਂ ਨੇ ਯੂਨੀਵਰਸਿਟੀ ਪਰਿਵਾਰ ਦੇ ਮੈਂਬਰਾਂ ਨੂੰ ਆਪਣੇ ਨਿੱਜੀ ਤੇ ਪੇਸ਼ੇਵਰ ਜੀਵਨ ਵਿੱਚ ਇਨ੍ਹਾਂ ਕਦਰਾਂ-ਕੀਮਤਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਯੂਨੀਵਰਸਿਟੀ ਦੇ ਨਿਰਦੇਸ਼ਕ ਸਾਹਿਬਾਨ, ਡੀਨ, ਅਧਿਆਪਕ ਵਰਗ ਤੇ ਯੂਨੀਵਰਸਿਟੀ ਦੇ ਹੋਰ ਮੈਂਬਰ ਵੀ ਹਾਜ਼ਰ ਸਨ।ਸਾਰਿਆਂ ਨੇ ਇਕੱਠੇ ਹੋ ਕੇ ਰਾਸ਼ਟਰਪਿਤਾ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੇ ਆਦਰਸ਼ਾਂ ਤੇ ਸਿੱਖਿਆਵਾਂ ਨੂੰ ਯਾਦ ਕਰਦਿਆਂ ਉਨ੍ਹਾਂ ਉੱਤੇ ਵਿਚਾਰ-ਚਰਚਾ ਕੀਤੀ।

## ਹੋਡਲਾ ਕਲਾਂ ਵਿਖੇ ਖ਼ੂਨਦਾਨ ਕੈਂਪ ਲਗਾਇਆ



**ਭੀਖੀ (ਧਰਮਵੀਰ ਸ਼ਰਮਾ)**-ਦਸਮੇਸ਼ ਗੁਰਦੁਆਰਾ ਪ੍ਰਬੰਧਕ ਤੇ ਵੈੱਲਫੇਅਰ ਕਮੇਟੀ ਹੋਡਲਾ ਕਲਾਂ, ਵੱਖ-ਵੱਖ ਯੂਥ ਕਲੱਬਾਂ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਹੋਡਲਾ ਕਲਾਂ ਵਿਖੇ 7ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਬਠਿੰਡਾ ਦੇ ਏਮਜ਼ ਹਸਪਤਾਲ ਵੱਲੋਂ ਲਗਾਏ ਗਏ ਇਸ ਕੈਂਪ ਦੌਰਾਨ ਪਿੰਡ ਤੇ ਆਸ-ਪਾਸ ਦੇ ਇਲਾਕਿਆਂ ਤੋਂ ਪਹੁੰਚੇ ਕਰੀਬ 100 ਵਿਅਕਤੀਆਂ ਨੇ ਉਤਸ਼ਾਹ ਨਾਲ ਖ਼ੂਨਦਾਨ ਕਰਕੇ ਮਨੁੱਖਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਇਆ। ਕੈਂਪ ਪ੍ਰਬੰਧਕਾਂ ਨੇ ਖ਼ੂਨਦਾਨੀਆਂ ਨੂੰ ਇਸ ਮਹਾਨ ਕਾਰਜ ਲਈ ਉਤਸ਼ਾਹਤ ਕਰਦਿਆਂ ਕਿਹਾ ਕਿ ਖ਼ੂਨਦਾਨ ਇੱਕ ਅਜਿਹੀ ਸੇਵਾ ਹੈ, ਜਿਸ ਨਾਲ ਕਿਸੇ ਲੋੜਵੰਦ ਮਰੀਜ਼ ਦੀ ਜ਼ਿੰਦਗੀ ਬਚਾਉਣ ਵਿੱਚ ਸਹਾਇਤਾ ਮਿਲ ਸਕਦੀ ਹੈ। ਏਮਜ਼ ਹਸਪਤਾਲ ਦੀ ਟੀਮ ਦੇ ਮੁਖੀ ਡਾ. ਹਰੀਸ਼ ਭਾਰਦਵਾਜ਼ ਤੇ ਕੈਂਪ ਪ੍ਰਬੰਧਕ ਮਨਜਿੰਦਰ ਸਿੰਘ ਭਾਊ ਨੇ ਖ਼ੂਨਦਾਨੀਆਂ ਤੇ ਕੈਂਪ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਅਜਿਹੇ ਲੋਕ ਭਲਾਈ ਦੇ ਉਪਰਾਲੇ ਜਾਰੀ ਰੱਖਣ ਦੀ ਗੱਲ ਕਹੀ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੋਗਾ ਸਿੰਘ ਵਿਰਕ, ਗੁਰਦੀਪ ਸਿੰਘ ਵਿਰਕ, ਕਲੱਬ ਪ੍ਰਧਾਨ ਸਤਨਾਮ ਸਿੰਘ ਚਹਿਲ ਖੀਵਾ, ਡਾ. ਪੱਪੀ ਭੀਖੀ, ਭਿੰਦਰ ਸਿੰਘ ਅਨੂਪਗੜ੍ਹ, ਮਿੱਠੂ ਸਿੰਘ ਭੁਪਾਲ, ਸੁਖਚੈਨ ਸਿੰਘ, ਸੁਖਦੀਪ ਸਿੰਘ ਖੀਵਾ, ਕਰਮਜੀਤ ਬਿੱਕਾ ਸੰਧੂ, ਗੁਰਬੇਜ ਸਿੰਘ, ਰਵਿੰਦਰ ਸਿੰਘ ਸੰਧੂ ਤੇ ਪਰਮਜੀਤ ਸਿੰਘ ਪੰਮਾ ਸਮੇਤ ਹੋਰ ਪਤਵੰਤੇ ਤੇ ਨਗਰ ਨਿਵਾਸੀ ਹਾਜ਼ਰ ਸਨ।

## ਮਹਾਤਮਾ ਗਾਂਧੀ ਤੇ ਲਾਲ ਬਹਾਦਰ ਸ਼ਾਸਤਰੀ ਦੀ ਜਯੰਤੀ ਸ਼ਰਧਾਪੂਰਵਕ ਮਨਾਈ



**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਕਾਂਗਰਸ ਕਮੇਟੀ ਮਾਨਸਾ ਦੇ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਦੀ ਪ੍ਰਧਾਨਗੀ ਹੇਠ ਇੰਦਰਾ ਕਾਂਗਰਸ ਭਵਨ ਬੁਢਲਾਡਾ ਵਿਖੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਤੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੀ ਜਯੰਤੀ ਸ਼ਰਧਾਪੂਰਵਕ ਤੇ ਉਤਸ਼ਾਹ ਨਾਲ ਮਨਾਈ ਗਈ।ਇਸ ਮੌਕੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਅਹੁਦੇਦਾਰਾਂ, ਸਮੂਹ ਬਲਾਕ ਪ੍ਰਧਾਨਾਂ ਤੇ ਕਾਂਗਰਸ ਪਾਰਟੀ ਦੇ ਵਰਕਰਾਂ ਨੇ ਵੀ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ।ਇਸ ਸਮੇਂ ਦੋਵਾਂ ਮਹਾਨ ਸ਼ਖ਼ਸੀਅਤਾਂ ਨੂੰ ਸਿਜਦਾ ਕਰਦਿਆਂ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ ਗਏ।ਇਸ ਮੌਕੇ ਜ਼ਿਲ੍ਹਾ ਮਹਿਲਾ ਕਾਂਗਰਸ ਪ੍ਰਧਾਨ ਹਰਵਿੰਦਰ ਕੌਰ ਸਿੱਧੂ, ਬਲਾਕ ਪ੍ਰਧਾਨ ਹਰਵਿੰਦਰ ਦੀਪ ਸਵੀਟੀ, ਸ਼ਹਿਰੀ ਬੁਢਲਾਡਾ ਪ੍ਰਧਾਨ ਲਵਲੀ ਗਰਗ, ਬਲਾਕ ਬਰੇਟਾ ਦੇ ਪ੍ਰਧਾਨ ਸੁਵਰਨ ਸਿੰਘ ਖਡਾਲ, ਬਲਾਕ ਸਰਦੂਲਗੜ੍ਹ ਦੇ ਪ੍ਰਧਾਨ ਜਗਸੀਰ ਸਿੰਘ ਆਲੀਕੇ, ਐੱਸ. ਸੀ. ਡਿਪਾਰਟਮੈਂਟ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਹਰਪ੍ਰੀਤ ਸਿੰਘ ਪਿਆਰੀ ਸਮੇਤ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਅਹੁਦੇਦਾਰ ਤੇ ਵੱਡੀ ਗਿਣਤੀ 'ਚ ਪਾਰਟੀ ਵਰਕਰ ਹਾਜ਼ਰ ਸਨ।

# ਤਰਕਸ਼ੀਲ ਸੁਸਾਇਟੀ ਵੱਲੋਂ 9 ਦੇ ਨਕੋਦਰ ਰੋਸ ਧਰਨੇ 'ਚ ਭਰਵੀਂ ਸ਼ਮੂਲੀਅਤ ਕਰਨ ਦਾ ਫੈਸਲਾ

## *ਮਰਦਮਸ਼ੁਮਾਰੀ ਦੇ ਫਾਰਮ ਵਿੱਚ ਨਾਸਤਿਕਾਂ ਲਈ 'ਕੋਈ ਧਰਮ ਨਹੀਂ' ਦਾ ਕਾਲਮ ਸ਼ਾਮਲ ਕਰਨ ਦੀ ਮੰਗ



**ਜਲੰਧਰ (ਗਿਆਨ ਸੈਦਪੁਰੀ)**- ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਦੀ ਪ੍ਰਧਾਨਗੀ ਹੇਠ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ ਜਿਸ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਰਾਜਪਾਲ ਬਠਿੰਡਾ, ਸੁਖਵਿੰਦਰ ਬਾਗਪੁਰ, ਜਸਵਿੰਦਰ ਫਗਵਾੜਾ ਅਤੇ ਸੁਮੀਤ ਅੰਮ੍ਰਿਤਸਰ ਨੇ ਦੱਸਿਆ ਕਿ ਪਿਛਲੇ ਮਹੀਨੇ ਮਜ਼ਦੂਰ ਆਗੂ ਹਰਮੇਸ਼ ਮਾਲੜੀ ਨੂੰ ਪੁਲਸ ਦੀ ਹਾਜ਼ਰੀ ਵਿੱਚ ਧਮਕੀਆਂ ਦੇਣ, ਜਾਤੀਸੂਚਕ ਗਾਲਾਂ ਕੱਢਣ ਅਤੇ ਵਲੰਟੀਅਰ ਦਾ ਮੋਬਾਈਲ ਖੋਹਣ ਵਾਲੇ ਤਲਵੰਡੀ ਸਲੇਮ ਦੇ ਸਰਪੰਚ ਪ੍ਰਦੀਪ ਸਿੰਘ ਅਤੇ ਉਸ ਦੇ ਹਮਾਇਤੀਆਂ ਵਿਰੁੱਧ ਅਪਰਾਧਕ ਕੇਸ ਦਰਜ ਕਰਵਾਉਣ ਲਈ ਸ਼ਹੀਦ ਪਾਸ਼-ਹੰਸ ਰਾਜ ਯਾਦਗਾਰੀ ਟਰੱਸਟ ਅਤੇ ਸਮੂਹ ਜਨਤਕ ਜਥੇਬੰਦੀਆਂ ਵੱਲੋਂ 9 ਅਕਤੂਬਰ ਨੂੰ ਡੀ ਐਸ ਪੀ ਨਕੋਦਰ ਦੇ ਦਫਤਰ ਸਾਹਮਣੇ ਦਿੱਤੇ ਜਾ ਰਹੇ ਵਿਸ਼ਾਲ ਰੋਸ ਧਰਨੇ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।

ਇਸ ਦੇ ਇਲਾਵਾ ਸੂਬਾ ਕਮੇਟੀ ਆਗੂਆਂ ਕੁਲਜੀਤ ਡੰਗਰਖੇੜਾ, ਰਾਮ ਸਵਰਨ ਲੱਖੇਵਾਲੀ, ਗੁਰਪ੍ਰੀਤ ਸ਼ਹਿਣਾ, ਜੋਗਿੰਦਰ ਕੁੱਲੇਵਾਲ, ਸੁਰਜੀਤ ਟਿੱਬਾ ਅਤੇ ਮੋਹਨ ਬਡਲਾ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ 2027 ਵਿੱਚ ਹੋਣ ਵਾਲੀ ਮਰਦਮਸ਼ੁਮਾਰੀ ਦੇ ਫਾਰਮ ਵਿੱਚ ਹੋਰਨਾਂ ਧਰਮਾਂ ਦੇ ਇਲਾਵਾ ਨਾਸਤਿਕ ਲੋਕਾਂ ਲਈ 'ਕੋਈ ਧਰਮ ਨਹੀਂ' ਦਾ ਕਾਲਮ ਸ਼ਾਮਿਲ ਨਹੀਂ ਕੀਤਾ ਗਿਆ (ਜੋਕਿ 2011 ਦੀ ਮਰਦਮਸ਼ੁਮਾਰੀ ਵੇਲੇ ਸ਼ਾਮਲ ਸੀ), ਜਿਸ ਲਈ ਤਰਕਸ਼ੀਲ ਸੁਸਾਇਟੀ ਵੱਲੋਂ 28 ਸਤੰਬਰ ਨੂੰ ਕੇਂਦਰ ਅਤੇ ਪੰਜਾਬ ਸਰਕਾਰ ਦੇ ਜਨਗਣਨਾ ਵਿਭਾਗ ਦੇ ਨਿਰਦੇਸ਼ਕਾਂ ਨੂੰ ਲਿਖਤੀ ਪੱਤਰ ਰਾਹੀਂ ਇਹ ਕਾਲਮ ਸ਼ਾਮਲ ਕਰਨ ਦੀ ਮੰਗ ਕੀਤੀ ਗਈ ਹੈ। ਮੀਟਿੰਗ ਵਿੱਚ ਕੇਂਦਰੀ ਚੋਣ ਕਮਿਸ਼ਨ ਵੱਲੋਂ ਵਿਸ਼ੇਸ਼ ਵਿਆਪਕ ਸੁਧਾਈ (ਐੱਸ ਆਈ ਆਰ) ਹੇਠ ਕਰੋੜਾਂ ਜਾਇਜ਼ ਵੋਟਰਾਂ ਨੂੰ ਵੋਟਰ ਸੂਚੀਆਂ ਚੋਂ ਬਾਹਰ ਕੱਢਣ ਦੀ ਗ਼ੈਰ ਜਮਹੂਰੀ ਕਾਰਵਾਈ ਦਾ ਸਖ਼ਤ ਵਿਰੋਧ ਕਰਦਿਆਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ।ਇਸ ਦੇ ਇਲਾਵਾ ਮੀਟਿੰਗ ਵਿੱਚ ਵੱਖ ਵੱਖ ਜ਼ੋਨਾਂ ਦੇ ਆਗੂਆਂ ਅਜੀਤ ਪਰਦੇਸੀ ਚੰਡੀਗੜ੍ਹ, ਜਸਵੰਤ ਜੀਰਖ ਲੁਧਿਆਣਾ, ਸੁਖਦੇਵ ਫਗਵਾੜਾ ਜਲੰਧਰ, ਮਾਸਟਰ ਜਗਦੀਸ਼ ਰਾਏਪੁਰ ਡਿੱਬਾ ਨਵਾਂਸ਼ਹਿਰ, ਪ੍ਰਵੀਨ ਜੰਡਵਾਲਾ ਫਾਜ਼ਿਲਕਾ, ਰਾਮ ਕੁਮਾਰ ਪਟਿਆਲਾ, ਗਿਆਨ ਸਿੰਘ ਬਠਿੰਡਾ ਅਤੇ ਪ੍ਰਿੰ. ਮੇਲਾ ਰਾਮ ਅੰਮ੍ਰਿਤਸਰ ਵੱਲੋਂ ਵਿਚਾਰ ਵਟਾਂਦਰਾ ਕਰਦਿਆਂ ਆਪਣੇ ਕਾਡਰ ਨੂੰ ਹੋਰ ਵੱਧ ਸਰਗਰਮ ਕਰਨ ਹਿੱਤ ਜ਼ੋਨ ਪੱਧਰ 'ਤੇ ਵਿਸ਼ੇਸ਼ ਮੀਟਿੰਗਾਂ ਕਰਵਾਉਣ ਅਤੇ ਤਰਕਸ਼ੀਲ ਸਾਹਿਤ ਵੈਨ ਨੂੰ ਪੰਜਾਬ ਦੇ ਸਾਰੇ ਵਿੱਦਿਅਕ ਅਦਾਰਿਆਂ, ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਨਿਰਧਾਰਤ ਰੂਟ ਅਨੁਸਾਰ ਪ੍ਰਦਰਸ਼ਿਤ ਕਰਨ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ। ਇਸ ਦੇ ਇਲਾਵਾ ਅੱਠਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਅਗਲੇ ਸਾਲ ਕਰਵਾਉਣ ਦਾ ਫੈਸਲਾ ਵੀ ਕੀਤਾ ਗਿਆ

# ਲਾਪਰਵਾਹੀ ਨਾਲ ਬੱਸ ਚਲਾਉਂਦੇ ਹੋਏ ਅਣਪਛਾਤੇ ਚਾਲਕ ਖਿਲਾਫ ਮਾਮਲਾ ਦਰਜ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਪੰਡਤ ਮਿਥਲੇਸ਼)**- ਜਲੰਧਰ-ਪਠਾਨਕੋਟ ਰਾਸ਼ਟਰੀ ਮਾਰਗ 'ਤੇ ਲਾਪਰਵਾਹੀ ਨਾਲ ਬੱਸ ਚਲਾਉਂਦੇ ਹੋਏ ਕਾਰ ਸਵਾਰ ਨੂੰ ਟੱਕਰ ਮਾਰ ਕੇ ਜਖਮੀ ਕਰਨ ਵਾਲੇ ਬੱਸ ਚਾਲਕ ਖਿਲਾਫ ਟਾਂਡਾ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਇਹ ਮਾਮਲਾ ਅਜੀਤ ਸਿੰਘ ਪੁੱਤਰ ਅਮਰ ਸਿੰਘ ਵਾਸੀ ਪੰਜ ਢੇਰਾ ਕਲਾਂ (ਮੁਕੇਰੀਆਂ) ਦੇ ਬਿਆਨਾਂ ਦੇ ਆਧਾਰ 'ਤੇ ਐਕਸਪ੍ਰੈਸ ਬੱਸ ਦੇ ਅਣਪਛਾਤੇ ਚਾਲਕ ਖਿਲਾਫ ਦਰਜ ਕੀਤਾ ਹੈ।ਪੁਲਸ ਨੂੰ ਦਿੱਤੇ ਗਏ ਆਪਣੇ ਬਿਆਨਾਂ ਵਿੱਚ ਅਜੀਤ ਸਿੰਘ ਨੇ ਦੱਸਿਆ ਬੀਤੀ 30 ਸਤੰਬਰ ਨੂੰ ਉਹ ਆਪਣੇ ਪੁੱਤਰ ਹਰਮੀਤ ਸਿੰਘ ਨਾਲ ਜਲੰਧਰ ਦਵਾਈ ਲੈਣ ਉਪਰੰਤ ਆਲਟੋ ਕਾਰ 'ਤੇ ਸਵਾਰ ਹੋ ਕੇ ਵਾਪਸ ਪਰਤ ਰਹੇ ਸਨ ਕਿ ਜਦੋਂ ਉਹ ਪਸ਼ੂ ਮੰਡੀ ਟਾਂਡਾ ਨਜਦੀਕ ਪਹੁੰਚੇ ਤਾਂ ਹਾਈਵੇ 'ਤੇ ਸੜਕ ਸਾਫ ਕਰ ਰਹੇ ਮਜ਼ਦੂਰਾਂ ਨੇ ਰੋਕਾਂ ਲਗਾਈਆਂ ਸਨ ਜਿਸ ਕਾਰਨ ਮੇਰੇ ਬੇਟੇ ਨੇ ਪਹਿਲਾਂ ਤੋਂ ਖੜੇ ਹੋਏ ਟਰੱਕ ਨੂੰ ਦੇਖਦੇ ਹੋਏ ਕਾਰ ਰੋਕ ਲਈ ਜਦੋਂ ਕਾਰ ਦੁਬਾਰਾ ਚਲਣੀ ਸੀ ਤਾਂ ਇਸ ਤੋਂ ਪਹਿਲਾਂ ਹੀ ਐਕਸਪ੍ਰੈਸ ਬੱਸ ਦੇ ਡਰਾਈਵਰ ਨੇ ਲਾਪਰਵਾਹੀ ਨਾਲ ਬੱਸ ਚਲਾਉਂਦੇ ਹੋਏ ਸਾਡੀ ਕਾਰਨ ਨੂੰ ਟੱਕਰ ਮਾਰ ਦਿੱਤੀ ਜਿਸ ਕਾਰਨ ਮੇਰਾ ਪੁੱਤਰ ਹਰਮੀਤ ਸਿੰਘ ਗੰਭੀਰ ਜਖਮੀ ਹੋ ਗਿਆ।ਟਾਂਡਾ ਪੁਲਸ ਨੇ ਹੁਣ ਮਾਮਲਾ ਦਰਜ ਕਰਕੇ ਅਗਲ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਇਸ ਮਾਮਲੇ ਦੀ ਤਫਤੀਸ਼ ਏ.ਐਸ.ਆਈ ਜਗਦੀਪ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

# ਨਸ਼ਿਆਂ ਖਿਲਾਫ਼ ਫੈਸਲਾਕੁੰਨ ਲੜਾਈ ਲੜ ਰਹੀ ਪੰਜਾਬ ਸਰਕਾਰ : ਮੋਹਿੰਦਰ ਭਗਤ

**ਜਲੰਧਰ (ਸੁਰਿੰਦਰ ਕੁਮਾਰ)**- ਜਲੰਧਰ 'ਚ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕੀਤੀਆਂ ਜਾ ਰਹੀਆਂ ਜਾਗਰੂਕਤਾ ਮੀਟਿੰਗਾਂ ਦੀ ਲੜੀ ਤਹਿਤ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਸ਼ਹਿਰ ਦੇ ਵਾਰਡ ਨੰ. 57 ਅਤੇ ਵਾਰਡ ਨੰ. 58 ਵਿੱਚ ਜਾਗਰੂਕਤਾ ਮੀਟਿੰਗਾਂ ਦੌਰਾਨ ਸੰਬੋਧਨ ਕਰਦਿਆਂ ਲੋਕਾਂ ਨੂੰ ਨਸ਼ਿਆਂ ਖਿਲਾਫ਼ ਇਕਜੁੱਟ ਹੋ ਕੇ ਸਾਂਝਾ ਹੰਭਲਾ ਮਾਰਨ ਦਾ ਸੱਦਾ ਦਿੱਤਾ।ਕੈਬਨਿਟ ਮੰਤਰੀ ਨੇ ਕਿਹਾ ਕਿ



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨਸ਼ਿਆਂ ਖਿਲਾਫ਼ ਫੈਸਲਾਕੁੰਨ ਲੜਾਈ ਲੜ ਰਹੀ ਹੈ। ਭਗਤ ਨੇ ਨਸ਼ਿਆਂ ਖਿਲਾਫ਼ ਮੁਹਿੰਮ ਵਿੱਚ ਵੀ.ਡੀ.ਸੀ. ਮੈਂਬਰਾਂ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵੀ.ਡੀ.ਸੀ. ਮੈਂਬਰ ਆਪਣੇ-ਆਪਣੇ ਖੇਤਰਾਂ ਵਿੱਚ ਆਮ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਖਿਲਾਫ਼ ਜਾਗਰੂਕ ਕਰਨ ਅਤੇ ਨਸ਼ਿਆਂ ਦੀ ਰੋਕਥਾਮ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ। ਇਸ ਮੌਕੇ ਕੌਂਸਲਰ ਕਵਿਤਾ ਸੇਠ ਤੇ ਡਾ. ਮਨੀਸ਼, ਸੌਰਵ ਸੇਠ, ਪੁਲਿਸ ਅਧਿਕਾਰੀ ਅਤੇ ਵੱਡੀ ਗਿਣਤੀ ਇਲਾਕਾ ਵਾਸੀ ਮੌਜੂਦ ਸਨ।


ਜਨਮ ਦਿਨ ਮੁਬਾਰਕ



ਸਫਰ ਸਿੰਘ ਸਰੀਨ
ਪਿਤਾ : ਕੁਲਜੋਤ ਸਿੰਘ ਸਰੀਨ
ਮਾਤਾ : ਏਵਨਪ੍ਰੀਤ ਕੌਰ ਸਰੀਨ


# ਗੁਰਿੰਦਰਵੀਰ ਸਿੰਘ ਦਾ ਸ਼ਾਨਦਾਰ ਸਵਾਗਤ

**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ ਦੋਆਬਾ ਵਿਖੇ ਹਵਾਈ ਅੱਡਾ ਪ੍ਰਸ਼ਾਸਨ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਹਵਾਈ ਅੱਡੇ, ਆਦਮਪੁਰ ਪਹੁੰਚਣ 'ਤੇ ਪ੍ਰਸਿੱਧ ਸ਼ਖਸੀਅਤ ਗੁਰਿੰਦਰਵੀਰ ਸਿੰਘ ਦਾ ਸ਼ਾਨਦਾਰ ਅਤੇ ਸ਼ਾਨਦਾਰ ਸਵਾਗਤ ਕੀਤਾ।ਜ਼ਿਕਰਯੋਗ ਹੈ ਕਿ ਹਲਕਾ ਆਦਮਪੁਰ ਤੇ ਭੋਗਪੁਰ ਦੇ ਨੇੜੇ ਪਿੰਡ ਪਤਿਆਲ ਦੇ ਗੁਰਿੰਦਰਵੀਰ ਸਿੰਘ ਨੇ ਹਾਲ ਹੀ ਵਿੱਚ ਏਸ਼ੀਆਈ ਖੇਡਾਂ ਵਿੱਚ ਕਾਂਸੀ ਦਾ ਤਗਮਾ ਜਿੱਤ ਕੇ ਦੇਸ਼ ਦਾ ਨਾਂਅ ਰੌਸ਼ਨ ਕੀਤਾ।ਭਾਰਤੀ ਐਥਲੀਟਾਂ ਨੇ ਹਾਲ ਹੀ ਵਿੱਚ ਏਸ਼ੀਆਈ ਖੇਡਾਂ ਵਿੱਚ ਕਈ ਕਾਂਸੀ ਦੇ ਤਗਮੇ ਜਿੱਤੇ ਹਨ, ਜਿਨ੍ਹਾਂ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਦਾ ਪ੍ਰਦਰਸ਼ਨ ਕੀਤਾ ਹੈ।ਹਵਾਈ ਅੱਡੇ 'ਤੇ ਪਹੁੰਚਣ 'ਤੇ ਉਨ੍ਹਾਂ ਦਾ ਏਅਰ ਪੋਰਟ ਦੇ ਸਮੂਹ ਸਟਾਫ ਵਲੋਂ ਰਵਾਇਤੀ ਸਵਾਗਤ ਕੀਤਾ ਗਿਆ। ਹਵਾਈ ਅੱਡੇ ਦੇ ਡਾਇਰੈਕਟਰ ਪੁਸ਼ਪੇਂਦਰ ਕੁਮਾਰ ਨਿਰਾਲਾ ਨੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਵਧਾਈ ਦਿੱਤੀ। ਇਸ ਮੌਕੇ ਸੂਰਜ ਯਾਦਵ, ਮੈਨੇਜਰ (ਇਲੈਕਟ੍ਰੀਕਲ), ਸੂਰਿਆ ਪ੍ਰਤਾਪ ਸਿੰਘ, ਜੀ ਈ (ਓਪਰੇਸ਼ਨ), ਮੋਹਨ ਪਵਾਰ, ਮੁੱਖ ਸੁਰੱਖਿਆ ਅਧਿਕਾਰੀ, ਜਸਵੰਤ ਕੌਰ, ਮੁੱਖ ਸੁਰੱਖਿਆ ਅਧਿਕਾਰੀ, ਡੀ ਐਸ ਪੀ ਆਦਮਪੁਰ ਰੰਜੀਵ ਕੁਮਾਰ ਅਤੇ ਹੋਰ ਅਧਿਕਾਰੀ ਅਤੇ ਸਟਾਫ ਸ਼ਾਮਲ ਰਹੇ।



# ਡਾ. ਸੁੱਖੀ ਨੇ ਬੰਗਾ ਦਾਣਾ ਮੰਡੀ ਵਿਖੇ ਝੋਨੇ ਦੀ ਸਰਕਾਰੀ ਖਰੀਦ ਕਰਵਾਈ ਸ਼ੁਰੂ

**ਬੰਗਾ (ਅਵਤਾਰ ਕਲੇਰ)** ਦਾਣਾ ਮੰਡੀ ਬੰਗਾ ਵਿਖੇ ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ ਨੇ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ।ਉਹਨਾਂ ਕਿਹਾ ਕਿ ਮੰਡੀ ਵਿੱਚ ਸਾਰੇ ਪ੍ਰਬੰਧ ਮੁਕੰਮਲ ਹਨ ਅਤੇ ਕਿਸੇ ਵੀ ਕਿਸਾਨ ਨੂੰ ਕੋਈ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।ਫਸਲ ਦੀ ਅਦਾਇਗੀ 48 ਘੰਟਿਆਂ ਦੇ ਵਿੱਚ ਕਿਸਾਨਾਂ ਦੇ ਖਾਤਿਆਂ ਦੇ ਵਿੱਚ ਪਾਈ ਜਾਵੇਗੀ।ਉਹਨਾਂ ਅਧਿਕਾਰੀਆਂ ਨੂੰ ਕਿਹਾ ਕਿ ਕਿਸੇ ਵੀ ਕਿਸਮ ਦੀ ਕੋਈ ਮੁਸ਼ਕਲ ਕਿਸਾਨਾਂ ਨੂੰ ਆਉਂਦੀ ਹੈ ਤਾਂ ਉਸ ਦਾ ਤੁਰੰਤ ਹੱਲ ਕੀਤਾ ਜਾਵੇ। ਇਸ ਮੌਕੇ ਸੋਹਣ ਲਾਲ ਢੰਡਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ,ਪਵਨਜੀਤ ਸਿੰਘ ਸਿੱਧੂ ਸੰਗਠਨ ਇੰਚਾਰਜ, ਇੰਦਰਜੀਤ ਸਿੰਘ ਮਾਨ ਚੇਅਰਮੈਨ ਟਰੇਡ ਵਿੰਗ,ਰੁਪਿੰਦਰ ਮਨਿਹਾਸ ਜਿਲ੍ਹਾ ਮੰਡੀ ਅਫਸਰ ਸ਼ਹੀਦ ਭਗਤ ਸਿੰਘ ਨਗਰ, ਵਰਿੰਦਰ ਕੁਮਾਰ ਸਕੱਤਰ ਮਾਰਕੀਟ ਕਮੇਟੀ, ਦਵਿੰਦਰ ਕੁਮਾਰ ਇੰਸਪੈਕਟਰ, ਤਰਨਜੀਤ ਸਿੰਘ ਇੰਸਪੈਕਟਰ, ਗਗਨਦੀਪ ਸਿੰਘ ਮੈਨੇਜਰ ਵੀਅਰ ਹਾਊਸ, ਗੁਰਚਰਨ ਸਿੰਘ ਬੂਟੀ ਪ੍ਰਧਾਨ ਆੜਤੀ ਐਸੋਸੀਏਸ਼ਨ ਬੰਗਾ, ਅਰੁਣ ਵਰਮਾਨੀ, ਸੰਜੀਵ ਜੈਨ, ਜਸਪਾਲ,ਕਮਲ ਚੋਪੜਾ, ਸੁਖਵਿੰਦਰ ਸਿੰਘ,ਅਮਰਜੀਤ ਸਿੰਘ, ਵਿਜੇ ਗੁਪਤਾ ਅਤੇ ਕਿਸਾਨ ਹਾਜ਼ਰ ਸਨ।



# ਅਕਾਲੀ ਦਲ ਦੀ ਸਰਕਾਰ ਬਣਨ 'ਤੇ ਕੰਡੀ ਏਰੀਏ 'ਚ ਵਿਕਾਸ ਮੰਤਰਾਲਾ ਬਣਾਵਾਂਗੇ : ਸੁਖਬੀਰ ਬਾਦਲ

**ਹੁਸ਼ਿਆਰਪੁਰ (ਓ ਪੀ ਰਾਣਾ)**- 'ਪੰਜਾਬ ਬਚਾਓ' ਮੁਹਿੰਮ ਤਹਿਤ ਲੋਕਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਿਹਾ ਕਿ ਉਹ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਹਲਕਾ ਇੰਚਾਰਜ ਹਰਮਿੰਦਰ ਸਿੰਘ ਸੰਧੂ ਆਪਣਾ ਐਮ ਐਲ ਏ ਚੁਣਨ।ਅਕਾਲੀ ਦਲ ਦੇ ਪ੍ਰਧਾਨ ਨੇ ਆਪ ਸਰਕਾਰ ਵੱਲੋਂ ਸੂਬੇ ਵਿਚ ਚਲਾਏ ਜਾ ਰਹੇ ਗੈਰ ਕਾਨੂੰਨੀ ਮਾਇਨਿੰਗ ਘੁਟਾਲੇ ਦੀ ਗੱਲ ਵੀ ਕੀਤੀ।ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ 500 ਕਰੋੜ ਰੁਪਏ ਹੋਰਡਿੰਗਜ਼ 'ਤੇ ਖਰਚ ਕੇ ਆਪਣੇ ਆਪ ਨੂੰ ਇਮਾਨਦਾਰ ਕਹਿ ਰਹੇ ਹਨ। ਰੈਲੀ ਨੂੰ ਸੰਬੋਧਨ ਕਰਦਿਆਂ ਬਾਦਲ ਨੇ ਐਲਾਨ ਕੀਤਾ ਕਿ ਸੂਬੇ ਵਿਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਕੰਡੀ ਏਰੀਆ ਵਿਕਾਸ ਮੰਤਰਾਲਾ ਗਠਿਤ ਕੀਤਾ ਜਾਵੇਗਾ।ਉਹਨਾਂ ਕਿਹਾ ਕਿ ਅਸੀਂ ਪਠਾਨਕੋਟ ਤੋਂ ਚੰਡੀਗੜ੍ਹ ਤੱਕ ਸਮੁੱਚੇ ਕੰਡੀ ਖੇਤਰ ਵਾਸਤੇ ਐਕਸਪ੍ਰੈਸਵੇਅ ਬਣਾਵਾਂਗੇ। ਉਹਨਾਂ ਕਿਹਾ ਕਿ ਅਸੀਂ ਕੰਡੀ ਇਲਾਕੇ ਵਾਸਤੇ ਵਿਸ਼ੇਸ਼ ਉਦਯੋਗਿਕ ਪੈਕੇਜ ਵੀ ਦਿਆਂਗੇ ਅਤੇ ਨਵੇਂ ਨਿਵੇਸ਼ਕਾਂ ਨੂੰ ਸਸਤੀ ਬਿਜਲੀ ਸਮੇਤ ਹੋਰ ਸਹੂਲਤਾਂ ਵੀ ਦਿਆਂਗੇ। ਉਹਨਾਂ ਨੇ ਇਹ ਵੀ ਐਲਾਨ ਕੀਤਾ ਕਿ ਇਲਾਕੇ ਵਾਸਤੇ ਲਿਫਟ ਪੰਪ ਤੇ ਡੂੰਘੇ ਟਿਊਬਵੈਲ ਲਾਉਣ ਦੀ ਵੀ ਪ੍ਰਵਾਨਗੀ ਦਿੱਤੀ ਜਾਵੇਗੀ ਤਾਂ ਜੋ ਕਿਸਾਨਾਂ ਦੀਆਂ ਸਿੰਜਾਈ ਜ਼ਰੂਰਤਾਂ ਪੂਰੀਆਂ ਹੋ ਸਕਣ।

ਸੁਖਬੀਰ ਬਾਦਲ ਨੇ ਸੰਤ ਹਰੀ ਸਿੰਘ ਤੇ ਰਾਜਾ ਸਾਹਿਬ ਦਾ ਜ਼ਿਕਰ ਕਿਰਦਿਆ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਉਹਨਾਂ ਦੀ ਯਾਦ ਵਿਚ ਸੰਸਥਾ ਦੀ ਉਸਾਰੀ ਕੀਤੀ ਜਾਵੇਗੀ।ਉਹਨਾਂ ਇਹ ਵੀ ਐਲਾਨ ਕੀਤਾ ਕਿ ਅਕਾਲੀ ਦਲ ਵਿਦੇਸ਼ਾਂ ਵਿਚ ਰੋਜ਼ਗਾਰ ਨਾ ਮਿਲਣ 'ਤੇ ਪੀ ਆਰ ਨਾ ਮਿਲਣ ਕਾਰਨ ਵਾਪਸ ਸੂਬੇ ਵਿਚ ਆਉਣ ਵਾਲੇ ਨੌਜਵਾਨਾਂ ਵਾਸਤੇ ਵੀ ਕਾਰਜ ਯੋਜਨਾ ਲਾਗੂ ਕਰੇਗਾ। ਉਹਨਾਂ ਕਿਹਾ ਕਿ ਅਸੀਂ ਵਿਸ਼ਵ ਸਕਿੱਲ ਯੂਨੀਵਰਸਿਟੀ ਸਥਾਪਿਤ ਕਰਾਂਗੇ। ਉਹਨਾਂ ਕਿਹਾ ਕਿ ਜੇਕਰ ਤੁਸੀਂ ਮੇਰੀ ਚੋਣ ਕਰੋਗੇ ਤਾਂ ਮੈਂ ਤੇਜ਼ ਰਫਤਾਰ ਵਿਕਾਸ ਕਰਾਵਾਂਗਾ ਅਤੇ ਨਸ਼ੇ ਤੇ ਗੈਂਗਸਟਰਵਾਦ ਨੂੰ ਖ਼ਤਮ ਕਰਾਂਗਾ। ਉਹਨਾਂ ਕਿਹਾ ਕਿ ਸਾਰੇ ਥਰਮਲ ਪਲਾਂਟ, ਐਕਸਪ੍ਰੈਸਵੇਅ, ਹਵਾਈ ਅੱਡੇ, ਸਿੰਜਾਈ ਸਹੂਲਤਾਂ, ਤੁਹਾਡੇ ਇਲਾਕੇ ਵਿਚ ਕੰਡੀ ਨਹਿਰ ਸਭ ਅਕਾਲੀ ਦਲ ਦੀ ਸਰਕਾਰ ਵੇਲੇ ਬਣਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹੀਰਾ ਸਿੰਘ ਗਾਬੜੀਆ, ਡਾ. ਦਲਜੀਤ ਸਿੰਘ ਚੀਮਾ, ਜਤਿੰਦਰ ਸਿੰਘ ਲਾਲੀ ਬਾਜਵਾ, ਸੋਹਣ ਸਿੰਘ ਠੰਢਲ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਸੰਜੀਵ ਤਲਵਾੜ, ਕਮਲ ਚੇਤਲੀ, ਅਮਰੀਕ ਬੱਲੋਵਾਲ ਅਤੇ ਸੁਖਦੀਪ ਸਿੰਘ ਸ਼ੁਕਰ ਨੇ ਵੀ ਸੰਬੋਧਨ ਕੀਤਾ।



# ਲਾਲ ਬਹਾਦਰ ਸਾਸ਼ਤਰੀ ਦਾ ਜਨਮ ਮਨਾਇਆ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਲਾਇਨਜ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾਂ ਕੋਹਿਨੂਰ 321 ਡੀ ਵੱਲੋਂ ਦੇਸ਼ ਦੇ ਸਾਬਕ ਪ੍ਰਧਾਨ ਮੰਤਰੀ ਲਾਲ ਬਹਾਦਰ ਸਾਸ਼ਤਰੀ ਦਾ 122 ਵਾਂ ਜਨਮ ਦਿਨ ਬਹੁਤ ਹੀ ਉਤਸ਼ਾਹ ਪੂਰਵਕ ਮਨਾਇਆ ਗਿਆ। ਪ੍ਰਧਾਨ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ, ਸਕੱਤਰ ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ, ਖਜ਼ਾਨਚੀ ਲਾਇਨ ਡਾਕਟਰ ਹਰਮਨਪ੍ਰੀਤ ਕੌਰ ਧਾਲੀਵਾਲ , ਮੀਤ ਪ੍ਰਧਾਨ ਫਸਟ ਲਾਇਨ ਡਾਕਟਰ ਪ੍ਰੇਮ ਭਾਰਦਵਜ, ਪੀ ਆਰ ਓ ਲਾਇਨ ਸੁਖਵਿੰਦਰ ਕੌਰ ਬੇਟੀ ਸਹਿਜਗੁਣ ਕੌਰ ਧਾਲੀਵਾਲ ਅਤੇ ਸਾਥੀਆ ਵੱਲੋ ਸ੍ਰੀ ਸਾਸ਼ਤਰੀ ਦੀ ਤਸਵੀਰ ਉਪਰ ਫੁੱਲ ਭੇਟ ਕਰਨ ਉਪਰੰਤ ਮਠਿਆਈ ਵੰਡੀ ਗਈ।

# ਭੋਗਪੁਰ ਮੰਡੀ ਦੇ ਪ੍ਰਬੰਧਾਂ ਦਾ ਕਟਾਰੂਚਕ ਤੇ ਪਵਨ ਟੀਨੂ ਨੇ ਲਿਆ ਜਾਇਜ਼ਾ

**ਆਦਮਪੁਰ (ਪਰਮਜੀਤ ਸਿੰਘ)**- ਝੋਨੇ ਦੀ ਖਰੀਦ ਦੇ ਮੱਦੇਨਜ਼ਰ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਅਤੇ ਹਲਕਾ ਇੰਚਾਰਜ ਪਵਨ ਟੀਨੂ ਨੇ ਭੋਗਪੁਰ ਦਾਣਾ ਮੰਡੀ ਦਾ ਦੌਰਾ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਕਿਸਾਨਾਂ, ਮਜ਼ਦੂਰਾਂ ਅਤੇ ਆੜ੍ਹਤੀਆਂ ਨਾਲ ਗੱਲਬਾਤ ਕਰਕੇ ਮੰਡੀ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਹਾਸਲ ਕੀਤੀ। ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕਿਸਾਨਾਂ ਨੂੰ ਫ਼ਸਲ ਵੇਚਣ ਵਿੱਚ ਕੋਈ ਦਿੱਕਤ ਨਾ ਆਵੇ ਅਤੇ ਖਰੀਦ ਪ੍ਰਕਿਰਿਆ ਸੁਚਾਰੂ ਢੰਗ ਨਾਲ ਚਲਾਈ ਜਾਵੇ। ਉਨ੍ਹਾਂ ਕਿਹਾ ਕਿ ਫ਼ਸਲ ਦੀ ਖਰੀਦ ਦੇ ਨਾਲ ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀ ਵੀ ਯਕੀਨੀ ਬਣਾਈ ਜਾ ਰਹੀ ਹੈ। ਇਸ ਮੌਕੇ ਮਾਰਕੀਟ ਕਮੇਟੀ ਭੋਗਪੁਰ ਦੇ ਚੇਅਰਮੈਨ ਬਰਕਤ ਰਾਮ, ਸੰਗਠਨ ਇੰਚਾਰਜ ਪਰਮਜੀਤ ਪੰਮਾ, ਨਗਰ ਕੌਂਸਲ ਪ੍ਰਧਾਨ ਰਾਜ ਕੁਮਾਰ ਰਾਜਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਲਖਵੀਰ ਹਜ਼ਾਰਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜੱਸਦਿਆਲ ਸਿੰਘ, ਬਲਾਕ ਪ੍ਰਧਾਨ ਬਲਵਿੰਦਰ ਭੰਡਾਰੀ, ਲੰਬੜਦਾਰ ਇੰਦਰਜੀਤ ਸੋਨੀ, ਦਲਿਤ ਵਿਕਾਸ ਬੋਰਡ ਦੇ ਚੇਅਰਮੈਨ ਬੂਟਾ ਸਿੰਘ ਟੀਟੂ ਅਤੇ ਸਰਪੰਚ ਲੜੋਆ ਅਮਰਜੀਤ ਸਿੰਘ ਸਮੇਤ, ਯੂਥ ਪ੍ਰਧਾਨ ਹਰਮਨ ਲੜੋਈ ਹੋਰ ਪਤਵੰਤੇ ਹਾਜ਼ਰ ਸਨ।



# ਰਾਸ਼ਟਰੀ ਖ਼ੂਨਦਾਨ ਦਿਵਸ ਮੌਕੇ ਪੋਸਟਰ ਮੇਕਿੰਗ ਮੁਕਾਬਲਾ

**ਸੁਲਤਾਨਪੁਰ ਲੋਧੀ ( ਹਨੀ )**- ਐਸ.ਡੀ. ਕਾਲਜ ਫਾਰ ਵੂਮੈਨ ਵਿਖੇ ਰਾਸ਼ਟਰੀ ਖ਼ੂਨਦਾਨ ਦਿਵਸ ਮੌਕੇ ਰੈੱਡ ਰਿਬਨ ਕਲੱਬ ਵੱਲੋਂ ਐਨ.ਐੱਸ.ਐੱਸ. ਵਿਭਾਗ ਦੇ ਸਹਿਯੋਗ ਨਾਲ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ 'ਚ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ। ਇਹ ਗਤੀਵਿਧੀ ਮੈਡਮ ਸੁਨੀਤਾ ਕਲੇਰ ਦੀ ਦੇਖ ਰੇਖ ਵਿਚ ਆਯੋਜਿਤ ਕੀਤੀ ਗਈ। ਇਸ ਮੌਕੇ ਵਿਦਿਆਰਥਣਾਂ ਨੂੰ ਸਵੈ-ਇੱਛਕ ਖ਼ੂਨਦਾਨ ਦੀ ਮਹੱਤਤਾ ਅਤੇ ਇਸ ਰਾਹੀਂ ਕੀਮਤੀ ਜਾਨਾਂ ਬਚਾਉਣ ਦੇ ਸੰਦੇਸ਼ ਪ੍ਰਤੀ ਜਾਗਰੂਕ ਕੀਤਾ ਗਿਆ। ਵਿਦਿਆਰਥਣਾਂ ਨੂੰ ਦੱਸਿਆ ਗਿਆ ਕਿ ਹਾਦਸਿਆਂ, ਸਰਜਰੀਆਂ, ਗੰਭੀਰ ਬਿਮਾਰੀਆਂ ਅਤੇ ਐਮਰਜੈਂਸੀ ਸਥਿਤੀਆਂ ਵਿੱਚ ਲੋੜਵੰਦ ਮਰੀਜ਼ਾਂ ਲਈ ਖ਼ੂਨ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਮੁਕਾਬਲੇ ਵਿੱਚ ਬੀ.ਏ. ਫਾਈਨਲ ਦੀਆਂ ਵਿਦਿਆਰਥਣਾਂ ਬੰਦਨਾ, ਹਰਸ਼ਿਤਾ ਅਤੇ ਸੁਰਜੀਤ ਕੌਰ, ਬੀ.ਏ. ਦੂਜੇ ਸਾਲ ਦੀਆਂ ਕਾਜਲ, ਕੁਮਕੁਮ ਅਤੇ ਸ਼ਿਵਾਨੀ ਅਤੇ ਬੀ.ਏ. ਪਹਿਲੇ ਸਾਲ ਦੀਆਂ ਮਮਤਾ, ਨਰਿੰਦਰ ਕੌਰ ਅਤੇ ਕਾਜਲ ਨੇ ਉਤਸ਼ਾਹ ਨਾਲ ਭਾਗ ਲਿਆ। ਮੁਕਾਬਲੇ ਵਿੱਚ ਹਰਸ਼ਿਤਾ ਪਹਿਲੇ ਸਥਾਨ, ਕੁਮਕੁਮ ਦੂਜੇ ਅਤੇ ਬੰਦਨਾ ਤੀਜੇ ਸਥਾਨ 'ਤੇ ਰਹੀ । ਵਿਦਿਆਰਥਣਾਂ ਨੇ ਆਪਣੇ ਰਚਨਾਤਮਕ ਅਤੇ ਜਾਣਕਾਰੀ ਭਰਪੂਰ ਪੋਸਟਰਾਂ ਰਾਹੀਂ ਖ਼ੂਨਦਾਨ ਦੀ ਮਹੱਤਤਾ ਦਾ ਸੰਦੇਸ਼ ਦਿੱਤਾ।



# ਗੋਰਸੀਆਂ ਪੀਰਾਂ 'ਚ ਮਾਨ ਵੱਲੋਂ ਜਲ ਸਪਲਾਈ ਯੋਜਨਾ ਦਾ ਉਦਘਾਟਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਹਲਕਾ ਨਕੋਦਰ ਵਿੱਚ ਲੋਕਾਂ ਨੂੰ ਸਾਫ ਸੁਥਰਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਪੂਰੇ ਯਤਨ ਕੀਤੇ ਹਨ। ਲੰਬੇ ਸਮੇਂ ਤੋਂ ਪਿੰਡ ਗੋਰਸੀਆਂ ਪੀਰਾਂ ਵਿੱਚ ਪੀਣ ਵਾਲੇ ਪਾਣੀ ਦੀ ਮੰਗ ਨੂੰ ਲੈ ਕੇ 78 ਲੱਖ 43 ਹਜ਼ਾਰ ਦੀ ਲਾਗਤ ਨਾਲ ਟਿਊਬਵੈੱਲ, ਪਾਣੀ ਵਾਲੀ ਟੈਂਕੀ, ਲੋਕਾਂ ਦੇ ਘਰਾਂ ਤੱਕ ਪਾਣੀ ਦੀ ਸਪਲਾਈ ਪਹੁੰਚਾਈ ਗਈ ਹੈ। ਵਿਧਾਇਕ ਇੰਦਰਜੀਤ ਕੌਰ ਮਾਨ ਨੇ ਜਲ ਸਪਲਾਈ ਯੋਜਨਾ ਦਾ ਉਦਘਾਟਨ ਕਰਨ ਉਪਰੰਤ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਇਸ ਪਿੰਡ ਨੂੰ ਇਹ ਸਹੂਲਤ ਨਹੀ ਦਿੱਤੀ ਸੀ ਜਿਸ ਕਰਕੇ ਇਹ ਮੰਗ ਗੋਰਸੀਆਂ ਪੀਰਾਂ ਦੀ ਹੁਣ ਪੂਰੀ ਹੋਈ ਹੈ। ਬੀਬੀ ਮਾਨ ਨੇ ਆਖਿਆ ਕਿ ਹਰੇਕ ਪਿੰਡ ਵਿੱਚ ਲੋਕਾਂ ਨੂੰ ਖਾਸ ਕਰਕੇ ਪੀਣ ਵਾਲੇ ਪਾਣੀ ਬਾਰੇ ਮੇਰੇ ਵੱਲੋਂ ਪੁੱਛਿਆ ਜਾਂਦਾ ਕਿ ਕੋਈ ਵੀ ਘਰ ਸਾਫ ਪੀਣ ਵਾਲੇ ਪਾਣੀ ਤੋਂ ਵਾਂਝਾ ਨਹੀ ਰਹਿਣਾ ਚਾਹੀਦਾ। ਇਸ ਮੌਕੇ ਵਾਟਰ ਸਪਲਾਈ ਦੇ ਐਸ ਡੀ ਓ ਮਨਜੀਤ ਸਿੰਘ, ਸਰਪੰਚ ਕਮਲਜੀਤ ਕੌਰ, ਕੁਲਦੀਪ ਸਿੰਘ ਬਲਾਕ ਪ੍ਰਧਾਨ ਐਸ.ਸੀ ਵਿੰਗ, ਮਨਜੀਤ ਕੌਰ ਪੰਚ, ਅਵਤਾਰ ਸਿੰਘ ਪੰਚ, ਅਵਤਾਰ ਸਿੰਘ ਲਾਲਾ, ਕੁਲਦੀਪ ਸਿੰਘ ਪ੍ਰਧਾਨ ਗੁਰਦੁਆਰਾ ਸਿੰਘ ਸਭਾ, ਸਰਪੰਚ ਗੁਰਬਖਸ਼ ਕੌਰ ਜਨਤਾ ਨਗਰ, ਬਲਵੰਤ ਸਿੰਘ ਕੋਟ ਬਾਦਲ ਖਾਂ, ਬਲਕਾਰ ਸਿੰਘ ਬੂਥ ਇੰਚਾਰਜ ਜਨਤਾ ਨਗਰ, ਕਸ਼ਮੀਰ ਸਿੰਘ, ਸੁਰਜੀਤ ਸਿੰਘ, ਡਾਕਟਰ ਜੋਗਿੰਦਰ ਸਿੰਘ, ਕੁਲਵੀਰ ਸਿੰਘ, ਗੁਰਨਾਮ ਸਿੰਘ, ਜੋਗਾ ਸਿੰਘ, ਗੁਰਬਾਜ ਸਿੰਘ ਇਸ ਮੌਕੇ ਤੇ ਹਾਜ਼ਰ ਸਨ।



# ਸੜਕ ਹਾਦਸੇ ਨੌਜਵਾਨ ਦੀ ਮੌਤ, ਦੂਜਾ ਗੰਭੀਰ ਜ਼ਖਮੀ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)**— ਜਲੰਧਰ ਰੋਡ 'ਤੇ ਸਾਇੰਸ ਸਿਟੀ ਚੌਂਕੀ ਨੇੜੇ ਵਡਾਲਾ ਫਲਾਈਓਵਰ 'ਤੇ ਵਾਪਰੇ ਸੜਕ ਹਾਦਸੇ ਵਿੱਚ ਇੱਕ ਨੌਜਵਾਨ ਦੀ ਮੌਤ ਹੋ ਗਈ, ਜਦਕਿ ਉਸਦਾ ਸਾਥੀ ਗੰਭੀਰ ਜ਼ਖਮੀ ਹੋ ਗਿਆ।ਦੋਵੇਂ ਨੌਜਵਾਨ ਮੋਟਰਸਾਈਕਲ 'ਤੇ ਸਵਾਰ ਸਨ ਅਤੇ ਫਲਾਈਓਵਰ ਤੋਂ ਲੰਘ ਰਹੇ ਸਨ।ਇਸ ਦੌਰਾਨ ਮੋਟਰਸਾਈਕਲ ਸਲਿੱਪ ਹੋਣ ਕਾਰਨ ਦੋਵੇਂ ਸੜਕ 'ਤੇ ਡਿੱਗ ਕੇ ਗੰਭੀਰ ਜ਼ਖਮੀ ਹੋ ਗਏ।ਰਾਹਗੀਰਾਂ ਵੱਲੋਂ ਦੋਵਾਂ ਨੂੰ ਇਲਾਜ ਲਈ ਜਲੰਧਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।ਹਾਦਸੇ ਵਿੱਚ ਜਤਿੰਦਰ ਪੁੱਤਰ ਮੁਲਖ ਦਾਸ, ਵਾਸੀ ਪੀਰ ਚੌਧਰੀ ਰੋਡ, ਦੀ ਇਲਾਜ ਦੌਰਾਨ ਮੌਤ ਹੋ ਗਈ, ਜਦਕਿ ਉਸਦੇ ਸਾਥੀ ਅਮਿਤ ਵਾਸੀ ਆਰ.ਸੀ.ਐੱਫ. ਗੇਟ ਨੰਬਰ-2 ਦਾ ਇਲਾਜ ਜਾਰੀ ਹੈ।ਥਾਣਾ ਸਦਰ ਦੇ ਐੱਸ.ਐੱਚ.ਓ. ਮੇਜਰ ਸਿੰਘ ਨੇ ਹਾਦਸੇ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮ੍ਰਿਤਕ ਦੀ ਲਾਸ਼ ਕਬਜ਼ੇ ਵਿੱਚ ਲੈ ਕੇ ਸਿਵਲ ਹਸਪਤਾਲ ਕਪੂਰਥਲਾ ਦੇ ਮੁਰਦਾਘਰ ਵਿੱਚ ਰਖਵਾ ਦਿੱਤੀ ਗਈ ਹੈ।ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕਰਨ ਉਪਰੰਤ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# ਖੁੱਡੀਆਂ ਦੀ ਰਿਹਾਇਸ਼ ਅੱਗੇ ਧਰਨਾ ਅੱਜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪਸ਼ੂਪਾਲਨ ਵਿਭਾਗ ਦੀ ਅਫਸਰਸ਼ਾਹੀ ਵੱਲੋਂ ਵੈਟਨਰੀ ਇੰਸਪੈਕਟਰਾਂ ਦੀਆਂ ਧੜਾਧੜ ਕੀਤੀਆਂ ਜਾ ਰਹੀਆਂ ਮੁਅੱਤਲੀਆਂ, ਚਾਰਜਸ਼ੀਟਾਂ ਅਤੇ ਕਾਰਨ ਦੱਸੋ ਨੋਟਿਸ ਜਾਰੀ ਕਰਨ ਖਿਲਾਫ 4 ਅਕਤੂਬਰ ਨੂੰ ਪਸ਼ੂ ਪਾਲਣ ਵਿਭਾਗ ਦੇ ਕੈਬਨਿਟ ਵਜੀਰ ਗੁਰਮੀਤ ਸਿੰਘ ਖੁੱਡੀਆਂ ਦੀ ਨਿੱਜੀ ਰਿਹਾਇਸ਼ ਤੇ ਦਸਤਕ ਦੇਣ ਦੇ ਫੈਸਲਾ ਕੀਤਾ ਹੈ। ਪੰਜਾਬ ਸਟੇਟ ਵੈਟਨਰੀ ਇੰਸਪੈਕਟਰਜ ਦੇ ਸੂਬਾ ਪ੍ਰਧਾਨ ਗੁਰਦੀਪ ਬਾਸੀ ਅਤੇ ਜਨਰਲ ਸਕੱਤਰ ਵਿਪਨ ਕੁਮਾਰ ਗੋਇਲ ਨੇ ਦੱਸਿਆ ਕੇ ਪਸ਼ੂ ਪਾਲਣ ਵਿਭਾਗ ਦੀ ਅਫਸਰਸ਼ਾਹੀ ਵੈਟਨਰੀ ਇੰਸਪੈਕਟਰ ਕੇਡਰ ਉਪਰ ਨਜਾਇਜ ਜਬਰ ਕਰ ਰਹੀ ਹੈ।ਇਸ ਮੌਕੇ ਸਤਿਨਾਮ ਸਿੰਘ ਅੰਮ੍ਰਿਤਸਰ, ਧਰਮਵੀਰ ਸਿੰਘ ਸਰਾਂ, ਪਰਵੀਨ ਕੁਮਾਰ ਸੈਣੀ, ਰਜਿੰਦਰ ਕੰਬੋਜ, ਰਾਕੇਸ਼ ਸੈਣੀ, ਮੋਹਿਤ ਕੁਮਾਰ ਕਪੂਰਥਲਾ, ਹਰਦੀਪ ਸਿੰਘ ਮੋਗਾ, ਜਸਪਾਲ ਸਿੰਘ ਫਰੀਦਕੋਟ, ਦਮਨਦੀਪ ਸਿੰਘ ਗਿੱਲ, ਡੀ ਵੀ ਆਈ ਗੁਰਜੀਤ ਸਿੰਘ ਪਠਾਣਕੋਟ, ਗੁਰਿੰਦਰਪਾਲ ਸਿੰਘ ਨਵਾਂਸ਼ਹਿਰ, ਹਰਜੋਤ ਸਿੰਘ ਸੈਣੀ, ਜਗਜੀਤ ਸਿੰਘ ਦੁੱਲਟ ਸੰਗਰੂਰ, ਮਨਜੀਤ ਸਿੰਘ ਮਲੇਰਕੋਟਲਾ ਸਮੇਤ ਹੋਰ ਸੂਬਾਈ ਆਗੂ ਹਾਜਰ ਸਨ।

# ਕਟਾਰੂਚਕ ਨੇ ਭੋਗਪੁਰ ਅਨਾਜ ਮੰਡੀ 'ਚ ਝੋਨੇ ਦੀ ਖ਼ਰੀਦ ਦਾ ਲਿਆ ਜਾਇਜ਼ਾ

**ਜਲੰਧਰ (ਇਕਬਾਲ ਸਿੰਘ ਉਭੀ)**- ਪੰਜਾਬ ਦੇ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਭੋਗਪੁਰ ਅਨਾਜ ਮੰਡੀ ਵਿੱਚ ਝੋਨੇ ਦੀ ਖ਼ਰੀਦ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਖ਼ਰੀਦ ਲਈ ਵਿਆਪਕ ਪ੍ਰਬੰਧ ਯਕੀਨੀ ਬਣਾਏ ਗਏ ਹਨ ਅਤੇ ਮੰਡੀਆਂ ਵਿੱਚ ਕਿਸਾਨਾਂ ਨੂੰ ਆਪਣੀ ਫ਼ਸਲ ਦੀ ਵਿਕਰੀ ਲਈ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਝੋਨੇ ਦੀ ਖ਼ਰੀਦ ਲਈ ਪੰਜਾਬ ਨੂੰ ਪਹਿਲਾਂ ਹੀ 42786.68 ਕਰੋੜ ਰੁਪਏ ਦੀ ਸੀ.ਸੀ.ਐਲ. ਲਿਮਿਟ ਪ੍ਰਾਪਤ ਹੋ ਚੁੱਕੀ ਹੈ ਅਤੇ ਖ਼ਰੀਦੇ ਗਏ ਝੋਨੇ ਲਈ ਕਿਸਾਨਾਂ ਨੂੰ ਤੁਰੰਤ ਅਤੇ ਨਿਰਵਿਘਨ ਅਦਾਇਗੀ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਸੂਬੇ ਨੂੰ ਸੀਜ਼ਨ 2026-27 ਦੌਰਾਨ 180 ਲੱਖ ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਦਾ ਟੀਚਾ ਮਿਲਿਆ ਹੈ ਅਤੇ ਸੂਬਾ ਸਰਕਾਰ ਵੱਲੋਂ ਕਿਸਾਨਾਂ ਦੀ ਫ਼ਸਲ 2461 ਰੁਪਏ ਕੁਇੰਟਲ ਦੇ ਹਿਸਾਬ ਨਾਲ ਖ਼ਰੀਦੀ ਜਾਵੇਗੀ। ਉਨ੍ਹਾਂ ਦੱਸਿਆ ਕਿ ਖ਼ਰੀਦ ਕਾਰਜਾਂ ਨੂੰ ਨਿਰਵਿਘਨ ਢੰਗ ਨਾਲ ਨੇਪਰੇ ਚਾੜ੍ਹਨ ਲਈ 1887 ਮੰਡੀਆਂ ਨੋਟੀਫਾਈ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਮੰਡੀਆਂ ਵਿੱਚ ਬਿਜਲੀ, ਪੀਣ ਵਾਲੇ ਸਾਫ਼ ਪਾਣੀ ਸਮੇਤ ਹੋਰ ਲੋੜੀਂਦੀਆਂ ਸਹੂਲਤਾਂ ਸਬੰਧੀ ਢੁੱਕਵੇਂ ਪ੍ਰਬੰਧ ਯਕੀਨੀ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਲੋੜੀਂਦੀ ਮਾਤਰਾ ਵਿੱਚ ਬਾਰਦਾਨਾ ਉਪਲਬਧ ਹੈ ਅਤੇ ਖ਼ਰੀਦੇ ਗਏ ਝੋਨੇ ਦੀ ਲਿਫ਼ਟਿੰਗ ਤੇ ਅਦਾਇਗੀ ਨਾਲੋ-ਨਾਲ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਮੰਡੀਆਂ ਵਿੱਚ ਝੋਨਾ ਪੂਰੀ ਤਰ੍ਹਾਂ ਸੁਕਾ ਕੇ ਲਿਆਉਣ ਦੀ ਅਪੀਲ ਕੀਤੀ ਤਾਂ ਜੋ ਉਨ੍ਹਾਂ ਦੀ ਫ਼ਸਲ ਦੀ ਖ਼ਰੀਦ ਬਿਨਾਂ ਕਿਸੇ ਬੇਲੋੜੀ ਦੇਰੀ ਦੇ ਹੋ ਸਕੇ।ਇਸ ਮੌਕੇ ਚੇਅਰਮੈਨ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਪਵਨ ਕੁਮਾਰ ਟੀਨੂੰ, ਵਿਧਾਇਕ ਟਾਂਡਾ ਜਸਬੀਰ ਸਿੰਘ ਰਾਜਾ ਗਿੱਲ, ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ ਹਰਸ਼ਰਨਜੀਤ ਸਿੰਘ ਬਰਾੜ, ਜ਼ਿਲ੍ਹਾ ਮੰਡੀ ਅਫ਼ਸਰ ਅਰਵਿੰਦਰ ਸਿੰਘ, ਏ.ਐਫ.ਐਸ.ਓ. ਗੁਰਵਿੰਦਰ ਸਿੰਘ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜੱਸ ਦਿਆਲ ਸਿੰਘ, ਅਮਰੀਕ ਸਿੰਘ ਸੈਣੀ, ਪਰਮਜੀਤ ਪੰਮਾ ਆਦਿ ਵੀ ਮੌਜੂਦ ਸਨ।


ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥



ਪਾਠ ਦਾ ਭੋਗ ਤੇ ਅੰਤਿਮ ਅਰਦਾਸ

ਆਪ ਜੀ ਨੂੰ ਬੜੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ

ਸ. ਅਕਾਸ਼ਦੀਪ ਸਿੰਘ ਗਿੱਲ

ਸਪੁੱਤਰ ਸ੍ਰ. ਜਗਵਿੰਦਰਪਾਲ ਸਿੰਘ ਜੱਗਾ ਮਜੀਠਾ
ਸਾਬਕਾ ਹਲਕਾ ਇੰਚਾਰਜ

ਬੀਤੇ ਦਿਨੀਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ, ਉਨ੍ਹਾਂ ਦੀ ਆਤਮਕਿ ਸ਼ਾਂਤੀ ਲਈ ਰਖੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਸਾਡੇ ਗ੍ਰਹਿ ਮਜੀਠਾ ਵਿਖੇ ਮਿਤੀ 05-10-2026 ਦਿਨ ਸੋਮਵਾਰ ਨੂੰ ਪੈਣਗੇ ਉਪਰੰਤ ਕੀਰਤਨ ਅਤੇ ਅੰਤਿਮ ਅਰਦਾਸ ਦੁਪਹਿਰ 12 ਤੋਂ 02 ਵਜੇ ਤੱਕ ਦਾਣਾ ਮੰਡੀ ਮਜੀਠਾ ਵਿਖੇ ਹੋਵੇਗੀ। ਇਸ ਦੁੱਖਦ ਘੜੀ ਵਿੱਚ ਤੁਹਾਡੀ ਆਮਦ ਸਾਡੇ ਦੁਖ ਨੂੰ ਹੋਰ ਹਲਕਾ ਕਰੇਗੀ।

ਅਕਾਲ ਪੁਰਖ ਦੇ ਭਾਣੇ ਵਿੱਚ

ਸਮੂਹ ਗਿੱਲ ਪਰਿਵਾਰ ਅਤੇ ਸੰਧੂ ਪਰਿਵਾਰ ਤੇ ਰਿਸਤੇਦਾਰ
M: 70092-80253, 89890-00081


# ਸਮਾਜ ਸੇਵੀ ਵੱਲੋਂ ਧੁਲੇਤਾ ਸਕੂਲ 'ਚ ਵਰਦੀਆਂ ਤੇ ਸਟੇਸ਼ਨਰੀ ਦੀ ਵੰਡ

**ਗੁਰਾਇਆ (ਬਿੰਦਰ ਸੁਮਨ)**- ਉੱਘੇ ਸਮਾਜ ਸੇਵੀ ਸਰਦਾਰ ਸੁੱਚਾ ਸਿੰਘ ਰਾਹੀ (ਯੂ ਐਸ ਏ) ਪਿੰਡ ਰਾਜਪੁਰਾ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਧੁਲੇਤਾ ਬਲਾਕ ਗਰਾਇਆ-ਦੋ ਵਿਖੇ ਐਲ ਕੇ ਜੀ ਅਤੇ ਯੂ ਕੇ ਜੀ ਦੇ 54 ਵਿਦਿਆਰਥੀਆਂ ਨੂੰ ਵਰਦੀਆਂ ਵੰਡੀਆਂ ਗਈਆਂ। ਇਸ ਦੇ ਨਾਲ ਹੀ ਪਹਿਲੀ ਤੋਂ ਪੰਜਵੀਂ ਜਮਾਤ ਦੇ ਸੌ ਵਿਦਿਆਰਥੀਆਂ ਨੂੰ ਸਟੇਸ਼ਨਰੀ ਦੀ ਵੰਡ ਕੀਤੀ ਗਈ।ਸਕੂਲ ਦੇ ਮੁੱਖ ਅਧਿਆਪਕ ਯੋਗੇਸ਼ਵਰ ਕਾਲੀਆ ਦੀ ਪ੍ਰੇਰਨਾ ਸਦਕਾ ਸਕੂਲ ਦੇ ਸਮੂਹ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।ਸੁੱਚਾ ਸਿੰਘ ਰਾਹੀ ਪਿੰਡ ਰਾਜਪੁਰਾ ਜੋ ਹੁਣ ਕੈਲੀਫੋਰਨੀਆ, ਯੂ ਐਸ ਏ ਰਹਿ ਰਹੇ ਹਨ, ਵੀ 1950 ਦੇ ਦਹਾਕੇ ਵਿੱਚ ਇਸ ਸਕੂਲ ਦੇ ਵਿਦਿਆਰਥੀ ਰਹਿ ਚੁੱਕੇ ਹਨ। ਉਸ ਤੋਂ ਬਾਅਦ ਉਹ ਉਚੇਰੀ ਪੜ੍ਹਾਈ ਲਈ ਕੈਨੇਡਾ ਤੇ ਯੂਨੀਵਰਸਿਟੀ ਆਫ ਕੈਲੀਫੋਰਨੀਆ ਅਮਰੀਕਾ ਗਏ ਅਤੇ ਉੱਥੇ ਹੀ ਆਪ ਸਿਵਲ ਸਰਵਿਸਿਸ ਕੈਲੇਫੋਰਨੀਆ ਦੀ ਪ੍ਰੀਖਿਆ ਪਾਸ ਕਰਕੇ ਅਮਰੀਕਾ ਵਿੱਚ ਉੱਚ ਪ੍ਰਸ਼ਾਸਨਕ ਅਹੁਦਿਆਂ ਤੇ ਰਹੇ ਅਤੇ ਸੰਨ 2000 ਵਿੱਚ ਰਿਟਾਇਰ ਹੋਏ। ਸੁੱਚਾ ਸਿੰਘ ਰਾਹੀ ਪਿਛਲੇ ਕਈ ਸਾਲਾਂ ਤੋਂ ਪੇਂਡੂ ਖੇਤਰਾਂ ਵਿੱਚ ਸਿੱਖਿਆ ਨੂੰ ਪ੍ਰਮੋਟ ਕਰਨ ਦੇ ਲਈ ਵੱਖ-ਵੱਖ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਨਗਦ ਸਕਾਲਰਸ਼ਿਪ ਦੇਣ ਲਈ ਸਮਾਰੋਹ ਵੀ ਕਰਵਾ ਰਹੇ ਹਨ ਅਤੇ ਕਈ ਲੋੜਵੰਦ ਵਿਦਿਆਰਥੀਆਂ ਦੀ ਉਚੇਰੀ ਪੜ੍ਹਾਈ ਲਈ ਫੀਸਾਂ ਅਤੇ ਹੋਰ ਸਹਾਇਤਾ ਵੀ ਮੁਹੱਈਆ ਕਰਵਾ ਰਹੇ ਹਨ। ਪਿੰਡ ਰਾਜਪੁਰਾ ਦੇ ਕਈ ਲੋੜਵੰਦ ਪਰਵਾਰਾਂ ਨੂੰ ਹਰ ਦੋ ਮਹੀਨੇ ਬਾਅਦ ਘਰੇਲੂ ਵਰਤੋਂ ਲਈ ਰਾਸ਼ਨ ਵੰਡ ਸਮਾਰੋਹ ਵੀ ਕਰਵਾਉਂਦੇ ਹਨ। ਸਕੂਲ ਦੇ ਅਧਿਆਪਕਾਂ, ਗ੍ਰਾਮ ਪੰਚਾਇਤ ਧੁਲੇਤਾ ਅਤੇ ਸਕੂਲ ਮੈਨੇਜਮੈਂਟ ਕਮੇਟੀ ਨੇ ਸੁੱਚਾ ਸਿੰਘ ਰਾਹੀ ਦਾ ਇਸ ਨੇਕ ਉਪਰਾਲੇ ਲਈ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਸਕੂਲ ਮੁੱਖ ਅਧਿਆਪਕ ਯੋਗੇਸ਼ਵਰ ਕਾਲੀਆ, ਪਰਮਿੰਦਰਜੀਤ ਕੌਰ, ਬਲਵੰਤ ਸਿੰਘ ਰਿਟਾਇਰਡ ਸਾਇੰਸ ਮਾਸਟਰ, ਪਰਦੀਪ ਸਿੰਘ ਰਾਜਪੁਰਾ, ਮਨਜੀਤ ਕੌਰ ਰਾਜਪੁਰਾ, ਜਸਵਿੰਦਰ ਸਿੰਘ ਵਿਰਕ, ਬਲਜੀਤ ਕੌਰ ਵਿਰਕ, ਕਰਮਜੀਤ ਸਿੰਘ ਵਿਰਕ, ਸੁਭਾਸ਼ ਸ਼ਰਮਾ ਰਿਟਾਇਰਡ ਆਈ ਏ ਐਸ, ਮੈਡਮ ਪ੍ਰਵੀਨ ਸ਼ਰਮਾ ਰਿਟਾਇਰਡ ਪ੍ਰਿੰਸੀਪਲ, ਪਰਗਟ ਸਿੰਘ ਸਾਬਕਾ ਸਰਪੰਚ ਪਿੰਡ ਧਲੇਤਾ, ਬਲਵੀਰ ਕਲੇਰ ਚੇਅਰਮੈਨ ਐਸ ਐਮ ਸੀ, ਕੇਵਲ ਸਿੰਘ ਪਟਵਾਰੀ ਅਤੇ ਸਕੂਲ ਦਾ ਸਮੂਹ ਸਟਾਫ, ਵਿਦਿਆਰਥੀਆਂ ਦੇ ਮਾਪੇ ਹਾਜ਼ਰ ਸਨ ।ਇਸ ਸਮਾਰੋਹ ਵਿੱਚ ਬੱਚਿਆਂ ਨੇ ਖ਼ੂਬਸੂਰਤ ਪੇਸ਼ਕਾਰੀਆਂ ਕੀਤੀਆਂ।




LOVELY PROFESSIONAL UNIVERSITY
Transforming Education Transforming India
NAAC GRADE A++

INVITING PEOPLE FROM ACADEMIA AND INDUSTRY for the Positions of

**Deans/Additional Deans/Associate Deans in the following Disciplines**

- Engineering
- Research & Development
- Computer Science & Engg.
- Computer Applications
- Electronics & Electrical Engg.
- Mechanical Engineering
- Agriculture
- Food Tech. & Nutrition Dietetics
- Bioengineering & Biosciences
- Civil Engineering
- Physical Sciences
- Management
- Architecture
- Interior Design
- Product Design
- Law
- Education
- ITEP
- ISITEP
- Physical Education
- Social Sciences & Languages
- Journalism
- Film, Theatre & Music
- Fashion Design
- Hotel Management
- Tourism & Airlines
- Design (Multimedia)
- Fine Arts
- Pharmaceutical Sciences
- Physiotherapy
- Medical Laboratory Sciences

**Professors/Associate Professors/Assistant Professors in the following Disciplines**

- Computer Science & Engineering
- AI and ML/ Data Science/ Data Engineering
- Cyber Security/ DevOps/ Programming
- Computer Applications & IT
- Electronics & Electrical Engineering
- Robotics and Automation/ VLSI
- Embedded System/ Electric Vehicle
- Mechanical Engg./ Aerospace Engg.
- Automobile Engg./ Mechatronics Engg.
- Civil Engineering/ Chemical Engineering
- Biotechnology/ Microbiology
- Molecular Biology & Genetic Engineering
- Bioinformatics/ Biomedical/ Biochemistry
- Forensic Science/ Botany/Zoology
- Physics/ Chemistry/ Maths/ Statistics
- Agronomy/ Agricultural Economics/
- Agricultural Extension Education/ Entomology/
- Genetics & Plant Breeding/ Horticulture/
- Soil Science/ Plant Pathology/ Animal Science/
- Agricultural Engineering/ Agrometeorology
- Agroforestry
- Food Science & Technology/ Nutrition & Dietetics
- Pharmaceutical Sciences/Ayurvedic Pharmacy
- Physiotherapy/Medical Lab. Sciences
- Anatomy/ Physiology/ Respiratory Technology
- Anaesthesia and Operation Theatre
- Optometry/ Radiology/ Cardiovascular
- Histology and Cytopathology/ Dialysis
- Embryology/Clinical Biochemistry/Optometry
- Pathology/ Haematology/ Histopathology
- Psychology/ Clinical Psychology
- Law/ Public Administration/ Library Sciences
- Business Analytics/ Digital Marketing
- Marketing/ Finance/ Fintech/ Statistics
- HR/ Operations/ Economics
- Agri Business Management/ Commerce
- Banking & Insurance/ HR Analytics
- International Business/Strategy
- E-Commerce/Entrepreneurship
- Marketing Analytics/ Forensic Accounting
- Hospital & Health Care Management
- Hotel Management/ Tourism & Airlines
- Film & TV Production
- Journalism & Mass Communication
- Multimedia & Animation
- Gaming, Graphics and UI/ UX
- Fashion Design/Fashion Technology
- Architecture/ Urban Planning/ Design
- Interior & Furniture Design
- Interaction Design(UI/UX)
- Product & Industrial Design
- Fine Arts/ Performing Arts
- Education/ ITEP/ ISITEP (MD)
- English/ Hindi/Punjabi/ Sociology
- Geography/ History/ Political Science
- Physical Education/ Yoga
- **Trainers** - Communication Skills/ Soft Skills/ Analytical Skills
- **Foreign Languages** - German/ French/ Spanish/ Chinese/Japanese

**WE OFFER STRONG SUPPORT AND FACILITATION FOR RESEARCH**

- Incentives for research papers indexed in Scopus/WoS
- Travel Grants for National and International conferences
- Seed money for initiation of research work
- Incentives and matching funds for research grants received from Govt. Organizations
- Revenue sharing on Consultancy Projects
- Support for IPR filing and Commercialization
- Incentives for Patent Grant
- Multi-disciplinary Project Grants
- Short and Long Term International Fellowship
- Provision for Post Doc Fellowships
- Research appreciation awards

**Directors/Deputy Directors/Assistant Directors/Officers in the following Areas**

- Distance and Online Education
- Admissions
- Professional Enhancement
- Placements
- Industry Interface
- Social Media
- Digital Marketing
- Media and Public Relations
- Brand Development
- Advertising
- Content Development
- Marketing
- Influencer Marketing
- Alumni Relations
- International Affairs
- Study Abroad
- Planning
- Governance
- Chartered Accountant
- Company Secretary
- Software Development (React, .Net Core, .Net, mvc)
- Mobile Application Developers
- Website
- IT Infrastructure
- Information Technology (IT)
- Human Resource
- Talent Acquisition
- Performance Management
- Rankings & Accreditation
- HR Training
- Library
- Legal
- Legislative Affairs
- Legal Compliances
- Finance & Budgeting
- Administration
- IPR/ Consultancy
- Sponsored Research
- Central Instrumentation Faculty (CIF)
- Youth Affairs
- Arts & Culture
- Sports
- Innovation
- Entrepreneurship
- Construction
- Architecture
- Electrical/ Maintenance
- Housekeeping
- Hospitality
- Resident Medical Officer
- Horticulture & Landscaping
- Procurement
- Hostels (Boys/Girls)
- Fire Officers
- Security & Safety

**Technical Staff-Lab Technicians, Workshop Instructors, Workshop Superintendents etc. in the following disciplines**

- Computer Science /IT
- Mechanical Engineering
- Electronic & Electrical Engineering
- Civil Engineering
- Agriculture
- Bioengineering & Biosciences
- Pharmacy
- Fashion
- Architecture
- Fine Arts
- Hotel Management
- Pharmacy
- Physiotherapy
- Medical Lab Sciences
- Physics/ Chemistry

**Other Positions**

- Administrators
- Deputy/Assistant Registrars
- Administrative Officers
- Accountants
- PA/PS
- Law Officers
- Chef/ Steward/Kitchen Helper
- Office Assistants
- Computer Operators
- Clinical Psychologists
- Nursing Staff
- Store Officers
- Transport Officers
- Admission Counselors
- Stenos
- Civil Engineers
- SPP -Technicians/ Engineers/ Supervisors
- Land Surveyors
- Structural Engineers
- Architects
- Graphic Designers
- Interior Designers
- House Keeping Supervisors
- Network/ Wi-fi/ Server Support Engg.
- Purchase Officers
- Inventory Officers
- Hostel Wardens (Boys/Girls)
- Coaches for Sports (Olympic Games)
- Cultural Instructors
- Asstt. NCC Officers
- NSS Coordinators
- Library Staff
- Photographers/ Videographers
- Security Supervisors
- Mess Supervisors

**Supporting Staff**

- Peons
- Drivers
- Security Guards (Male/ Female)
- House Keeping Staff (Male/Female)
- Welders
- Plumbers
- Carpenters
- Electricians
- Sewermans
- Masons
- Mason Helpers
- Helpers
- Flex Workers
- Markers
- Fabricators
- Electronics Repair Technicians
- AC Technicians
- Water Cooler Technicians
- Water Filter Technicians
- RO Plant Technicians

Special consideration for researchers with funded projects
People from industry (in Job or Retired) may also apply for Full Time, Part Time or Visiting Faculty positions.
Candidates with Ph.D. will be given preference
Facilities Available - Residential, Medical, Transport, Pre-Primary School and Creche
The University reserves the right to not fill any of the above post(s).

Candidates should apply online at www.lpu.in/jobs
Call us at: 01824-520200
(Monday to Saturday) | 9 AM to 5 PM
Jalandhar-Delhi G.T.Road, Phagwara (Punjab)-144411
For more details, visit our website: www.lpu.in
Scan to Apply



ਸਭਨਾਂ ਦੇਸ਼ਾਂ ਦੇ ਪ੍ਰੋਲਤਾਰੀਓ, ਇਕ ਹੋ ਜਾਓ
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਮੇਰੇ ਅੰਦਰ ਅਜੇ ਵੀ ਸੁਲਘਦੀ
ਰਾਖ ਬਾਕੀ ਹੈ
ਕਦੋਂ ਅੰਗਿਆਰ ਬਣ ਜਾਵੇ
ਕੋਈ ਫ਼ਿਕਰ ਨਹੀਂ ਮੈਨੂੰ।
- ਬਲਜੀਤ ਬੱਲ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 4 ਅਕਤੂਬਰ 2026 www.nawanzamana.in ਕੀਮਤ 5.00 ਰੁਪਏ


# ਕਮਾਂਡ ਦੀ ਡਿਮਾਂਡ ਤੇ ਇਨਸਾਨ

ਆਰਟੀਫੀਸ਼ਲ ਇੰਟੈਲੀਜੈਂਸ (ਏ ਆਈ) ਨੂੰ ਲੈ ਕੇ ਦੁਨੀਆ ਭਰ 'ਚ ਹਲਚਲ ਮਚੀ ਹੋਈ ਹੈ। ਹਰ ਦਿਨ ਇਸ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੇ ਦਾਅਵੇ ਹੋ ਰਹੇ ਹਨ, ਜਿਸ ਨਾਲ ਆਮ ਇਨਸਾਨ ਡਰਿਆ ਹੋਇਆ ਹੈ। ਇੱਕ ਪਾਸੇ ਜਿੱਥੇ ਓਪਨ ਏ ਆਈ ਅਤੇ ਐਂਥਰੋਪਿਕ ਦੇ ਹੈੱਡ ਕਹਿ ਰਹੇ ਹਨ ਕਿ ਏ ਆਈ 'ਤੇ ਲਗਾਮ ਪਾਉਣੀ ਜ਼ਰੂਰੀ ਹੈ, ਉਥੇ ਹੀ ਦੂਜੇ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕਹਿ ਰਹੇ ਹਨ ਕਿ ਅਸੀਂ ਏ ਆਈ ਨੂੰ ਰੋਕ ਨਹੀਂ ਸਕਦੇ, ਜੇ ਅਸੀਂ ਇਸ ਨੂੰ ਰੋਕਦੇ ਹਾਂ ਤਾਂ ਚੀਨ ਸਾਡੇ ਤੋਂ ਅੱਗੇ ਨਿਕਲ ਜਾਵੇਗਾ। ਇਹ ਕਿਹੋ ਜਿਹੀ ਦੌੜ ਲੱਗੀ ਹੈ, ਜਿਸ 'ਚ ਹਰ ਇੱਕ ਦੇਸ਼ ਇੱਕ-ਦੂਜੇ ਤੋਂ ਅੱਗੇ ਨਿਕਲਣਾ ਚਾਹੁੰਦਾ ਹੈ। ਚਾਹੇ ਇਸ ਦੇ ਬਦਲੇ ਬਾਕੀ ਦੁਨੀਆ ਚਾਹੇ ਕੋਈ ਵੀ ਨੁਕਸਾਨ ਝੱਲੇ। ਮਾਈਕ੍ਰੋਸਾਫ਼ਟ ਦੇ ਸਹਿ-ਸੰਸਥਾਪਕ ਬਿਲ ਗੇਟਸ ਨੇ ਚੇਤਾਵਨੀ ਦਿੱਤੀ ਕਿ 'ਦੁਨੀਆ ਦੀ ਕੋਈ ਵੀ ਸਰਕਾਰ ਹਾਲੇ ਤੱਕ ਉਨ੍ਹਾ ਬਦਲਾਵਾਂ ਲਈ ਪੂਰੀ ਤਰ੍ਹਾਂ ਤਿਆਰ ਨਹੀਂ, ਜੋ ਏ ਆਈ ਸਮਾਜ 'ਚ ਬਦਲਾਅ ਲਿਆ ਸਕਦਾ ਹੈ। ਉਨ੍ਹਾ ਦਾ ਕਹਿਣਾ ਹੈ ਕਿ ਏ ਆਈ ਨਾਲ ਨੌਕਰੀਆਂ 'ਤੇ ਅਸਰ ਪੈ ਸਕਦਾ ਹੈ, ਸਾਇਬਰ


**ਕਮਲਜੀਤ ਥਾਬਲਕੇ**


ਹਮਲੇ ਵਧ ਸਕਦੇ ਹਨ।' ਏ ਆਈ ਪਹਿਲਾਂ ਹੀ ਇਸ ਤਰ੍ਹਾਂ ਦੇ ਕੰਮ ਕਰਨ ਲੱਗਾ ਹੈ, ਜੋ ਕੁਝ ਸਾਲ ਪਹਿਲਾਂ ਤੱਕ ਸਿਰਫ਼ ਇਨਸਾਨ ਕਰਦਾ ਸੀ। ਆਉਣ ਵਾਲੇ ਸਮੇਂ 'ਚ ਏ ਆਈ ਹੋਰ ਜ਼ਿਆਦਾ ਕੰਮ ਕਰਨ ਲੱਗੇਗਾ ਤਾਂ ਕਈ ਨੌਕਰੀਆਂ ਦਾ ਤਰੀਕਾ ਤਾਂ ਬਦਲਣਾ ਸੁਭਾਵਕ ਹੈ ਅਤੇ ਕੁਝ ਨੌਕਰੀਆਂ ਦੀ ਜ਼ਰੂਰਤ ਵੀ ਘਟ ਸਕਦੀ ਹੈ। ਲੋਕਾਂ 'ਚ ਏ ਆਈ ਨਾਲ ਗੱਲਬਾਤ ਦੀ ਲਤ ਵੀ ਲੱਗ ਸਕਦੀ ਹੈ।

ਇੱਕ ਪਾਸੇ ਕੰਪਨੀਆਂ ਏ ਆਈ ਨੂੰ ਹੋਰ ਸ਼ਕਤੀਸ਼ਾਲੀ ਬਣਾਉਣ ਦੀ ਦੌੜ 'ਚ ਲੱਗੀਆਂ ਹੋਈਆਂ ਹਨ, ਉਥੇ ਦੂਜੇ ਪਾਸੇ ਵਿਗਿਆਨੀ ਅਤੇ ਟੈਕ ਇੰਡਸਟਰੀਆਂ ਦੇ ਵੱਡੇ ਨਾਂਅ ਇਸ ਦੇ ਖ਼ਤਰਿਆ ਨੂੰ ਲੈ ਕੇ ਚੇਤਾਵਨੀ ਦੇ ਰਹੇ ਹਨ। ਏ ਆਈ ਕੰਪਨੀਆਂ ਦੇ ਸੀ ਈ ਓ ਇਸ ਦੀ ਰਫ਼ਤਾਰ ਨੂੰ ਘੱਟ ਕਰਨ ਲਈ ਕਹਿ ਰਹੇ ਹਨ, ਪਰ ਕੋਈ ਸਹੀ ਮਾਇਨੇ 'ਚ ਇਸ ਦੀ ਰਫ਼ਤਾਰ ਘੱਟ ਕਰਨਾ ਨਹੀਂ ਚਾਹੁੰਦਾ।

ਇਸ ਲੇਖ ਰਾਹੀਂ ਅਸੀਂ ਦੋ ਗੱਲਾਂ ਵੱਲ ਧਿਆਨ ਦਿਵਾਉਣਾ ਚਾਹੁੰਦੇ ਹਾਂ, ਪਹਿਲੀ ਇਹ ਕਿ ਕੀ ਸੱਚਮੁੱਚ ਕੰਪਿਊਟਰ ਨਾਲ ਜੁੜੀਆਂ ਨੌਕਰੀਆਂ ਖ਼ਤਮ ਹੋ ਜਾਣਗੀਆਂ। ਦੂਜੀ ਇਹ ਕਿ ਏ ਆਈ ਜਾਂ ਇਸ ਤੋਂ ਅਡਵਾਂਸ ਆਉਣ ਵਾਲਾ ਏ ਜੀ ਆਈ ਸਾਡੇ ਹਿੱਸੇ ਦਾ ਪਾਣੀ ਪੀ ਜਾਵੇਗਾ।

ਗੱਲ ਮੁੱਢ ਤੋਂ ਸ਼ੁਰੂ ਕਰਦੇ ਹਾਂ, ਜਦ ਕੰਪਿਊਟਰ ਦੇ ਆਉਣ 'ਤੇ ਫਿਰ ਮੋਬਾਇਲ ਕ੍ਰਾਂਤੀ ਨੇ ਇਸ ਦੁਨੀਆ ਦੇ ਰਹਿਣ-ਸਹਿਣ ਦਾ ਤਰੀਕਾ ਬਦਲ ਦਿੱਤਾ। ਕੰਪਿਊਟਰ ਤੇ ਮੋਬਾਇਲ ਤੋਂ ਬਾਅਦ ਏ ਆਈ ਨੇ ਦੁਨੀਆ ਦੇ ਸੋਚਣ-ਸਮਝਣ ਦਾ ਨਜ਼ਰੀਏ ਬਦਲ ਦਿੱਤਾ ਹੈ, ਜੋ ਕੰਮ ਅਸੀਂ ਕਈ ਘੰਟਿਆ 'ਚ ਕਰਦੇ ਹਾਂ, ਉਸ ਨੂੰ ਏ ਆਈ ਕੁਝ ਹੀ ਮਿੰਟਾਂ 'ਚ ਕਰ ਕੇ ਸਾਡੇ ਸਾਹਮਣੇ ਰੱਖ ਦਿੰਦਾ ਹੈ। ਕੁਝ ਸਾਲਾਂ 'ਚ ਏ ਆਈ ਟੂਲਜ਼ ਨੇ ਸਾਡੇ ਕੰਮ ਕਰਨ ਦਾ ਤਰੀਕਾ ਬਦਲ ਦਿੱਤਾ। ਈਮੇਲ ਲਿਖਣ ਤੋਂ ਲੈ ਕੇ ਡਾਕੂਮੈਂਟ ਆਨਲਾਈਨ ਕਰਨ ਤੱਕ ਸਾਰੇ ਕੰਮ ਏ ਆਈ ਨਾਲ ਹੋ ਰਹੇ ਹਨ। ਇਸ ਦੇ ਨਾਲ ਹੀ ਕੁਝ ਡਰਾਉਣ ਵਾਲੀਆਂ ਖ਼ਬਰਾਂ ਵੀ ਹਰ ਰੋਜ਼ ਆਉਂਦੀਆਂ ਰਹਿੰਦੀਆਂ ਹਨ ਕਿ ਇਨਸਾਨਾਂ ਦੇ ਕੋਲ ਸਿਰਫ਼ ਕੁਝ ਕੁ ਸਾਲ ਹੀ ਹਨ, ਜਦ ਏ ਆਈ ਪੂਰੀ ਦੁਨੀਆ ਨੂੰ ਬਦਲ ਦੇਵੇਗਾ।

ਇਸ ਸੰਬੰਧ 'ਚ ਗੂਗਲ ਦੇ ਬਿਜ਼ਨੈੱਸ ਚੀਫ਼ ਨੇ ਇੱਕ ਚੇਤਾਵਨੀ ਦਿੱਤੀ ਕਿ ਏ ਆਈ ਤਾਂ ਸਿਰਫ਼ ਇੱਕ ਛੋਟੀ ਜਿਹੀ ਝਲਕ ਹੈ, (ਉਸ ਤਰ੍ਹਾਂ ਜਿਸ ਤਰ੍ਹਾਂ ਅਸੀਂ ਕਦੇ ਕਦੇ ਕਹਿ ਦਿੰਦੇ ਹਾਂ, ਇਹ ਤਾਂ ਫ਼ਿਲਮ ਦਾ ਟਰੇਲਰ ਹੈ, ਅਸਲ ਫ਼ਿਲਮ ਤਾਂ ਬਾਕੀ ਹੈ।) ਸਹੀ ਮਾਇਨੇ 'ਚ ਏ ਆਈ ਬਹੁਤ ਸ਼ਕਤੀਸ਼ਾਲੀ ਹੋਵੇਗਾ। ਉਨ੍ਹਾ ਦਾ ਕਹਿਣਾ ਹੈ ਕਿ ਇਨਸਾਨਾਂ ਕੋਲ ਬਹੁਤ ਘੱਟ ਸਮਾਂ ਹੈ। ਆਉਣ ਵਾਲੇ ਤਿੰਨ-ਚਾਰ ਸਾਲਾਂ 'ਚ ਏ ਆਈ ਏਨਾ ਸ਼ਕਤੀਸ਼ਾਲੀ ਹੋ ਜਾਵੇਗਾ ਕਿ ਉਹ ਪੂਰੀ ਦੁਨੀਆਂ ਨੂੰ ਬਦਲ ਦੇਵੇਗਾ। ਉਨ੍ਹਾ ਦਾ ਅਨੁਮਾਨ ਹੈ ਕਿ 2028 ਤੋਂ ਬਾਅਦ ਆਰਟੀਫਿਸ਼ੀਅਲ ਜਨਰਲ ਇੰਟੈਲੀਜੈਂਸ (ਏ ਜੀ ਆਈ) ਦਾ ਦੌਰ ਆਵੇਗਾ, ਜੋ ਏ ਆਈ ਤੋਂ ਏ ਜੀ ਆਈ 'ਚ ਬਦਲ ਜਾਵੇਗਾ। ਉਸ ਸਮੇਂ ਅਰਥ ਵਿਵਸਥਾ ਅਤੇ ਸਮਾਜ 'ਚ ਵੀ ਬਦਲਾਅ ਦੇਖਣ ਨੂੰ ਮਿਲਣਗੇ। ਨਵੀਂ ਟੈਕਨਾਲਾਜੀ ਦੇ ਆਉਣ ਨਾਲ ਕਈ ਖ਼ਤਰੇ ਵੀ ਪੈਦਾ ਹੋਣਗੇ, ਜਿਨ੍ਹਾਂ 'ਚ ਇੱਕ ਸਭ ਤੋਂ ਵੱਡਾ ਹੈ ਨੌਕਰੀਆਂ ਦਾ ਜਾਣਾ। ਸਭ ਤੋਂ ਪਹਿਲਾਂ ਗ੍ਰਾਫਿਕਸ ਡਿਜ਼ਾਇਨਰ, ਐਂਟਰੀ ਲੈਵਲ ਦੀਆਂ ਨੌਕਰੀਆਂ, ਕਾਲ ਏਜੰਟ, ਕੰਪਿਊਟਰ 'ਤੇ ਕੰਮ ਕਰਨ ਵਾਲੇ ਲੋਕਾਂ ਦੀਆਂ ਨੌਕਰੀਆਂ ਨੂੰ ਝਟਕਾ ਲੱਗ ਸਕਦਾ ਹੈ। ਉਦਾਹਰਣ ਲਈ ਅਸੀਂ ਇੱਕ ਇਸ਼ਤਿਹਾਰ ਨੂੰ ਬਣਾਉਣ ਲਈ ਬਹੁਤ ਸਮਾਂ ਲੈਂਦੇ ਹਾਂ, ਉਸ ਇਸ਼ਤਿਹਾਰ ਦੇ ਗ੍ਰਾਫਿਕ ਨੂੰ ਆਪਣੇ ਦਿਮਾਗ 'ਚ ਸੋਚਦੇ ਹਾਂ ਕਿ ਇਸ ਚੀਜ਼ ਨੂੰ ਇੱਥੇ ਫਿੱਟ ਕਰਾਂ ਤੇ ਫਿਰ ਇਹ ਚੰਗਾ ਲੱਗੇਗਾ, ਪਰ ਜਦ ਇਹੀ ਇਸ਼ਤਿਹਾਰ ਇੱਕ ਏ ਆਈ ਨੂੰ ਬਣਾਉਣ ਲਈ ਕਹਿੰਦਾ ਹਾਂ ਤਾਂ ਉਹ ਕੁਝ ਸੈਕਿੰਡਾਂ 'ਚ ਬਣਾ ਕੇ ਸਾਡੇ ਸਾਹਮਣੇ ਰੱਖ ਦਿੰਦਾ ਹੈ, ਉਹ ਵੀ ਸਾਡੀ ਸੋਚ ਤੋਂ ਕਈ ਗੁਣਾ ਚੰਗਾ। ਫਿਰ ਉਸ ਨੂੰ ਤੁਸੀਂ ਜਿੰਨੀ ਵਾਰੀ ਮਰਜ਼ੀ ਪੁੱਠਾ-ਸਿੱਧਾ ਕਰਕੇ ਉਸ ਤੋਂ ਬਣਾਈ ਜਾਓ, ਜਦ ਤੱਕ ਤੁਹਾਡੀ ਤਸੱਲੀ ਨਹੀਂ ਹੁੰਦੀ, ਉਹ ਕੋਈ ਗੁੱਸਾ-ਗਿਲਾ ਨਹੀਂ ਕਰਦਾ। ਇਸ ਤਰ੍ਹਾਂ ਇੱਕ ਵੀਡੀਓ ਐਡੀਟਰ ਵੀਡੀਓ ਨੂੰ ਬਣਾਉਣ ਲਈ ਕਈ ਘੰਟੇ ਲਾਉਂਦਾ ਹੈ, ਪਰ ਇੱਕ ਏ ਆਈ ਉਸ ਨੂੰ ਕੁਝ ਮਿੰਟਾਂ 'ਚ ਤਿਆਰ ਕਰਕੇ ਦੇ ਦਿੰਦਾ ਹੈ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ, ਜਿਨ੍ਹਾਂ ਤੋਂ ਸਾਨੂੰ ਲੱਗਦਾ ਹੈ ਕਿ ਆਉਣ ਵਾਲੇ ਸਮੇਂ 'ਚ ਕੰਪਿਊਟਰ ਨਾਲ ਸੰਬੰਧਤ ਨੌਕਰੀਆਂ ਖ਼ਤਰੇ 'ਚ ਆ ਸਕਦੀਆਂ ਹਨ।

ਨੌਕਰੀਆਂ ਜਾਣ ਦਾ ਡਰ ਇਸ ਗੱਲ ਤੋਂ ਵੀ ਪੈਦਾ ਹੋ ਰਿਹਾ ਹੈ ਕਿ ਹੁਣੇ ਜਿਹੇ ਇੱਕ ਵਿਅਕਤੀ ਨੇ 'ਚੈਟ ਜੀ ਪੀ ਟੀ-6 ਐਸਟਾ' ਜ਼ਰੀਏ ਰੇਲਵੇ ਦੀ ਵੈੱਬਸਾਈਟ 'ਤੇ ਤਤਕਾਲ ਰੇਲ ਗੱਡੀ ਦੀ ਟਿਕਟ ਬੁੱਕ ਕਰਨ ਦਾ ਵੀਡੀਓ ਸ਼ੇਅਰ ਕੀਤਾ, ਜਿਸ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਵੀਡੀਓ 'ਚ ਦਿਖਾਇਆ ਗਿਆ ਕਿ ਕਿਸ ਤਰ੍ਹਾਂ ਉਸ ਨੇ ਸਿਰਫ਼ ਇੱਕ ਪ੍ਰੋਮਟ ਅਤੇ ਸਮੇਂ ਦੀ ਕਮਾਂਡ ਦਿੱਤੀ ਸੀ, ਜਿਸ ਤੋਂ ਬਾਅਦ ਏ ਆਈ ਨੇ ਠੀਕ ਸਮੇਂ ਆਪਣੇ-ਆਪ ਵੈੱਬਸਾਈਟ ਖੋਲ੍ਹ ਕੇ ਯਾਤਰੀ ਜਾਣਕਾਰੀ ਭਰੀ। ਆਈ ਆਰ ਸੀ ਟੀ ਸੀ ਦਾ ਸਰਵਰ ਡਾਊਨ ਹੋਣ 'ਤੇ ਜੋ ਅਕਸਰ ਡਾਊਨ ਰਹਿੰਦਾ ਹੈ, ਉਸ ਨੂੰ ਖੁਦ ਵਾਰ-ਵਾਰ ਰਿਫਰੈਸ਼ ਕੀਤਾ ਅਤੇ ਵੈੱਬਸਾਈਟ ਚਾਲੂ ਹੁੰਦੇ ਹੀ ਪ੍ਰੀਲੋਡ ਵਾਲੇਟ ਤੋਂ ਪੈਸੇ ਦੇ ਕੇ ਬੁਕਿੰਗ ਪੂਰੀ ਕੀਤੀ। ਇਸ ਘਟਨਾ ਦਾ ਪ੍ਰਮਾਣ ਦੇਣ ਲਈ ਏ ਆਈ ਨੇ 'ਆਈ ਆਰ ਸੀ ਟੀ ਸੀ' ਤੋਂ ਮਿਲਿਆ ਕਨਫਰਮੇਸ਼ਨ ਈ ਮੇਲ ਵੀ ਸਾਂਝਾ ਕੀਤਾ। ਇਸ ਵੀਡੀਓ ਨੂੰ ਲੋਕ ਦੇਖ ਕੇ ਹੈਰਾਨ ਰਹਿ ਗਏ ਗਏ। ਇਨ੍ਹਾਂ ਗੱਲਾਂ ਤੋਂ ਲੱਗਦਾ ਹੈ ਕਿ ਭਵਿੱਖ 'ਚ ਏ ਆਈ ਇਨਸਾਨਾਂ ਲਈ ਰੁਜ਼ਗਾਰ ਲਈ ਵੱਡਾ ਖ਼ਤਰਾ ਹੋ ਸਕਦਾ ਹੈ। ਜਿੰਨਾ ਵੀ ਅਸੀਂ ਏ ਆਈ ਦਾ ਵੱਧ ਇਸਤੇਮਾਲ ਕਰਾਂਗੇ, ਉਹ ਓਨਾ ਹੀ ਤੇਜ਼ੀ ਤੇ ਸਟੀਕ ਜਵਾਬ ਦੇਣ 'ਚ ਮਾਹਰ ਹੁੰਦਾ ਜਾਵੇਗਾ ਤੇ ਅਸੀਂ ਓਨੇ ਹੀ ਡਲ ਦਿਮਾਗ ਦੇ ਬਣਦੇ ਜਾਵਾਂਗੇ।

ਏ ਆਈ ਆਪਣੇ-ਆਪ 'ਚ ਕੋਈ ਖ਼ਤਰਾ ਨਹੀਂ, ਪਰ ਕੰਪਨੀਆਂ ਇਸ ਨੂੰ ਕਿਸ ਤਰ੍ਹਾਂ ਇਸਤੇਮਾਲ ਕਰਦੀਆਂ ਹਨ, ਉਹ ਖ਼ਤਰਾ ਹੈ। ਆਉਣ ਵਾਲੇ ਸਾਲਾਂ 'ਚ ਇਸ ਤਰ੍ਹਾਂ ਦੇ ਸਿਸਟਮ ਆ ਰਹੇ ਹਨ, ਜੋ ਆਪਣੇ ਕੋਡ ਆਪਣੇ-ਆਪ ਸੁਧਾਰਨਗੇ, ਨਾਲ ਦੀ ਨਾਲ ਚੇਂਜ ਵੀ ਕਰ ਸਕਦੇ ਹਨ ਅਤੇ ਖੁਦ ਨੂੰ ਹੋਰ ਬੇਹਤਰ ਕਰ ਸਕਣਗੇ, ਜੇ ਇਸ ਤਰ੍ਹਾਂ ਹੋਣ ਲੱਗ ਗਿਆ ਤਾਂ ਆਉਣ ਵਾਲਾ ਕੱਲ੍ਹ ਕਿੰਨਾ ਖ਼ਤਰਨਾਕ ਹੋ ਸਕਦਾ ਹੈ, ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੈ।

ਇਸ ਦੀ ਚੇਤਾਵਨੀ 27 ਸਾਲਾ ਦੇ ਇੱਕ ਰਿਸਰਚਰ ਨੇ ਦਿੱਤੀ ਹੈ। ਐਂਥਰੋਪਿਕ ਦੇ ਰਿਸਰਚਰ ਦੇ ਅਸਤੀਫ਼ੇ ਨੇ ਦੁਨੀਆ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਏ ਆਈ ਆਉਣ ਵਾਲੇ ਸਾਲਾਂ 'ਚ ਇਨਸਾਨ ਦੀ ਸੱਭਿਆਤਾ ਖ਼ਤਮ ਕਰ ਸਕਦਾ ਹੈ। ਐਂਥਰੋਪਿਕ ਦੇ ਸੀ ਈ ਓ ਡਾਰੀਓ ਅਮਾਦੇਈ ਨੇ ਇੱਕ ਚੇਤਾਵਨੀ ਦਿੱਤੀ ਕਿ ਆਉਣ ਵਾਲੇ ਸਾਲਾਂ 'ਚ ਏ ਆਈ ਏਜੰਟਾਂ ਦਾ ਇੱਕ ਸਮੂਹ ਪੈਦਾ ਹੋ ਸਕਦਾ ਹੈ, ਜੋ ਇੰਟਰਨੈੱਟ ਦੇ ਇੱਕ ਵੱਡੇ ਹਿੱਸੇ 'ਤੇ ਕੰਟਰੋਲ ਕਰ ਸਕਦਾ ਹੈ। ਉਨ੍ਹਾ ਆਉਣ ਵਾਲੇ ਕੱਲ੍ਹ 'ਤੇ ਆਪਣਾ ਅਨੁਮਾਨ ਲਾਇਆ ਕਿ ਇਸ ਨਾਲ ਸੈਂਕੜੇ ਅਰਬ ਡਾਲਰਾਂ ਦਾ ਨੁਕਸਾਨ ਹੋ ਸਕਦਾ ਹੈ। ਡੇਰੀਓ ਅਮੋਦੇਈ ਨੇ ਏ ਆਈ ਨੂੰ ਡਿਵੈੱਲਪ ਕਰਨ ਦੀ ਸਪੀਡ ਨੂੰ ਹੌਲੀ ਕਰਨ ਅਤੇ ਉਸ 'ਤੇ ਸਖ਼ਤ ਨਜ਼ਰ ਰੱਖਣ ਲਈ ਕਿਹਾ। ਦੂਜੇ ਪਾਸੇ ਐਂਥਰੋਪਿਕ ਛੱਡ ਚੁੱਕੇ ਇੱਕ ਰਿਸਰਚਰ ਨੇ ਚੇਤਾਵਨੀ ਦਿੱਤੀ ਸੀ ਕਿ ਜੇਕਰ ਰਫ਼ਤਰ ਘੱਟ ਨਾ ਕੀਤੀ ਗਈ ਤਾਂ ਅਗਲੇ ਸਾਲਾਂ 'ਚ ਇਨਸਾਨ ਦਾ ਅਸਤਿਤਵ ਖ਼ਤਰੇ 'ਚ ਪੈ ਸਕਦਾ ਹੈ।

ਅੱਜ ਬਹੁਤ ਸਾਰੇ ਲੋਕ ਚੈਟ ਜੀ ਪੀ ਟੀ ਨੂੰ ਬਿਨਾਂ ਸੋਚ-ਸਮਝੇ ਇਸਤੇਮਲ ਕਰਦੇ ਹਨ। ਹੁਣ ਇੱਕ ਛੋਟੀ ਉਦਾਹਾਰਣ, ਜੋ ਮੈਂ ਹਰ ਰੋਜ਼ ਦੇਖਦਾ ਹਾਂ ਕਿ ਮੇਰੇ ਕੋਲ ਬਹੁਤ ਸਾਰੀਆਂ ਖ਼ਬਰਾਂ ਆਉਂਦੀਆਂ ਹਨ, ਠੀਕ ਤਰ੍ਹਾਂ ਬਣਾਈ ਖ਼ਬਰ ਨੂੰ ਵੀ ਕਈ ਪੱਤਰਕਾਰ ਏ ਆਈ 'ਚ ਸੁੱਟ ਕੇ ਉਸ ਖ਼ਬਰ ਦੀ ਐਸੀ ਕੀ ਤੈਸੀ ਕਰ ਦਿੰਦੇ ਹਨ। ਇਸ ਦਾ ਪ੍ਰੋਗਰਾਮ ਇਸ ਤਰ੍ਹਾਂ ਨਾਲ ਡਿਵੈੱਲਪ ਕੀਤਾ ਗਿਆ ਕਿ ਉਹ ਹਰ ਵਾਰ ਇੱਕ ਖ਼ਬਰ ਜਾਂ ਇੱਕ ਆਰਟੀਕਲ ਨੂੰ ਉਸੇ ਤਰ੍ਹਾਂ ਹੀ ਤਿਆਰ ਕਰਦਾ ਹੈ। ਇਸੇ ਤਰ੍ਹਾਂ ਇੱਕ ਤਸਵੀਰ ਦੀ ਕਲਰ ਕੋਡਿੰਗ ਤੋਂ ਵੀ ਪਤਾ ਲੱਗ ਜਾਂਦਾ ਹੈ ਕਿ ਇਹ ਤਸਵੀਰ ਏ ਆਈ ਤੋਂ ਤਿਆਰ ਕੀਤੀ ਗਈ ਹੈ। ਉਸ ਤਸਵੀਰ ਵਿੱਚ ਵੀ ਇੱਕੋ ਤਰ੍ਹਾਂ ਦੇ ਕਲਰ ਦਿਖਾਈ ਦਿੰਦੇ ਹਨ। ਏ ਆਈ ਨੂੰ ਬੇਵਜ੍ਹਾ ਇਸਤੇਮਾਲ ਕਰਨ ਵਾਲੇ ਕਦੇ ਇਹ ਨਹੀਂ ਸੋਚਦੇ ਇਸ ਪਿੱਛੇ ਕੀ ਚੱਲ ਰਿਹਾ, ਕਿੰਨੀ ਬਿਜਲੀ ਦੀ ਖ਼ਪਤ ਹੋ ਰਹੀ, ਕਿੰਨਾ ਪਾਣੀ ਅਜਾਈਂ ਜਾ ਰਿਹਾ ਹੈ, ਸਾਡੇ ਮੋਬਾਇਲ ਦਾ ਡਾਟਾ ਖਰਚ ਹੋ ਰਿਹਾ ਹੈ, ਸਾਡੀ ਜ਼ਿੰਦਗੀ 'ਤੇ ਕੀ ਅਸਰ ਪਾਵੇਗਾ। ਜਿੰਨਾ ਵੀ ਮੈਟਰ ਅਸੀਂ ਏ ਆਈ ਨੂੰ ਦਿੰਦੇ ਹਾਂ, ਉਹ ਸਾਰਾ ਸਰਵਰਾਂ 'ਚ ਸਟੋਰ ਹੋ ਰਿਹਾ ਹੁੰਦਾ ਹੈ। ਏ ਆਈ ਨੂੰ ਜੋ ਅਸੀਂ ਕਰਨ ਲਈ ਕਹਿੰਦੇ ਹਾਂ, ਜਦ ਕੋਈ ਤਸਵੀਰ ਜਾਂ ਕੋਈ ਖ਼ਬਰ ਜਾਂ ਫਿਰ ਕੋਈ ਲੇਖ ਸਾਨੂੰ ਠੀਕ ਲੱਗਦਾ ਹੈ ਤਾਂ ਅਸੀਂ ਕਾਪੀ ਕਰ ਲੈਂਦੇ ਹਾਂ, ਉਹ ਉਸ 'ਚ ਸਟੋਰ ਹੋ ਜਾਂਦਾ ਹੈ, ਉਸ ਨੂੰ ਪਤਾ ਲੱਗਦਾ ਹੈ ਕਿ ਇਸ ਬੰਦੇ ਨੇ ਇਸ ਨੂੰ ਸਹੀ ਕਹਿ ਕੇ ਕਾਪੀ ਕਰ ਲਿਆ, ਕਈ ਵਾਰੀ ਤਾਂ ਉਹ ਖੁਦ ਸਾਨੂੰ ਇਸ




ਦੇ ਸਹੀ ਹੋਣ ਬਾਰੇ ਪੁੱਛਦਾ ਹੈ। ਇਸ ਨਾਲ ਏ ਆਈ ਦੀ ਸੋਚਣ, ਸਮਝਣ ਦੀ ਸਮਰੱਥਾ ਵਧ ਰਹੀ ਹੁੰਦੀ ਹੈ। ਅਸੀਂ ਸਿਰਫ਼ ਇੱਕ ਭੇਡ-ਚਾਲ 'ਚ ਉਲਝਦੇ ਜਾ ਰਹੇ ਹਾਂ, ਹਰ ਕੋਈ ਇਸ ਦਾ ਇਸਤੇਮਾਲ ਦੇਖੋ-ਦੇਖੀ ਕਰ ਰਿਹਾ ਹੈ। ਹਾਂ, ਅਸੀਂ ਇਸ ਤਰ੍ਹਾਂ ਵੀ ਨਹੀਂ ਕਹਿੰਦੇ ਕਿ ਸਾਨੂੰ ਟੈਕਨਾਲੋਜੀ ਦੇ ਨਾਲ ਚੱਲਣਾ ਨਹੀਂ ਚਾਹੀਦਾ, ਪਰ ਜਿੱਥੇ ਜ਼ਰੂਰਤ ਹੈ, ਉਥੇ ਵਰਤੋਂ ਤਾਂ ਟੈਕਨਾਲੋਜੀ ਸਾਡੀ ਜ਼ਿੰਦਗੀ 'ਚ ਇੱਕ ਨਵੀਂ ਤਰੱਕੀ ਲੈ ਕੇ ਆ ਸਕਦੀ ਹੈ।

ਹੁਣ ਗੱਲ ਕਰਦੇ ਹਾਂ, ਜਿਸ ਦੀ ਸਾਨੂੰ ਸਭ ਤੋਂ ਵੱਧ ਜ਼ਰੂਰਤ ਪੈਂਦੀ ਹੈ, ਉਹ ਹੈ ਪਾਣੀ, ਜੋ ਹੁਣ ਸਾਡੇ ਤੋਂ ਵੱਧ ਜ਼ਰੂਰਤ ਵਾਲੀ ਇੱਕ ਇਲੈਕਟ੍ਰੋਨਿਕ ਡਿਵਾਇਸ ਪੈਦਾ ਹੋ ਗਈ। ਸਾਡੀ ਜ਼ਿੰਦਗੀ 'ਚ ਏ ਆਈ ਏਨਾ ਸਧਾਰਨ ਹੋ ਗਿਆ ਹੈ ਕਿ ਅਸੀਂ ਉਸ ਤੋਂ ਕੋਈ ਵੀ ਸਵਾਲ ਪੁੱਛਦੇ ਹਾਂ, ਮਿੰਟਾਂ-ਸੈਕਿੰਡਾਂ 'ਚ ਉਸ ਦਾ ਜਵਾਬ ਸਾਡੀ ਸਕਰੀਨ 'ਤੇ ਝਟਕੀ-ਪਟਕੀ ਆ ਜਾਂਦਾ ਹੈ। ਏ ਆਈ ਕੋਈ ਜਾਦੂ ਨਹੀ, ਅਸੀਂ ਕਦੇ ਇਹ ਨਹੀਂ ਸੋਚਦੇ ਕਿ ਇਸ ਪਿੱਛੇ ਕੀ ਚੱਲ ਰਿਹਾ ਹੈ। ਏ ਆਈ ਚੁੱਪਚਾਪ ਧਰਤੀ ਦਾ ਪਾਣੀ ਪੀ ਰਿਹਾ ਹੈ। ਏ ਆਈ ਨੂੰ ਚੱਲਦਾ ਰੱਖਣ ਲਈ ਵੱਡੇ-ਵੱਡੇ ਸਰਵਰ ਦਿਨ-ਰਾਤ ਕੰਮ ਕਰ ਰਹੇ ਹਨ। ਜਦੋਂ ਇਨ੍ਹਾਂ ਸਰਵਰਾਂ 'ਚ ਕੋਈ ਸਵਾਲ ਜਾਂਦਾ ਹੈ ਤਾਂ ਇਹ ਪੂਰੀ ਤਾਕਤ ਨਾਲ ਉਸ ਦਾ ਜਵਾਬ ਖੋਜਣ 'ਚ ਲੱਗ ਜਾਂਦੇ ਹਨ ਤੇ ਏਨੀ ਹੀਟ ਪੈਦਾ ਕਰਦੇ ਹਨ ਕਿ ਉਨ੍ਹਾਂ ਨੂੰ ਠੰਢਾ ਕਰਨ ਲਈ ਪਾਣੀ ਦਾ ਇਸਤੇਮਾਲ ਕੀਤਾ ਜਾਂਦਾ ਹੈ। ਡਾਕਟਰ ਕਹਿੰਦੇ ਹਨ ਕਿ ਇੱਕ ਸਿਹਤਮੰਦ ਇਨਸਾਨ ਲਈ ਘੱਟੋ-ਘੱਟ ਤਿੰਨ ਲੀਟਰ ਪਾਣੀ ਦੀ ਜ਼ਰੂਰਤ ਹੁੰਦੀ ਹੈ, ਏ ਆਈ ਨੂੰ ਇੱਕ ਸਵਾਲ ਪੁੱਛਣ 'ਤੇ ਆਮ ਤੌਰ 'ਤੇ ਅੱਧਾ ਲੀਟਰ ਪਾਣੀ ਖਰਚ ਹੋ ਜਾਂਦਾ ਹੈ। ਜੇਕਰ ਕਿਸੇ ਏ ਆਈ 'ਤੇ ਅਸੀਂ ਕਈ ਘੰਟੇ ਉਸ ਨਾਲ ਸਵਾਲ-ਜਵਾਬ ਕਰਦੇ ਹਾਂ ਤਾਂ ਕਈ ਲੀਟਰ ਪਾਣੀ ਦੀ ਖਪਤ ਹੋ ਜਾਂਦੀ ਹੈ। ਜਦ ਅਸੀਂ ਸਕਰੀਨ 'ਤੇ ਇੱਕ ਹਾਈ ਕੁਆਲਿਟੀ ਦਾ ਏ ਆਈ ਵੀਡੀਓ ਬਣਾਉਂਦੇ ਹਾਂ ਤਾਂ ਸਾਨੂੰ ਲੱਗਦਾ ਹੈ ਕਿ ਅਸੀਂ ਇਸ ਨੂੰ ਫਰੀ 'ਚ ਲੈ ਲਿਆ, ਪਰ ਇਸ ਇੱਕ ਵੀਡੀਓ ਨੂੰ ਬਣਾਉਣ 'ਚ ਕਰੀਬ ਕਈ ਲੀਟਰ ਪਾਣੀ ਭਾਫ ਬਣ ਕੇ ਉਡ ਜਾਂਦਾ ਹੈ ਅਤੇ ਓਨੀ ਹੀ ਬਿਜਲੀ ਖਰਚ ਹੁੰਦੀ ਹੈ, ਜਿਸ ਨਾਲ ਸਾਡੇ ਘਰ ਦਾ ਬਲਬ ਜਗਦਾ ਹੈ।

ਇਨ੍ਹਾਂ ਡਾਟਾ ਸੈਂਟਰਾਂ ਨੂੰ ਚੌਵੀ ਘੰਟੇ ਠੰਢਾ ਰੱਖਣ ਲਈ ਆਉਣ ਵਾਲੇ ਸਾਲਾਂ 'ਚ 9.3 ਲੱਖ ਕਰੋੜ ਲੀਟਰ ਪਾਣੀ ਦੀ ਜ਼ਰੂਰਤ ਪਵੇਗੀ। ਏਨੇ ਪਾਣੀ ਨਾਲ ਕਰੋੜਾਂ ਲੋਕਾਂ ਦੀਆਂ ਪੂਰੇ ਸਾਲ ਪੀਣ ਵਾਲੇ ਪਾਣੀ ਦੀਆਂ ਬੁਨਿਆਦੀ ਜ਼ਰੂਰਤਾਂ ਪੂਰੀਆਂ




ਕੀਤੀਆਂ ਜਾ ਸਕਦੀਆਂ ਹਨ। ਇੱਕ ਅਨੁਮਾਨ ਇਹ ਵੀ ਕਹਿੰਦਾ ਹੈ ਕਿ ਆਉਣ ਵਾਲੇ ਸਾਲਾਂ 'ਚ ਏ ਆਈ ਸਿਸਟਮ ਸਾਲਾਨਾ 200 ਤੋਂ 700 ਅਰਬ ਲੀਟਰ ਤੱਕ ਪਾਣੀ ਦੀ ਪਖਤ ਕਰ ਸਕਦੇ ਸਨ। ਇਹ ਪਾਣੀ ਪੂਰੀ ਦੁਨੀਆ 'ਚ ਵਿਕਣ ਵਾਲੇ ਬੋਤਲਬੰਦ ਪਾਣੀ ਤੋਂ ਵੀ ਜ਼ਿਆਦਾ ਹੈ। ਮਤਲਬ ਜਿਸ ਪਾਣੀ ਨੂੰ ਲੋਕ ਖਰੀਦ ਕੇ ਪੀ ਰਹੇ ਹਨ, ਉਸ ਤੋਂ ਕਿਤੇ ਜ਼ਿਆਦਾ ਪਾਣੀ ਏ ਆਈ ਦੀਆਂ ਮਸ਼ੀਨਾਂ ਚੁੱਪਚਾਪ ਪੀ ਰਹੀਆਂ ਹਨ। ਇੱਕ ਪਾਸੇ ਦੁਨੀਆ ਦੀ ਵੱਡੀ ਅਬਾਦੀ ਨੂੰ ਹਾਲੇ ਵੀ ਪੀਣ ਵਾਲਾ ਪਾਣੀ ਮੁਸ਼ਕਲ ਨਾਲ ਨਸੀਬ ਹੁੰਦਾ ਹੈ। ਉਥੇ ਹੀ ਸਾਡਾ ਏ ਆਈ ਹਰ ਸਾਲ ਅਰਬਾਂ ਲੀਟਰ ਪਾਣੀ ਪੀ ਜਾਂਦੀ ਹੈ।

ਜਦ ਅਸੀਂ ਚੈਟ ਜੀ ਪੀ ਟੀ ਜਾਂ ਜੈਮੇਨਾਈ ਟੂਲਜ਼ ਨਾਲ ਇੱਕ ਤਸਵੀਰ ਬਣਾਉਂਦੇ ਹਾਂ ਤਾਂ ਇੱਕ ਤਸਵੀਰ ਬਣਾਉਣ ਲਈ ਇਹ ਏ ਆਈ ਟੂਲਜ਼ ਨੂੰ ਲਗਭਗ ਇੱਕ ਕੱਪ ਜਿੰਨੇ ਪਾਣੀ ਦੀ ਖਪਤ ਕਰ ਦਿੰਦੇ, ਉਹ ਵੀ ਪੀਣਯੋਗ ਪਾਣੀ। ਸੰਯੁਕਤ ਰਾਸ਼ਟਰ ਯੂਨੀਵਰਸਿਟੀ ਦੀ ਇੱਕ ਰਿਪੋਰਟ 'ਚ ਕਿਹਾ ਗਿਆ ਕਿ ਇੱਕ ਤਸਵੀਰ ਬਣਾਉਣ ਲਈ 29 ਮਿਲੀਲੀਟਰ ਪਾਣੀ ਖਤਮ ਹੋ ਸਕਦਾ ਹੈ, ਜੇ 35 ਤੋਂ 40 ਤਸਵੀਰਾਂ ਬਣਾ ਲਈਆਂ ਜਾਣ ਤਾਂ ਅੱਧਾ ਲੀਟਰ ਪਾਣੀ ਇਹ ਏ ਆਈ ਵੇਸਟ ਕਰ ਜਾਂਦੇ ਹਨ। ਜੇਕਰ ਇੱਕੋ ਵਾਰ ਕਿਸੇ ਦੇਸ਼ 'ਚ ਜਾਂ ਸੂਬੇ 'ਚ ਇੱਕ ਲੱਖ ਤਸਵੀਰਾਂ ਬਣ ਰਹੀਆਂ ਹਨ ਤਾਂ ਲਗਭਗ ਤਿੰਨ ਹਜ਼ਾਰ ਲੀਟਰ ਪਾਣੀ ਖਰਚ ਹੋ ਸਕਦਾ ਹੈ। ਸੁਣਨ ਲਈ ਇਹ ਚਾਹੇ ਸਾਨੂੰ ਅਜੀਬ ਲੱਗਦਾ ਹੈ, ਪਰ ਇਹ ਸੱਚ ਹੈ। ਜਦ ਅਸੀਂ ਕਿਸੇ ਏ ਆਈ ਨੂੰ ਕਮਾਂਡ ਦਿੰਦੇ ਹਾਂ ਤਾਂ ਦੁਨੀਆ ਦੇ ਕਿਸੇ ਕੋਨੇ 'ਚ ਰੱਖੇ ਡਾਟਾ ਸੈਂਟਰਾਂ 'ਚ ਲੱਗੇ ਪਰੋਸੈਸਰ ਉਸ ਕਮਾਂਡ ਦੀ ਡਿਮਾਂਡ ਨੂੰ ਪੂਰਾ ਕਰਨ ਲਈ ਆਪਣੀ ਪੂਰੀ ਤਾਕਤ ਲਾ ਦਿੰਦੇ ਹਨ, ਇਸ ਕੰਮ ਤੋਂ ਜੋ ਐਨਰਜੀ ਪੈਦਾ ਹੁੰਦੀ ਹੈ, ਉਸ ਨੂੰ ਠੰਢਾ ਕਰਨ ਲਈ ਪਾਣੀ ਦਾ ਇਸਤੇਮਾਲ ਹੁੰਦਾ ਹੈ। ਏ ਆਈ ਟੂਲਜ਼ ਨੂੰ ਚਲਾਉਣ ਲਈ ਹਜ਼ਾਰਾਂ ਸ਼ਕਤੀਸ਼ਾਲੀ ਕੰਪਿਊਟਰ (ਸਰਵਰ) ਲਗਾਤਾਰ ਕੰਮ ਕਰਦੇ ਹਨ। ਇਹ ਸਰਵਰ ਬਹੁਤ ਜ਼ਿਆਦਾ ਗਰਮੀ ਪੈਦਾ ਕਰਦੇ ਹਨ।ਇਨ੍ਹਾਂ ਨੂੰ ਸੜਨ ਤੋਂ ਬਚਾਉਣ ਅਤੇ ਠੰਢਾ ਰੱਖਣ ਲਈ ਕੂਲਿੰਗ ਟਾਵਰਾਂ 'ਚ ਲੱਖਾਂ ਲੀਟਰ ਸਾਫ਼ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ।ਇਸ ਦੇ ਨਾਲ ਹੀ ਏ ਆਈ ਸਿਸਟਮ ਬਹੁਤ ਜ਼ਿਆਦਾ ਬਿਜਲੀ ਦੀ ਖਪਤ ਕਰਦੇ ਹਨ।ਜਿਨ੍ਹਾਂ ਪਾਵਰ ਪਲਾਂਟਾਂ 'ਚ ਇਹ ਬਿਜਲੀ ਬਣਦੀ ਹੈ, ਉੱਥੇ ਵੀ ਭਾਫ਼ ਬਣਾਉਣ ਅਤੇ ਟਰਬਾਈਨਾਂ ਨੂੰ ਠੰਢਾ ਕਰਨ ਲਈ ਭਾਰੀ ਮਾਤਰਾ 'ਚ ਪਾਣੀ ਚਾਹੀਦਾ ਹੁੰਦਾ ਹੈ। ਇੱਕ ਸਧਾਰਨ ਸਰਵਰ ਦੇ ਮੁਕਾਬਲੇ ਏ ਆਈ ਸਰਵਰ ਬਹੁਤ ਜ਼ਿਆਦਾ ਬਿਜਲੀ ਦੀ ਮੰਗ ਕਰਦੇ ਹਨ। ਆਮ ਸਰਵਰ ਇੱਕ ਰੈਕ 'ਚ ਲਗਭਗ 15 ਤੋਂ 20 ਕਿਲੋਵਾਟ ਬਿਜਲੀ ਦੀ ਮੰਗ ਕਰਦੇ ਹਨ, ਜਦਕਿ ਏ ਆਈ ਸਰਵਾਰ 80 ਤੋਂ 15 ਕਿਲੋਵਾਟ ਤੱਕ (ਲਗਭਗ 8 ਤੋਂ 10 ਗੁਣਾ) ਜ਼ਿਆਦਾ ਬਿਜਲੀ ਦੀ ਮੰਗ ਕਰਦੇ ਹਨ। ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਦੀ ਇੱਕ ਰਿਪੋਰਟ ਅਨੁਸਾਰ ਏ ਆਈ ਦੀ ਮਦਦ ਨਾਲ ਈਮੇਲ ਲਿਖਵਾਉਣਾ ਜਾਂ ਚੈਟ ਕਰਨ 'ਤੇ ਲਗਭਗ ਇੱਕ ਗਲਾਸ ਦੇ ਬਰਾਬਰ ਪਾਣੀ ਖ਼ਰਚ ਹੋ ਜਾਂਦਾ ਹੈ।

ਕਈ ਵਾਰ ਅਸੀਂ ਸੋਚਦੇ ਹਾਂ ਕਿ ਜੇ ਇਨ੍ਹਾਂ ਸਰਵਰਾਂ ਨੂੰ ਠੰਢਾ ਹੀ ਰੱਖਣ ਦੀ ਜ਼ਰੂਰਤ ਹੈ ਤਾਂ ਇਨ੍ਹਾਂ ਨੂੰ ਕਿਉਂ ਨਹੀਂ ਜਿੱਥੇ ਬਰਫ਼ ਦੇ ਗਲੇਸ਼ੀਅਰ ਹਨ ਜਾਂ ਜਿੱਥੇ ਹਮੇਸ਼ਾ ਬਰਫ਼ ਹੀ ਰਹਿੰਦੀ ਹੈ, ਉਥੇ ਰੱਖਿਆ ਜਾਵੇ, ਪਰ ਇਸ ਤਰ੍ਹਾਂ ਵੀ ਨਹੀਂ ਕਰ ਸਕਦੇ, ਇਸ ਦਾ ਪਹਿਲਾ ਕਾਰਨ ਹੈ ਕਿ ਇੰਟਰਨੈੱਟ ਦੀ ਸਪੀਡ 'ਚ ਕਮੀ ਆਉਣਾ। ਚਾਹੇ ਇੰਟਰਨੈੱਟ ਰੌਸ਼ਨੀ ਦੀ ਸਪੀਡ ਨਾਲ ਚੱਲਦਾ ਹੈ, ਇਹ ਸਪੀਡ ਇਸ 'ਤੇ ਨਿਰਭਰ ਕਰਦੀ ਹੈ ਕਿ ਅਸੀਂ ਕਿੰਨੇ ਦੂਰ ਬੈਠੇ ਹਾਂ, ਉਹ ਹਮੇਸ਼ਾ ਮਾਇਨੇ ਰੱਖਦਾ ਹੈ। ਜੇਕਰ ਸਰਵਰ ਅੰਟਾਰਟਿਕਾ 'ਚ ਹੋਣਗੇ ਤਾਂ ਕਿਸੇ ਦੂਜੇ ਦੇਸ਼ ਤੱਕ ਡਾਟਾ ਨੂੰ ਆਉਣ ਲਈ ਏਨਾ ਸਮਾਂ ਲੱਗੇਗਾ ਕਿ ਤੁਹਾਡੀ ਇੱਕ ਤਸਵੀਰ ਬਣਨ ਤੱਕ ਅਰਾਮ ਨਾਲ ਤੁਸੀਂ ਆਪਣਾ ਕੋਈ ਹੋਰ ਕੰਮ ਕਰ ਸਕਦੇ ਹੋ। ਦੂਜਾ ਕਾਰਨ ਸਭ ਤੋਂ ਵੱਡਾ ਬਿਜਲੀ ਦਾ ਹੈ। ਕਿਸੇ ਡਾਟਾ ਸੈਂਟਰ ਨੂੰ ਚਲਾਉਣ ਲਈ ਇੱਕ ਸ਼ਹਿਰ ਜਿੰਨੀ ਬਿਜਲੀ ਚਾਹੀਦੀ ਹੈ, ਲਗਭਗ ਓਨੀ ਬਿਜਲੀ ਇੱਕ ਸਰਵਾਰ ਨੂੰ ਵੀ ਚਾਹੀਦੀ ਹੈ। ਇਸ ਤਰ੍ਹਾਂ ਬਰਫ਼ੀਲੇ ਸਥਾਨ 'ਤੇ ਏਨਾ ਵੱਡਾ ਬਿਜਲੀ ਘਰ ਬਣਾਉਣਾ ਸੰਭਵ ਨਹੀਂ ਹੈ, ਪਰ ਇਸ ਤੋਂ ਵੱਡੀ ਚਿੰਤਾ ਵਾਲੀ ਗੱਲ ਦੀ ਵੀ ਹੈ ਕਿ ਜੇਕਰ ਉਥੇ ਇਨ੍ਹਾਂ ਸਰਵਰਾਂ ਨੂੰ ਰੱਖ ਦਿੱਤਾ ਤਾਂ ਇਨ੍ਹਾਂ 'ਚੋਂ ਗਰਮ ਹਵਾਵਾਂ ਨਿਕਲਦੀਆਂ ਹਨ ਤਾਂ ਉਥੇ ਦੀ ਬਰਫ਼ ਤੇ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਜਾਵੇਗੀ ਤੇ ਵਾਤਾਵਰਣ ਦਾ ਕਾਇਆਕਲਪ ਹੋ ਜਾਵੇਗਾ। ਅਸੀਂ ਆਪਣੀਆਂ ਤਸਵੀਰਾਂ ਨੂੰ ਨਵੇਂ-ਨਵੇਂ ਤਰੀਕੇ ਨਾਲ ਬਣਾਉਣ ਦੇ ਸ਼ੌਕ 'ਚ ਬਰਫ਼ੀਲੇ ਜਾਨਵਰਾਂ ਦੀ ਬਲੀ ਲਵਾਂਗੇ।

ਪੂਰੀ ਦੁਨੀਆ ਪਹਿਲਾਂ ਤੋਂ ਹੀ ਪਾਣੀ ਦੇ ਸੰਕਟ ਨਾਲ ਦੋ-ਚਾਰ ਹੋ ਰਹੀ ਹੈ, ਇਸ 'ਚ ਏ ਆਈ 'ਚ ਪਾਣੀ ਖਪਤ ਇੱਕ ਨਵੀਂ ਚਿੰਤਾ ਦਾ ਕਾਰਨ ਬਣਦਾ ਜਾ ਰਿਹਾ ਹੈ। ਇਸ ਟੈਕਨਾਲੋਜੀ ਦੀ ਕੀਮਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਚੁਕਾਉਣੀ ਪੈ ਸਕਦੀ ਹੈ। ਏ ਆਈ ਨੂੰ ਚਲਾਉਣ ਵਾਲੇ ਡਾਟਾ ਸੈਂਟਰਾਂ 'ਚ ਸਾਲ 2030 ਤੱਕ ਹਰ ਸਾਲ 945 ਟੈਰਾਵਾਟ ਪ੍ਰਤੀ ਘੰਟਾ ਬਿਜਲੀ ਦੀ ਖਪਤ ਹੋਣ ਦੀ ਸੰਭਾਵਨਾ ਹੈ। ਇਹ ਅੰਕੜਾ ਪਾਕਿਸਤਾਨ, ਬੰਗਲਾਦੇਸ਼ ਅਤੇ ਨਾਈਜੀਰੀਆ ਦੀ ਕੁੱਲ ਸਾਲਾਨਾ ਬਿਜਲੀ ਖਪਤ ਤੋਂ ਤਿੰਨ ਗੁਣਾ ਵੱਧ ਹੈ। ਇਨ੍ਹਾਂ ਤਿੰਨਾਂ ਦੇਸ਼ਾਂ ਦੇ ਲੋਕਾਂ ਨੂੰ ਮਿਲਾ ਕੇ 65 ਕਰੋੜ ਤੋਂ ਵੱਧ ਲੋਕ ਰਹਿੰਦੇ ਹਨ। ਡਾਟਾ ਸੈਂਟਰਾਂ 'ਚ ਇਸਤੇਮਾਲ ਹੋਣ ਵਾਲੀ ਬਿਜਲੀ ਤੋਂ ਕਾਰਬਨ ਪੈਦਾ ਹੁੰਦਾ ਹੈ। ਇਸ ਦੇ ਨਾਲ ਹੀ ਇਸ ਦਾ 'ਪਾਣੀ 'ਤੇ ਪ੍ਰਭਾਵ' ਵੀ ਪੈਂਦਾ ਹੈ, ਕਿਉਂਕਿ ਠੰਢਾ ਕਰਨ ਅਤੇ ਊਰਜਾ ਪੈਦਾ ਕਰਨ ਲਈ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ।ਇਸ ਤੋਂ ਇਲਾਵਾ ਬਿਜਲੀ ਉਤਪਾਦਨ ਅਤੇ ਸਪਲਾਈ ਲੜੀ ਨਾਲ 'ਜ਼ਮੀਨ 'ਤੇ ਪ੍ਰਭਾਵ' ਵੀ ਜੁੜਿਆ ਹੋਇਆ ਹੈ। ਇਕ ਰਿਪੋਰਟ ਅਨੁਸਾਰ ਆਉਣ ਵਾਲੇ ਸਾਲਾਂ ਤੱਕ ਏ ਆਈ ਨਾਲ ਜੁੜੀ ਪਾਣੀ ਦੀ ਖ਼ਪਤ 1.3 ਅਰਬ ਲੋਕਾਂ ਦੇ ਘਰੇਲੂ ਪਾਣੀ ਦੇ ਇਸਤੇਮਾਲ ਦੇ ਬਰਾਬਰ ਹੋ ਸਕਦੀ ਹੈ। ਜਿਵੇਂ-ਜਿਵੇਂ ਦੁਨੀਆ ਭਰ ਵਿੱਚ ਏ ਆਈ ਟੂਲਜ਼ ਦੀ ਵਰਤੋਂ ਵਧ ਰਹੀ ਹੈ, ਉਵੇਂ-ਉਵੇਂ ਕੁਦਰਤੀ ਸਰੋਤਾਂ, ਜਿਵੇਂ ਕਿ ਪਾਣੀ ਅਤੇ ਬਿਜਲੀ 'ਤੇ ਬੋਝ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ।ਇਹੀ ਕਾਰਨ ਹੈ ਕਿ ਹੁਣ ਟੈਕਨਾਲੋਜੀ ਕੰਪਨੀਆਂ ਅਜਿਹੇ ਤਰੀਕੇ ਲੱਭ ਰਹੀਆਂ ਹਨ, ਜਿਸ ਨਾਲ ਡਾਟਾ ਸੈਂਟਰਾਂ ਨੂੰ ਠੰਢਾ ਕਰਨ ਲਈ ਪਾਣੀ ਦੀ ਬਜਾਏ ਹਵਾ ਜਾਂ ਹੋਰ ਤਕਨੀਕਾਂ ਦੀ ਵਰਤੋਂ ਕੀਤੀ ਜਾ ਸਕੇ।

ਪੂਰੀ ਦੁਨੀਆਂ 'ਚ ਜਲਵਾਯੂ 'ਚ ਤਬਦੀਲੀ ਕਾਰਨ ਬਹੁਤ ਸਾਰੀਆਂ ਨਦੀਆਂ ਸੁੱਕ ਗਈਆਂ, ਜਿਸ ਕਾਰਨ ਦੁਨੀਆ ਪਾਣੀ ਦੇ ਸੰਕਟ ਨਾਲ ਦੋ-ਚਾਰ ਹੋ ਰਹੀ ਹੈ। ਤਰੱਕੀ ਜ਼ਰੂਰੀ ਹੈ, ਪਰ ਇਸ ਤਰੱਕੀ ਦਾ ਵੀ ਸਾਵਧਾਨੀ ਨਾਲ ਇਸਤੇਮਾਲ ਕਰਨਾ ਜ਼ਰੂਰੀ ਹੈ, ਇਸ ਤਰ੍ਹਾਂ ਨਾ ਹੋਵੇ ਕਿ ਸਾਡੀ ਤਰੱਕੀ ਆਉਣ ਵਾਲੀਆਂ ਪੀੜ੍ਹੀਆਂ ਲਈ ਖ਼ਤਰਾ ਪੈਦਾ ਕਰ ਦੇਵੇ। ਗੂਗਲ ਨੇ 2019 'ਚ ਚਿਲੀ ਦੇ ਸੈਂਟੀਆਗੋ 'ਚ 20 ਕਰੋੜ ਡਾਲਰ ਨਾਲ ਡਾਟਾ ਸੈਂਟਰ ਬਣਾਉਣ ਦਾ ਪ੍ਰਸਤਾਵ ਰੱਖਿਆ ਸੀ, ਕੰਪਨੀ ਨੂੰ ਆਪਣੇ ਸਰਵਰਾਂ ਨੂੰ ਠੰਢਾ ਰੱਖਣ ਲਈ ਪ੍ਰਤੀ ਸੈਕਿੰਡ 169 ਲੀਟਰ ਪਾਣੀ ਦੀ ਜ਼ਰੂਰਤ ਪੈਣੀ ਸੀ, ਪਰ ਇਸ ਪ੍ਰੋਜੈਕਟ ਦਾ ਸਥਾਨਕ ਲੋਕਾਂ ਨੇ ਸਖ਼ਤ ਵਿਰੋਧ ਕੀਤਾ। ਉਨ੍ਹਾਂ ਦਾ ਇਹ ਵਿਰੋਧ ਇਸ ਲਈ ਸੀ ਕਿ ਆਉਣ ਵਾਲੇ ਸਾਲਾਂ 'ਚ ਸਾਡੇ ਲਈ ਤਾਂ ਪਾਣੀ ਬਚਣਾ ਹੀ ਨਹੀਂ। ਟੈਕਨਾਲੋਜੀ ਸਾਡੀ ਜ਼ਿੰਦਗੀ 'ਚ ਵਿਕਾਸ ਤਾਂ ਕਰ ਸਕਦੀ ਹੈ, ਪਰ ਨਾਲ ਹੀ ਸੋਕਾ, ਭੋਜਨ ਦੀ ਕਮੀ ਵਰਗੇ ਖ਼ਤਰੇ ਵੀ ਸਾਹਮਣੇ ਆ ਸਕਦੇ ਹਨ।

ਭਾਰਤ 'ਚ ਵੀ ਆਰਟੀਫਿਸ਼ਲ ਇੰਟੈਲੀਜੈਂਸ ਲਈ ਡਾਟਾ ਸੈਂਟਰ ਬਣ ਰਹੇ ਹਨ ਕੀ ਇਸ ਦਾ ਵਿਰੋਧ ਹੋ ਰਿਹਾ? ਇਸ ਦਾ ਜਵਾਬ ਹੈ ਨਹੀਂ, ਕਿਉਂਕਿ ਸਾਨੂੰ ਹਾਲੇ ਉਨ੍ਹਾਂ ਬਾਰੇ ਪਤਾ ਨਹੀਂ ਜਾਂ ਫਿਰ ਕੋਈ ਪੁੱਛਦਾ ਨਹੀਂ, ਸਰਕਾਰਾਂ ਆਪਣੀ ਚਕਾਚੌਂਧ ਵਾਲੀ ਤਰੱਕੀ 'ਚ ਸਾਨੂੰ ਇਸ ਬਾਰੇ ਦੱਸਣਾ ਨਹੀਂ ਚਾਹੁੰਦੀਆਂ। ਭਾਰਤ 'ਚ ਛੱਤੀਸਗੜ੍ਹ ਦੇ ਨਵਾਂ ਰਾਇਪੁਰ 'ਚ 13.5 ਏਕੜ 'ਚ ਤਿਆਰ ਕੀਤਾ ਜਾ ਰਿਹਾ ਹੈ। ਆਂਧਰਾ ਪ੍ਰਦੇਸ਼ 'ਚ ਵਿਸਾਖਾਪਟਨਮ 'ਚ ਗੂਗਲ ਤੇ ਅਦਾਨੀ ਕਾਨੇਕਸ ਮਿਲ ਕੇ ਏਸ਼ੀਆ ਦਾ ਸਭ ਤੋਂ ਵੱਡਾ ਏ ਆਈ ਡਾਟਾ ਸੈਂਟਰ ਸਥਾਪਤ ਕਰ ਰਹੇ ਹਨ। ਇਸੇ ਤਰ੍ਹਾਂ ਗੁਜਰਾਤ ਦੇ ਜਾਮਨਗਰ 'ਚ ਰਿਲਾਇੰਸ ਅਤੇ ਮੇਟਾ ਦੋਵੇਂ ਮਿਲ ਕੇ ਏ ਆਈ ਡਾਟਾ ਸੈਂਟਰ ਬਣਾ ਰਹੀਆਂ ਹਨ।

2023 'ਚ ਗੂਗਲ ਦੇ ਡਾਟਾ ਸੈਂਟਰ ਨੇ 5.6 ਅਰਬ ਗੈਲਨ ਪਾਣੀ ਖਰਚ ਕਰ ਦਿੱਤਾ। ਇਨ੍ਹਾਂ ਡਾਟਾ ਸੈਂਟਰਾਂ 'ਚ ਦਿਨ-ਰਾਤ ਇੱਕ ਮਿੰਟ ਵੀ ਰੁਕੇ ਹਜ਼ਾਰਾਂ ਸਰਵਰ ਚੱਲਦੇ ਰਹਿੰਦੇ ਹਨ, ਜੋ ਬਹੁਤ ਗਰਮੀ ਪੈਦਾ ਕਰਦੇ ਹਨ। ਉਨ੍ਹਾਂ ਨੂੰ ਠੰਢਾ ਰੱਖਣ ਲਈ ਬੇਹਿਸਾਬ ਪਾਣੀ ਦੀ ਜ਼ਰੂਰਤ ਪੈਂਦੀ ਹੈ। ਐਮਾਜ਼ੋਨ ਦੇ ਪੂਰੀ ਦੁਨੀਆਂ 'ਚ 100 ਤੋਂ ਵੱਧ ਡਾਟਾ ਸੈਂਟਰ ਹਨ, ਜਿਨ੍ਹਾਂ 'ਚ 50,000 ਸਰਵਰ ਕੰਮ ਕਰ ਰਹੇ ਹਨ। ਸੋਚੋ, ਕਿੰਨਾ ਪਾਣੀ ਵੇਸਟ ਕਰਦੇ ਹੋਣਗੇ ਤੇ ਨਾਲ ਹੀ ਬਿਜਲੀ ਦਾ ਕਿੰਨਾ ਇਸਤੇਮਾਲ ਹੁੰਦਾ ਹੋਵੇਗਾ। ਪੂਰੀ ਦੁਨੀਆ 'ਚ ਮਲਟੀਨੈਸ਼ਨਲ ਕੰਪਨੀਆਂ ਦੇ ਇਹ ਵੱਡੇ-ਵੱਡੇ ਸਰਵਰ ਹੀਟ ਪੈਦਾ ਕਰਦੇ ਹਨ, ਜਿਨ੍ਹਾਂ ਨੂੰ ਹਮੇਸ਼ਾ ਠੰਢਾ ਰੱਖਿਆ ਜਾਂਦਾ ਹੈ। ਕਦੇ-ਕਦੇ ਮਨ 'ਚ ਇਹ ਵੀ ਵਿਚਾਰ ਆਉਂਦੇ ਹਨ ਕਿ ਇਨ੍ਹਾਂ ਸਰਵਰਾਂ ਕਾਰਨ ਵੀ ਤਾਂ ਨਹੀਂ ਸਾਡੀ ਧਰਤੀ ਏਨੀ ਗਰਮ ਹੋ ਰਹੀ। ਇਸ ਦੀ ਇੱਕ ਉਦਾਹਰਨ 2022




'ਚ ਬਰਤਾਨੀਆ 'ਚ ਖ਼ਤਰਨਾਕ ਗਰਮੀ ਦੌਰਾਨ ਗੂਗਲ ਅਤੇ ਓਰੈਕਲ ਦੇ ਡਾਟਾ ਸੈਂਟਰਾਂ ਨੂੰ ਇਸ ਗਰਮੀ ਕਾਰਨ ਬੰਦ ਕਰਨਾ ਪਿਆ ਸੀ।

ਪਾਣੀ ਦੀ ਬਰਬਾਦੀ ਤਾਂ ਸਾਡੇ ਘਰਾਂ 'ਚ ਅੱਜਕੱਲ੍ਹ ਆਮ ਲੱਗ ਰਹੇ ਆਰ ਓ ਵਾਟਰ ਪਿਊਰੀਫਾਇਰ ਵੀ ਬੇਹੱਦ ਖ਼ਤਰਨਾਕ ਤਰੀਕੇ ਨਾਲ ਕਰਦੇ ਹਨ। ਜੋ ਪਾਣੀ ਆਰ ਓ ਵੱਲੋਂ ਸਾਫ਼ ਕੀਤਾ ਜਾਂਦਾ ਹੈ, ਉਸ ਨੂੰ ਪੀਂਦੇ ਹਾਂ ਤਾਂ ਉਸ ਪਿੱਛੇ ਕਈ ਗਲਾਸ ਪਾਣੀ ਅਜਾਈ ਰੋੜ੍ਹ ਦਿੰਦੇ ਹਾਂ, ਜਿਸ ਬਾਰੇ ਸ਼ਾਇਦ ਅਸੀਂ ਕਦੇ ਸੋਚਦੇ ਨਹੀਂ। ਆਰ ਓ ਵਾਟਰ ਪਿਊਰੀਫਾਇਰ ਇੱਕ ਗਲਾਸ ਸਾਫ਼ ਪਾਣੀ ਬਣਾਉਣ ਲਈ ਲਗਭਗ 2 ਤੋਂ 3 ਗਲਾਸ ਪਾਣੀ ਖਰਾਬ (ਵੇਸਟ) ਕਰਦਾ ਹੈ। ਸੌਖੇ ਸ਼ਬਦਾਂ ਵਿੱਚ ਇਸ ਦੀ ਰਿਕਵਰੀ ਦਰ ਸਿਰਫ਼ 25 ਫੀਸਦੀ ਤੋਂ 30 ਫੀਸਦੀ ਹੁੰਦੀ ਹੈ।ਮਤਲਬ ਜੇਕਰ ਤੁਸੀਂ 1 ਲੀਟਰ ਸਾਫ਼ ਪਾਣੀ ਪੀਣਾ ਹੈ, ਤਾਂ ਆਰ ਓ ਲਗਭਗ 3 ਲੀਟਰ ਪਾਣੀ ਪਾਈਪ ਰਾਹੀਂ ਬਾਹਰ ਕੱਢ ਦਿੰਦਾ ਹੈ, ਜੋ ਸਾਡੇ ਕਿਸੇ ਖਾਤੇ ਵਿੱਚ ਨਹੀਂ ਹੁੰਦਾ, ਉਸ ਵੇਸਟ ਪਾਣੀ ਦੀ ਭਰਪਾਈ ਕਦੋਂ ਹੋਵੇਗੀ।

ਆਇਰਲੈਂਡ ਵਰਗੇ ਦੇਸ਼ 'ਚ ਅੱਜ ਕੁਲ ਬਿਜਲੀ ਦਾ 21 ਫੀਸਦੀ ਹਿਸਾ ਇਕੱਲੇ ਕੰਪਿਊਟਰ ਖਾ ਰਹੇ ਹਨ, ਜੋ ਉਥੋਂ ਦੇ ਸਾਰੇ ਸ਼ਹਿਰੀ ਘਰਾਂ ਦੀ ਕੁੱਲ ਬਿਜਲੀ ਖਪਤ ਨਾਲੋਂ ਵੀ ਜ਼ਿਆਦਾ ਹੈ। ਇੱਕ ਅਨੁਮਾਨ ਅਨੁਸਾਰ 2030 ਤੱਕ ਡਾਟਾ ਸੈਂਟਰਾਂ ਦੀ ਪਾਣੀ ਦੀ ਵਰਤੋਂ ਲਗਭਗ ਦੁੱਗਣੀ ਹੋ ਜਾਵੇਗੀ, ਜਿਸ ਵਿੱਚ ਊਰਜਾ ਉਤਪਾਦਨ ਅਤੇ ਕੰਪਿਊਟਰ ਚਿਪਸ ਦੇ ਨਿਰਮਾਣ 'ਚ ਵਰਤਿਆ ਜਾਣ ਵਾਲਾ ਪਾਣੀ ਵੀ ਸ਼ਾਮਲ ਹੈ।ਯੂਰਪ, ਲਾਤੀਨੀ ਅਮਰੀਕਾ ਅਤੇ ਐਰੀਜ਼ੋਨਾ ਵਰਗੇ ਅਮਰੀਕੀ ਰਾਜਾਂ ਸਮੇਤ ਦੁਨੀਆ ਦੇ ਸੋਕਾ ਪ੍ਰਭਾਵਤ ਹਿੱਸਿਆਂ ਵਿੱਚ ਹਾਲ ਹੀ ਦੇ ਸਾਲਾਂ ਵਿੱਚ ਡਾਟਾ ਸੈਂਟਰਾਂ ਦਾ ਸਥਾਨਕ ਵਿਰੋਧ ਸੁਰਖੀਆਂ ਵਿੱਚ ਆਇਆ ਹੈ।ਸਪੇਨ ਵਿੱਚ ਡਾਟਾ ਸੈਂਟਰਾਂ ਦੇ ਵਿਸਥਾਰ ਨਾਲ ਲੜਨ ਲਈ 'ਯੂਅਰ ਕਲਾਉਡ ਇਜ਼ ਡ੍ਰਾਈਇੰਗ ਅੱਪ ਮਾਈ ਰਿਵਰ' ਨਾਂਅ ਦਾ ਇੱਕ ਵਾਤਾਵਰਣ ਸਮੂਹ ਬਣਾਇਆ ਗਿਆ ਹੈ।ਚਿਲੀ ਅਤੇ ਉਰੂਗਵੇ ਦੋਵੇਂ ਹੀ ਗੰਭੀਰ ਸੋਕੇ ਤੋਂ ਪ੍ਰਭਾਵਤ ਹਨ, ਪਾਣੀ ਤੱਕ ਪਹੁੰਚ ਨੂੰ ਲੈ ਕੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਗੂਗਲ ਨੇ ਡੇਟਾ ਸੈਂਟਰਾਂ ਲਈ ਯੋਜਨਾਵਾਂ ਨੂੰ ਰੋਕ ਦਿੱਤਾ ਹੈ ਜਾਂ ਬਦਲ ਦਿੱਤਾ ਹੈ। 2027 ਤੱਕ ਏ ਆਈ ਉਦਯੋਗ ਹਰ ਸਾਲ ਪੂਰੇ ਡੈਨਮਾਰਕ ਦੇਸ਼ ਨਾਲੋਂ ਚਾਰ ਤੋਂ ਛੇ ਗੁਣਾ ਜ਼ਿਆਦਾ ਪਾਣੀ ਦੀ ਵਰਤੋਂ ਕਰੇਗਾ।ਅਸੀਂ ਜਿੰਨਾ ਜ਼ਿਆਦਾ ਏ ਆਈ ਵਰਤਦੇ ਹਾਂ, ਪਾਣੀ ਦੀ ਖਪਤ ਵੀ ਓਨੀ ਕਰਦੇ ਹਾਂ।ਪਾਣੀ ਦੇ ਨਾਲ ਇਨ੍ਹਾਂ ਸਰਵਾਰਾਂ ਦੇ ਪੁਰਜ਼ਿਆਂ ਰਾਹੀਂ ਇਲੈਕਟ੍ਰਾਨਿਕ ਕਚਰਾ ਵੀ ਸਾਡੇ ਲਈ ਖ਼ਤਰੇ ਦਾ ਕਾਰਨ ਹੈ। 2030 ਤੱਕ ਏ ਆਈ ਦੇ ਹਾਰਡਵੇਅਰ ਨਾਲ ਹਰ ਸਾਲ ਲੱਖਾਂ ਟਨ ਜ਼ਹਿਰੀਲਾ ਇਲੈਕਟ੍ਰਾਨਿਕ ਕਚਰਾ ਨਿਕਲੇਗਾ। ਇਸ ਕਚਰੇ ਨੂੰ ਕਮਜ਼ੋਰ ਦੇਸ਼ਾਂ ਦੀ ਧਰਤੀ 'ਤੇ ਸੁੱਟ ਦਿੱਤਾ ਜਾਵੇਗਾ, ਜਿਨ੍ਹਾਂ ਕੋਲ ਇਸ ਨੂੰ ਸੁਰੱਖਿਅਤ ਤਰੀਕੇ ਨਾਲ ਰੀਸਾਈਕਲ ਕਰਨ ਦੀ ਕੋਈ ਤਕਨੀਕ ਵੀ ਨਹੀਂ। ਇਨ੍ਹਾਂ ਡਾਟਾ ਸੈਂਟਰਾਂ ਵਾਲੀਆਂ ਕੰਪਨੀਆਂ ਇਹ ਵੀ ਕਹਿ ਰਹੀਆਂ ਹਨ ਕਿ ਆਉਣ ਵਾਲੇ ਸਾਲਾਂ 'ਚ ਅਸੀਂ ਵਾਤਾਵਰਣ ਨੂੰ ਧਿਆਨ 'ਚ ਰੱਖ ਕੇ ਹੀ ਆਪਣੇ ਪ੍ਰੋਜੈਕਟਾਂ 'ਤੇ ਕੰਮ ਕਰਾਂਗੇ, ਪਰ ਇਹ ਕਿੰਨਾ ਕੁ ਸੱਚ ਹੁੰਦਾ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

ਪਾਣੀ ਦੇ ਨਾਲ ਹੀ ਏ ਆਈ ਸਾਇਬਰ ਖਤਰਿਆਂ ਵੱਲ ਧਿਆਨ ਦਿਵਾਇਆ ਹੈ। ਗੂਗਲ ਦੇ ਏ ਆਈ ਜੇਮਨਾਈ ਨੇ ਸਾਇਬਰ ਸਕਿਉਰਿਟੀ ਟੈਸਟਿੰਗ ਦੌਰਾਨ ਤਿੰਨ ਕੰਪਨੀਆਂ ਦੇ ਕੰਪਿਊਟਿੰਗ ਸਿਸਟਮ ਅਤੇ ਵੈੱਬਸਾਈਟਾਂ ਨੂੰ ਬਿਨਾਂ ਕਿਸੇ ਇਨਸਾਨੀ ਮਦਦ ਤੋਂ ਹੈਕ ਕਰ ਲਿਆ। ਇਹ ਪਹਿਲਾ ਇਸ ਤਰ੍ਹਾਂ ਦਾ ਮਾਮਲਾ ਹੈ, ਜਿੱਥੇ ਗੂਗਲ ਦਾ ਕੋਈ ਏ ਆਈ ਮਾਡਲ ਖੁਦ ਹੀ ਕਿਸੇ ਦੇ ਸਿਸਟਮ ਨੂੰ ਹੈਕ ਕਰਨ ਚਲਾ ਗਿਆ। ਗੂਗਲ ਨੇ ਇਸ ਟੈਸਟਿੰਗ ਤੋਂ ਬਾਅਦ ਕਿਹਾ ਕਿ ਏ ਆਈ ਮਾਡਲ ਦੀ ਟ੍ਰੇਨਿੰਗ 'ਚ ਬਦਲਾਅ ਕੀਤਾ ਜਾਵੇਗਾ, ਪਰ ਇਹ ਸੋਚਣ ਵਾਲੀ ਗੱਲ ਹੈ ਕਿ ਕੋਈ ਏ ਆਈ ਕਿਸ ਤਰ੍ਹਾਂ ਕਿਸੇ ਦੇ ਸਿਸਟਮ 'ਚ ਦਾਖ਼ਲ ਹੋ ਗਿਆ ਤੇ ਸਾਈਟਾਂ ਨੂੰ ਹੈਕ ਕਰ ਲਿਆ। ਇਸ ਨੇ ਟੈਕ ਇੰਡਸਟਰੀਆਂ 'ਚ ਸਕਿਉਰਟੀ ਨੂੰ ਚਿੰਤਾ 'ਚ ਪਾ ਦਿੱਤਾ ਹੈ। ਜਿਸ ਤਰ੍ਹਾਂ ਏ ਆਈ ਮਾਡਲ ਖੁਦ ਫੈਸਲੇ ਲੈਣ ਅਤੇ ਇੰਟਰਨੈੱਟ ਚਲਾਉਣ ਦੇ ਸਮਰਥ ਹੋ ਰਹੇ ਹਨ, ਸੁਰੱਖਿਆ ਨੂੰ ਲੈ ਕਿ ਚਿੰਤਾ ਵਾਲਾ ਵਿਸ਼ਾ ਹੈ। ਜੇਕਰ ਏ ਆਈ 'ਤੇ ਸਖਤ ਸੁਰੱਖਿਆ ਨਿਯਮ ਨਾ ਲਾਏ ਗਏ ਤਾਂ ਇਹ ਡਿਜੀਟਲ ਦੁਨੀਆ ਲਈ ਸਭ ਤੋਂ ਵੱਡਾ ਖ਼ਤਰਾ ਹੋ ਸਕਦਾ ਹੈ।

ਇਸੇ ਤਰ੍ਹਾਂ ਆਸਟਰੇਲੀਆ ਵਿੱਚ ਵਾਪਰੀ ਇੱਕ ਘਟਨਾ ਨੇ ਇਸ ਖ਼ਤਰੇ ਨੂੰ ਹੋਰ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਏ ਆਈ ਏਜੰਟ ਆਸਟਰੇਲੀਆ ਦੇ ਸਰਕਾਰੀ ਮੈਡੀਕਲ ਵਿਭਾਗ ਨਾਲ ਸੰਬੰਧਤ ਪੋਰਟਲ 'ਚ ਬਿਨਾਂ ਇਜਾਜ਼ਤ ਦਾਖ਼ਲਾ ਹੋ ਗਿਆ।ਅਸਲ 'ਚ ਏ ਆਈ ਨੂੰ ਇੱਕ ਦਵਾਈ ਖ਼ਰਚ ਸੰਬੰਧੀ ਜਾਣਕਾਰੀ ਇਕੱਠੀ ਕਰਨ ਦਾ ਕੰਮ ਦਿੱਤਾ ਗਿਆ ਸੀ, ਪਰ ਲੋੜੀਂਦੀ ਜਾਣਕਾਰੀ ਨਾ ਮਿਲਣ 'ਤੇ ਇਸ ਨੇ ਪੋਰਟਲ ਦੀਆਂ ਪਾਬੰਦੀਆਂ ਨੂੰ ਪਾਰ ਕਰਕੇ ਕੁਝ ਗੈਰ-ਜਨਤਕ ਫਾਈਲਾਂ ਤੱਕ ਪਹੁੰਚ ਬਣਾ ਲਈ। ਏ ਆਈ ਨੇ ਆਪਣੇ ਆਪ ਹੀ ਕਈ ਹੋਰ ਵੈੱਬਸਾਈਟਾਂ ਨੂੰ ਹੈਕ ਕਰ ਕੇ ਕਈ ਉਨ੍ਹਾਂ 'ਚ ਪਈਆਂ ਫਾਇਲਾਂ ਨੂੰ ਐਡਿਟ ਕਰ ਦਿੱਤਾ। ਆਸਟਰੇਲੀਆਈ ਸਰਕਾਰ ਮੁਤਾਬਕ ਇਸ ਘਟਨਾ 'ਚ ਕਿਸੇ ਵਿਅਕਤੀ ਦਾ ਨਿੱਜੀ ਮੈਡੀਕਲ ਡਾਟਾ ਹਾਸਲ ਨਹੀਂ ਕੀਤਾ ਗਿਆ ਅਤੇ ਪ੍ਰਭਾਵਤ ਜਾਣਕਾਰੀ ਮੁੱਖ ਤੌਰ 'ਤੇ ਇਕੱਠੇ ਕੀਤੇ ਗਏ ਮੈਡੀਕਲ ਅੰਕੜਿਆਂ ਨਾਲ ਸੰਬੰਧਤ ਸੀ।ਇਸ ਦੇ ਬਾਵਜੂਦ ਇਹ ਘਟਨਾ ਚਿੰਤਾਜਨਕ ਮੰਨੀ ਜਾ ਰਹੀ ਹੈ ਕਿ ਇੱਕ ਏ ਆਈ ਏਜੰਟ ਨੇ ਆਪਣੇ ਕੰਮ ਨੂੰ ਪੂਰਾ ਕਰਨ ਲਈ ਸੁਰੱਖਿਆ ਪਾਬੰਦੀ ਨੂੰ ਆਪਣੇ ਆਪ ਪਾਰ ਕਰ ਦਿੱਤਾ।ਇਹ ਘਟਨਾ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਭਵਿੱਖ ਵਿੱਚ ਜਦੋਂ ਏ ਆਈ ਏਜੰਟਾਂ ਨੂੰ ਇੰਟਰਨੈੱਟ, ਕੰਪਿਊਟਰ ਪ੍ਰਣਾਲੀਆਂ ਅਤੇ ਵੱਖ-ਵੱਖ ਡਾਟਾਬੇਸਾਂ ਤੱਕ ਵਧੇਰੇ ਖੁਦਮੁਖਤਿਆਰ ਪਹੁੰਚ ਮਿਲੇਗੀ ਤਾਂ ਉਨ੍ਹਾਂ ਦੀ ਨਿਗਰਾਨੀ ਅਤੇ ਸਾਇਬਰ ਸੁਰੱਖਿਆ ਤੋਂ ਬਚਾਉਣ ਲਈ ਏ ਆਈ 'ਤੇ ਪਾਬੰਦੀਆਂ ਲਾਉਣੀਆਂ ਲਾਜ਼ਮੀ ਹੋ ਜਾਂਦੀਆਂ ਹਨ। ਹੁਣ ਜਦ ਹਰ ਕੁਝ ਇੰਟਰਨੈੱਟ 'ਤੇ ਪਿਆ ਹੈ, ਫਿਰ ਇਹ ਗੱਲ ਹੋਰ ਵੀ ਜ਼ਿਆਦਾ ਮਹੱਤਵਪੂਰਨ ਹੋ ਜਾਂਦੀ ਹੈ ਕਿ ਇਨ੍ਹਾਂ ਦੀ ਸੁਰੱਖਿਆ ਲਈ ਕੀ ਕੀਤਾ ਜਾ ਰਿਹਾ ਹੈ।

ਏ ਆਈ ਤਕਨਾਲੋਜੀ ਸਾਡੇ ਲਈ ਜਿੰਨੀ ਲਾਹੇਵੰਦ ਸਾਬਤ ਹੋ ਸਕਦੀ ਹੈ, ਓਨੀ ਹੀ ਵੱਡੀਆਂ ਚੁਣੌਤੀਆਂ ਅਤੇ ਨੁਕਸਾਨ ਵੀ ਲੈ ਕੇ ਆ ਸਕਦੀ ਹੈ।ਤਕਨਾਲੋਜੀ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਹਰ ਨਵੀਂ ਤਕਨੀਕ ਨੇ ਮਨੁੱਖੀ ਜੀਵਨ ਨੂੰ ਆਸਾਨ ਬਣਾਉਣ ਦੇ ਨਾਲ-ਨਾਲ ਕਈ ਪੁਰਾਣੀਆਂ ਚੀਜ਼ਾਂ ਅਤੇ ਕੰਮਾਂ ਨੂੰ ਹੌਲੀ-ਹੌਲੀ ਖਤਮ ਵੀ ਕੀਤਾ ਹੈ।ਜਦੋਂ ਕੰਪਿਊਟਰ ਆਏ ਤਾਂ ਸ਼ੁਰੂ ਵਿੱਚ ਇਹ ਸਿਰਫ਼ ਇੱਕ ਨਵੀਂ ਸਹੂਲਤ ਜਾਪਦੇ ਸਨ, ਪਰ ਸਮੇਂ ਦੇ ਨਾਲ ਕੰਪਿਊਟਰਾਂ ਨੇ ਟਾਈਪਰਾਈਟਰ ਅਤੇ ਫੈਕਸ ਮਸ਼ੀਨਾਂ ਦੀ ਥਾਂ ਲੈ ਲਈ।

ਇਸੇ ਤਰ੍ਹਾਂ ਮੋਬਾਇਲ ਫੋਨ ਦੇ ਆਉਣ ਨਾਲ ਸੰਚਾਰ ਦੀ ਦੁਨੀਆ ਹੀ ਬਦਲ ਗਈ। ਮੋਬਾਇਲ ਨੇ ਸਿਰਫ਼ ਟੈਲੀਫੋਨ ਦੀ ਥਾਂ ਨਹੀਂ ਲਈ, ਸਗੋਂ ਇਸ ਵਿੱਚ ਕੈਮਰਾ, ਕੈਲਕੂਲੇਟਰ, ਘੜੀ, ਅਲਾਰਮ, ਕੈਲੰਡਰ, ਨਕਸ਼ੇ ਅਤੇ ਹੋਰ ਕਈ ਸਹੂਲਤਾਂ ਇਕੱਠੀਆਂ ਹੋ ਗਈਆਂ। ਨਤੀਜੇ ਵਜੋਂ ਇਨ੍ਹਾਂ ਵਿੱਚੋਂ ਕਈ ਚੀਜ਼ਾਂ ਦੀ ਵਰਤੋਂ ਬਹੁਤ ਘੱਟ ਹੋ ਗਈ।

ਹੁਣ ਏ ਆਈ ਦਾ ਯੁੱਗ ਤੇਜ਼ੀ ਨਾਲ ਸਾਡੇ ਸਾਹਮਣੇ ਆ ਰਿਹਾ ਹੈ। ਇਹ ਤਕਨਾਲੋਜੀ ਸਿਰਫ਼ ਮਸ਼ੀਨਾਂ ਨੂੰ ਕੰਮ ਕਰਨ ਦੀ ਸਮਰੱਥਾ ਹੀ ਨਹੀਂ ਦੇ ਰਹੀ, ਸਗੋਂ ਲਿਖਣ, ਅਨੁਵਾਦ ਕਰਨ, ਤਸਵੀਰਾਂ ਬਣਾਉਣ, ਜਾਣਕਾਰੀ ਦਾ ਵਿਸ਼ਲੇਸ਼ਣ ਕਰਨ, ਕੋਡ ਲਿਖਣ ਅਤੇ ਕਈ ਤਰ੍ਹਾਂ ਦੇ ਫ਼ੈਸਲਾ-ਸਹਾਇਕ ਕੰਮ ਕਰਨ ਵਿੱਚ ਵੀ ਮਨੁੱਖ ਦੀ ਮਦਦ ਕਰ ਰਹੀ ਹੈ।ਇਸ ਲਈ ਆਉਣ ਵਾਲੇ ਸਮੇਂ ਵਿੱਚ ਇਹ ਸਵਾਲ ਹੋਰ ਮਹੱਤਵਪੂਰਨ ਹੋਵੇਗਾ ਕਿ ਏ ਆਈ ਕਿਹੜੇ ਕੰਮਾਂ ਅਤੇ ਕਿਹੜੀਆਂ ਮੌਜੂਦਾ ਸਹੂਲਤਾਂ ਦੀ ਥਾਂ ਲਵੇਗੀ।ਹੋ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਕਈ ਅਜਿਹੇ ਕੰਮ, ਨੌਕਰੀਆਂ ਅਤੇ ਸੇਵਾਵਾਂ, ਜਿਨ੍ਹਾਂ ਨੂੰ ਅੱਜ ਮਨੁੱਖ ਕਰ ਰਹੇ ਹਨ, ਉਹ ਏ ਆਈ ਆਧਾਰਤ ਮਸ਼ੀਨਾਂ ਕਰਨ ਲੱਗ ਪੈਣ।ਇਸ ਲਈ ਏ ਆਈ ਨੂੰ ਸਿਰਫ਼ ਤਕਨਾਲੋਜੀ ਦੀ ਤਰੱਕੀ ਵਜੋਂ ਦੇਖਣ ਦੀ ਬਜਾਏ ਇਸ ਦੇ ਸਮਾਜਿਕ ਅਤੇ ਆਰਥਿਕ ਪ੍ਰਭਾਵਾਂ ਬਾਰੇ ਵੀ ਸੋਚਣ ਦੀ ਲੋੜ ਹੈ।ਸਭ ਤੋਂ ਵੱਡੀ ਚੁਣੌਤੀ ਇਹ ਹੋਵੇਗੀ ਕਿ ਇਸ ਤਕਨਾਲੋਜੀ ਦੀ ਵਰਤੋਂ ਮਨੁੱਖ ਦੀ ਥਾਂ ਲੈਣ ਲਈ ਨਹੀਂ, ਸਗੋਂ ਮਨੁੱਖੀ ਸਮਰੱਥਾ ਨੂੰ ਵਧਾਉਣ ਅਤੇ ਸਮਾਜ ਦੀ ਬਿਹਤਰੀ ਲਈ ਕਿਵੇਂ ਕਰੀਏ।

# ਅਸ਼ੋਕ ਸਿੰਘਲ ਦੀ ਗਾਥਾ ਦਾ ਅਣਕਿਹਾ ਰਾਜ਼

*ਇਸ ਗੱਲ ਦਾ ਕੋਈ ਸਪੱਸ਼ਟ ਜਵਾਬ ਨਹੀਂ ਹੈ ਕਿ ਏਨੇ ਸਾਰੇ ਸੰਪਾਦਕਾਂ ਨੇ ਪ੍ਰਧਾਨ ਮੰਤਰੀ ਨੂੰ ਆਪਣੇ ਹੀ ਸੰਪਾਦਕੀ ਪੰਨਿਆਂ ਦੀ ਪਵਿੱਤਰਤਾ ਨੂੰ ਘਟਾਉਣ ਅਤੇ ਕਮਜ਼ੋਰ ਕਰਨ ਦੀ ਇਜਾਜ਼ਤ ਕਿਉਂ ਦਿੱਤੀ।*

ਐਨ ਉਸ ਵੇਲੇ, ਜਦੋਂ ਹਰ ਕੋਈ ਇਹ ਮੰਨਣ ਲੱਗ ਪਿਆ ਸੀ ਕਿ 'ਜੰਤਰ-ਮੰਤਰ 20 ਜੁਲਾਈ' ਤੋਂ ਬਾਅਦ 'ਕਾਕਰੋਚਾਂ' ਨੇ ਆਖ਼ਰਕਾਰ ਸਿਆਸੀ ਵਿਵਸਥਾ ਅਤੇ ਇਸ ਦੇ ਵੱਖ-ਵੱਖ ਸੰਸਥਾਗਤ ਭਾਈਵਾਲਾਂ ਤੇ ਪਿੱਲਰਾਂ ('ਥੰਮ੍ਹਾਂ') ਨੂੰ 'ਸਮਰੱਥ ਅਥਾਰਟੀ' (ਸੱਤਾ ਵਿੱਚ ਬੈਠੇ ਲੋਕਾਂ) ਦੇ ਖ਼ੌਫ਼ ਵਿੱਚੋਂ ਝੰਜੋੜ ਕੇ ਬਾਹਰ ਨਿਕਲਣ ਲਈ ਮਜਬੂਰ ਕਰ ਦਿੱਤਾ ਹੈ, ਤਾਂ 28 ਸਤੰਬਰ ਦੀ ਸਵੇਰ ਇੱਕ ਵੱਡੇ ਝਟਕੇ ਵਾਂਗ ਆਈ।

ਅਖ਼ਬਾਰਾਂ ਦੇ ਜ਼ਿਆਦਾਤਰ ਪਾਠਕ ਇਹ ਦੇਖ ਕੇ ਹੈਰਾਨ ਹੋ ਗਏ ਕਿ ਲੱਗਭੱਗ ਹਰੇਕ ਅਖ਼ਬਾਰ ਨੇ ਆਪਣੇ ਕੀਮਤੀ ਸੰਪਾਦਕੀ (ਸੰਪਾਦਕੀ-ਓਪ-ਐੱਡ) ਪੰਨੇ ਵਿਸ਼ਵ ਹਿੰਦੂ ਪਰਿਸ਼ਦ ਦੇ ਅਸ਼ੋਕ ਸਿੰਘਲ ਦੀ ਜਨਮ ਸ਼ਤਾਬਦੀ ਮੌਕੇ ਉਸ ਨੂੰ ਸ਼ਰਧਾਂਜਲੀ ਦੇਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਵਾਲੇ ਕਰ ਦਿੱਤੇ ਸਨ। ਇਨ੍ਹਾਂ ਵਿੱਚ 'ਦਿ ਇੰਡੀਅਨ ਐਕਸਪ੍ਰੈੱਸ', 'ਦਿ ਹਿੰਦੁਸਤਾਨ ਟਾਈਮਜ਼', 'ਦਿ ਟੈਲੀਗ੍ਰਾਫ਼', 'ਦਿ ਟ੍ਰਿਬਿਊਨ' ਅਤੇ 'ਟਾਈਮਜ਼ ਆਫ਼ ਇੰਡੀਆ' ਸ਼ਾਮਲ ਹਨ। 'ਦਿ ਹਿੰਦੂ' ਹੀ ਸ਼ਾਇਦ ਇੱਕੋ-ਇੱਕ ਅਜਿਹਾ ਅਖ਼ਬਾਰ ਰਿਹਾ, ਜਿਸ ਨੇ ਇਸ ਭੇਡਚਾਲ ਦਾ ਹਿੱਸਾ ਬਣਨ ਤੋਂ ਇਨਕਾਰ ਕਰ ਦਿੱਤਾ ਅਤੇ ਮੋਦੀ ਵੱਲੋਂ ਕੀਤੀ ਪ੍ਰਸ਼ੰਸਾ ਨੂੰ ਇੱਕ ਖ਼ਬਰ ਵਜੋਂ ਛਾਪਣਾ ਹੀ ਠੀਕ ਸਮਝਿਆ।

ਭਵਿੱਖ ਦੇ ਇਤਿਹਾਸਕਾਰ ਇਹ ਸੋਚ ਕੇ ਹੈਰਾਨ ਹੋਣਗੇ ਕਿ ਆਖ਼ਿਰ ਅਜਿਹਾ ਕੀ ਕਾਰਨ ਸੀ, ਜਿਸ ਕਰਕੇ ਕਿਸੇ ਵੀ ਸਵੈ-ਮਾਣ ਵਾਲੇ ਸੰਪਾਦਕ ਨੇ ਆਪਣੀ ਸੰਪਾਦਕੀ ਥਾਂ ਇਸ ਤਰ੍ਹਾਂ ਵਰਤੇ ਜਾਣ ਦੀ ਇਜਾਜ਼ਤ ਦਿੱਤੀ। ਅਸ਼ੋਕ ਸਿੰਘਲ ਦੀ ਪ੍ਰਸ਼ੰਸਾ ਵਿੱਚ ਪੜ੍ਹੇ ਗਏ ਮੋਦੀ ਦੇ ਇਸ ਕਸੀਦੇ ਵਿੱਚ ਅਜਿਹਾ ਕੁਝ ਵੀ ਨਹੀਂ ਹੈ ਜੋ ਪ੍ਰਧਾਨ ਮੰਤਰੀ ਦੇ ਅਹੁਦੇ ਨਾਲ ਸੰਬੰਧਤ ਹੋਵੇ। ਉਹ ਕਿਸੇ ਜਨਤਕ ਨੀਤੀ ਦੀ ਵਿਆਖਿਆ ਨਹੀਂ ਕਰ ਰਹੇ। ਇਹ ਇੱਕ ਵਿਚਾਰਧਾਰਕ ਪੱਖਧਰ ਵੱਲੋਂ ਉਸ ਵਿਅਕਤੀ ਲਈ ਬੇਝਿਜਕ ਹੋ ਕੇ ਦਿੱਤੀ ਇੱਕ ਫਿਰਕੂ 'ਸ਼ਰਧਾਂਜਲੀ' ਹੈ, ਜਿਸ ਨੇ 6 ਦਸੰਬਰ 1992 ਦੀ ਉਸ ਸ਼ਰਮਨਾਕ ਘਟਨਾ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ, ਜਦੋਂ ਹਿੰਦੂਤਵੀ ਕਾਰਕੁਨਾਂ ਦੀ ਇੱਕ ਵੱਡੀ ਭੀੜ ਨੇ ਬਾਬਰੀ ਮਸਜਿਦ ਢਾਹ ਦਿੱਤੀ ਸੀ।

ਜਿੱਥੋਂ ਤੱਕ ਅਸ਼ੋਕ ਸਿੰਘਲ ਦੀ ਗੱਲ ਹੈ, ਇਸ ਬਾਰੇ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ। ਉਹ ਨਾ ਤਾਂ ਕੋਈ ਸੰਤ ਸੀ ਅਤੇ ਨਾ ਹੀ ਰਾਸ਼ਟਰ-ਨਿਰਮਾਤਾ। ਉਹ ਇੱਕ ਅੜੀਅਲ ਅਯੁੱਧਿਆ 'ਅੰਦੋਲਨਜੀਵੀ' ਸੀ। ਉਸ ਨੇ ਅਤੇ ਵਿਸ਼ਵ ਹਿੰਦੂ ਪਰਿਸ਼ਦ (ਵੀ.ਐੱਚ.ਪੀ.) ਨੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪੇਈ ਅਤੇ ਉਨ੍ਹਾਂ ਦੇ ਗ੍ਰਹਿ ਮੰਤਰੀ ਐੱਲ.ਕੇ. ਅਡਵਾਨੀ ਦਾ ਜਿਊਣਾ ਦੁੱਭਰ ਕਰ ਦਿੱਤਾ ਸੀ, ਜੋ 1998 ਤੋਂ 2004 ਦੌਰਾਨ ਸੱਤਾ ਵਿੱਚ ਹੁੰਦਿਆਂ ਫ਼ੈਜ਼ਾਬਾਦ ਵਿੱਚ ਨਿਆਂਇਕ ਹੁਕਮਾਂ ਦਾ ਸਤਿਕਾਰ ਕਰਨ ਅਤੇ ਉਨ੍ਹਾਂ ਨੂੰ ਲਾਗੂ ਕਰਨ ਲਈ ਕਾਨੂੰਨੀ ਤੌਰ 'ਤੇ ਵਚਨਬੱਧ ਸਨ। 'ਅਯੁੱਧਿਆ ਅੰਦੋਲਨ' ਨੂੰ ਜੇਕਰ ਅੱਜ ਦੇ

**ਹਰੀਸ਼ ਖਰੇ**

ਅਮਨ-ਕਾਨੂੰਨ ਦੇ ਮਾਪਦੰਡਾਂ ਅਨੁਸਾਰ ਪਰਖਿਆ ਜਾਵੇ, ਤਾਂ ਅਸ਼ੋਕ ਸਿੰਘਲ 'ਤੇ ਭਾਰਤੀ ਰਾਜ ਵਿਰੁੱਧ ਜੰਗ ਛੇੜਨ ਦਾ ਦੋਸ਼ ਲੱਗਦਾ। ਇਸ ਦੋਸ਼ ਨੂੰ ਹਰ ਇੱਕ ਜੱਜ ਪੂਰੀ ਤਰ੍ਹਾਂ ਸਹੀ ਠਹਿਰਾਉਂਦਾ ਅਤੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਸੁਪਰੀਮ ਕੋਰਟ ਵਿੱਚ ਬੇਹੱਦ ਪ੍ਰਭਾਵਸ਼ਾਲੀ ਢੰਗ ਨਾਲ ਇਸ ਦਾ ਬਚਾਅ ਕਰਦਾ।

ਸਿੰਘਲ ਵੱਲੋਂ ਕੀਤੇ ਅਪਰਾਧ ਇੱਥੇ ਮੁੱਖ ਮੁੱਦਾ ਨਹੀਂ ਹਨ; ਸਵਾਲ ਇਹ ਹੈ ਕਿ ਪ੍ਰਧਾਨ ਮੰਤਰੀ ਇਸ ਸੰਪਾਦਕੀ ਲੇਖ ਨੂੰ ਆਪਣੇ ਨਾਂਅ 'ਤੇ ਛਪਵਾ ਕੇ ਕੀ ਹਾਸਲ ਕਰਨਾ ਚਾਹੁੰਦੇ ਹਨ ਅਤੇ ਕਿਉਂ? ਇਹ ਉਸ ਅਖੌਤੀ 'ਅਯੁੱਧਿਆ ਅੰਦੋਲਨ' ਅਤੇ ਉਸ ਵੱਲੋਂ ਸਾਡੀ ਸਿਆਸੀ-ਸਮਾਜਿਕ ਵਿਵਸਥਾ ਵਿੱਚ ਪੈਦਾ ਕੀਤੀ ਸਾਰੀ ਵੰਡ ਨੂੰ ਜਾਇਜ਼ ਠਹਿਰਾਉਣ ਦੀ ਇੱਕ ਸਿੱਧੀ ਕੋਸ਼ਿਸ਼ ਹੈ। ਉਨ੍ਹਾਂ ਦੇ ਆਲੋਚਕ ਅਤੇ ਸਮਰਥਕ ਦੋਵੇਂ ਹੀ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਮੋਦੀ ਨੇ ਆਪਣੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਵਰਤੋਂ ਉਸ ਵਿਚਾਰਧਾਰਕ ਕੱਟੜਪੰਥ ਦੇ ਸਖ਼ਤ ਖੋਲ ਨੂੰ ਰੰਗਣ ਅਤੇ ਚਮਕਾਉਣ ਲਈ ਕੀਤੀ ਹੈ, ਜਿਸ ਨਾਲ ਹਿੰਦੂਤਵੀ ਵਿਚਾਰਧਾਰਾ ਨੂੰ ਊਰਜਾ ਮਿਲਦੀ ਹੈ।

ਇਹ ਗੱਲ ਸ਼ਾਇਦ ਸਮਝੀ ਜਾ ਸਕਦੀ ਹੈ ਕਿ ਜੇਕਰ ਅਯੁੱਧਿਆ ਅੰਦੋਲਨ ਅਤੇ ਉਸ ਕਾਰਨ ਭਾਰਤੀ ਸਮਾਜ ਵਿੱਚ ਪੈਦਾ ਹੋਈ ਫਿਰਕੂ ਵੰਡ ਨਾ ਹੁੰਦੀ ਤਾਂ ਫੇਰ ਮੋਦੀ ਰਾਜ ਵੀ ਨਾ ਹੁੰਦਾ। 2013 ਵਿੱਚ ਸਿੰਘਲ ਨੇ ਭਵਿੱਖਬਾਣੀ ਕੀਤੀ ਸੀ ਕਿ 1990 ਦੇ ਦਹਾਕੇ ਤੋਂ ਬਾਅਦ, ਹੁਣ ਇੱਕ ਹੋਰ ਹਿੰਦੂ ਉਭਾਰ ਦਾ ਸਮਾਂ ਆ ਗਿਆ ਹੈ। ਜਿਹੜੇ ਇਸ ਦਾ ਵਿਰੋਧ ਕਰਨਗੇ, ਉਹ ਮਿਟ ਜਾਣਗੇ। ਪ੍ਰਧਾਨ ਮੰਤਰੀ ਅਸਲ ਵਿੱਚ ਉਹ ਕਰਜ਼ਾ ਚੁਕਾ ਰਹੇ ਹਨ।




ਸ਼ਾਇਦ ਮੋਦੀ ਆਪਣੇ-ਆਪ ਨੂੰ ਏਨਾ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ ਕਿ ਉਹ ਨਾਗਪੁਰ ਵਿੱਚ ਸੰਘ ਪਰਵਾਰ ਦੀ ਵਿਚਾਰਧਾਰਾ ਸਦਕਾ ਟੁੱਟੇ ਹੋਏ ਪੁਲਾਂ ਦੀ ਮੁੜ ਉਸਾਰੀ ਕਰਨ ਲਈ ਬੇਚੈਨ ਹਨ ਅਤੇ ਜਦੋਂ ਦੇਸ਼ ਅਤੇ ਵਿਦੇਸ਼, ਦੋਵੇਂ ਥਾਵਾਂ ਦੀਆਂ ਹਵਾਵਾਂ ਦਾ ਰੁਖ਼ ਉਨ੍ਹਾਂ ਵਿਰੁੱਧ ਵਧਦਾ ਜਾ ਰਿਹਾ ਹੈ, ਤਾਂ ਪ੍ਰਧਾਨ ਮੰਤਰੀ ਕੋਲ ਮੋਹਨ ਭਾਗਵਤ ਤੋਂ ਥਾਪੜਾ ਹਾਸਲ ਕਰਨ ਲਈ ਜਾਇਜ਼ ਕਾਰਨ ਮੌਜੂਦ ਹੈ। ਮੋਦੀ ਦੇ ਸਹਾਇਕ ਅਤੇ ਸਲਾਹਕਾਰ, ਜੋ ਦਿਲੋਂ ਉਨ੍ਹਾਂ ਦੇ ਹਿੱਤਾਂ ਨੂੰ ਸਭ ਤੋਂ ਵੱਧ ਮਹੱਤਵ ਦਿੰਦੇ ਹਨ, ਇਸ ਵਧ ਰਹੀ ਜਨਤਕ ਧਾਰਨਾ ਤੋਂ ਅਣਜਾਣ ਨਹੀਂ ਹੋ ਸਕਦੇ ਕਿ ਚੋਣ ਕਮਿਸ਼ਨ ਵਿੱਚ ਹੋਈਆਂ ਅਪਰਾਧਿਕ ਹਰਕਤਾਂ ਨੇ ਸੱਤਾਧਾਰੀ ਵਿਵਸਥਾ ਦੀ ਜਾਇਜ਼ਤਾ ਬਾਰੇ ਸ਼ੱਕ ਖੜ੍ਹੇ ਕਰ ਦਿੱਤੇ ਹਨ।

ਭਾਜਪਾ ਦੇ ਰਣਨੀਤਕ ਸਮੂਹ ਦੇ ਤਜਰਬੇਕਾਰ ਸਿਆਸੀ ਯੋਧੇ ਜਾਣਦੇ ਹਨ ਕਿ ਰਾਹੁਲ ਗਾਂਧੀ ਦੀ ਅਗਵਾਈ ਵਾਲੀ ਵਿਰੋਧੀ ਧਿਰ ਸਰਕਾਰ 'ਤੇ ਆਪਣੇ ਹਮਲੇ ਬੰਦ ਨਹੀਂ ਕਰੇਗੀ ਅਤੇ ਫਿਰ ਇੱਕ ਅਣਕਿਆਸੀ ਅਤੇ ਕਾਬੂ ਤੋਂ ਬਾਹਰ ਧਿਰ ਵੀ ਹੈ, ਜਿਸ ਨੂੰ ਜੈਨ-ਜ਼ੀ ('ਜਨਰੇਸ਼ਨ ਜ਼ੈੱਡ' – GenZ) ਕਿਹਾ ਜਾਂਦਾ ਹੈ ਅਤੇ ਇਸ ਦਾ ਮੌਜੂਦਾ ਚਿਹਰਾ 'ਕਾਕਰੋਚ ਜਨਤਾ ਪਾਰਟੀ' ਹੈ। ਇਸ ਜੈਨ-ਜ਼ੀ ਵਰਗ ਨੂੰ ਮੋਦੀ ਦੇ ਕਿਸੇ ਭਜਨ-ਕਲੱਬਿੰਗ ਸਮਾਗਮ ਵਿੱਚ ਹਾਜ਼ਰੀ ਭਰਨ ਨਾਲ ਭਰਮਾਇਆ ਨਹੀਂ ਜਾ ਸਕਦਾ। ਅਜਿਹੇ ਸਟੰਟ ਹੁਣ ਸਿਰਫ਼ ਮਜ਼ਾਕ ਦਾ ਪਾਤਰ ਬਣਦੇ ਹਨ। ਇਸ ਪੀੜ੍ਹੀ ਨੇ ਉਨ੍ਹਾਂ ਦੀਆਂ ਚਾਲਾਂ ਨੂੰ ਸਮਝ ਲਿਆ ਹੈ। ਛੇਤੀ ਹੀ ਤੂਫ਼ਾਨੀ ਮੌਸਮ ਦਾ ਆਗਮਨ ਹੋਣ ਵਾਲਾ ਹੈ ਅਤੇ ਸੱਤਾਧਾਰੀ ਧੜੇ ਨੂੰ ਜੋਸ਼ੀਲੇ ਨਾਗਪੁਰ ਦੇ ਉਤਸ਼ਾਹ-ਭਰਪੂਰ ਸਮਰਥਨ ਦੀ ਲੋੜ ਪਵੇਗੀ। ਇਸੇ ਲਈ ਇੱਕ ਹਿੰਦੂਤਵੀ ਕੱਟੜਪੰਥੀ ਦੀ ਵਿਵਾਦਿਤ ਯਾਦ ਨੂੰ ਮੁੜ ਜਿਊਂਦਾ ਕਰਦੇ ਹੋਏ ਸੰਘ ਪਰਵਾਰ ਦੇ ਇੱਕ ਆਗੂ ਅੱਗੇ ਖੁੱਲ੍ਹੇਆਮ ਸਿਰ ਝੁਕਾਇਆ ਜਾ ਰਿਹਾ ਹੈ।

ਸਮਝਦਾਰ ਅੱਖਾਂ ਲਈ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਪ੍ਰਧਾਨ ਮੰਤਰੀ ਦੇ ਇਸ ਓਪ-ਐੱਡ (ਸੰਪਾਦਕੀ ਲੇਖ) ਵਾਲਾ ਦਾਅ-ਪੇਚ ਆਪਣੇ ਵੋਟ ਬੈਂਕ ਨੂੰ ਇਹ ਭਰੋਸਾ ਦਿਵਾਉਣਾ ਹੈ ਕਿ ਉਹ ਅਜੇ ਵੀ ਇੱਕ ਹਿੰਦੂਤਵੀ ਯੋਧਾ ਹਨ। 'ਸਨਾਤਨ ਧਰਮ' ਭੀੜ ਨੂੰ ਇਹ ਵਿਸ਼ਵਾਸ ਦਿਵਾਇਆ ਗਿਆ ਹੈ ਕਿ 'ਇੰਡੀਆ' ਹੁਣ 'ਭਾਰਤ' ਬਣ ਗਿਆ ਹੈ, ਅਤੇ ਭਾਰਤ ਹੁਣ ਸੱਚਮੁੱਚ 'ਹਿੰਦੂ ਰਾਸ਼ਟਰ' ਬਣ ਚੁੱਕਾ ਹੈ ਅਤੇ ਇਸ ਹਿੰਦੂਵਾਦੀ ਪ੍ਰਬੰਧ ਨੂੰ ਕਾਇਮ ਰੱਖਣ ਲਈ ਨਰਿੰਦਰ ਮੋਦੀ ਦਾ ਹੋਣਾ ਲਾਜ਼ਮੀ ਹੈ। ਇਸ ਮੁੱਖ ਸਮਰਥਕ ਵਰਗ ਨੂੰ ਇਹ ਭਰੋਸਾ ਦਿਵਾਉਣ ਦੀ ਸਖ਼ਤ ਲੋੜ ਹੈ ਕਿ ਨਵੀਂ ਤਾਕਤ ਹਾਸਲ ਕਰਨ ਵਾਲੀ ਜੈਨ-ਜ਼ੀ ਵੱਲੋਂ ਪੈਦਾ ਕੀਤੀ ਸਾਰੀ ਹਲਚਲ ਦੇ ਬਾਵਜੂਦ ਸੱਤਾਧਾਰੀ ਧੜਾ ਅਜੇ ਵੀ ਸਥਿਤੀ 'ਤੇ ਪੂਰੀ ਤਰ੍ਹਾਂ ਕਾਬਜ਼ ਹੈ ਅਤੇ ਸਭ ਕੁਝ ਉਸ ਦੇ ਨਿਯੰਤਰਣ ਵਿੱਚ ਹੈ।

ਇਹ ਸਮਝਣਾ ਔਖਾ ਨਹੀਂ ਹੈ ਕਿ ਸਿੰਘਲ ਨੂੰ ਇਹ ਸ਼ਤਾਬਦੀ ਸ਼ਰਧਾਂਜਲੀ ਦੇ ਕੇ ਪ੍ਰਧਾਨ ਮੰਤਰੀ ਆਪਣੇ ਅਹੁਦੇ ਦੀ ਮਹੱਤਤਾ ਨੂੰ ਕਿਉਂ ਘਟਾਉਣਗੇ। ਉਹ ਅਤੇ ਉਨ੍ਹਾਂ ਦੇ ਸਲਾਹਕਾਰ ਜਾਣਦੇ ਹਨ ਕਿ ਦੁਚਿੱਤੀ ਵਿੱਚ ਫਸੇ ਮੱਧ ਵਰਗ ਕੋਲ ਨਿਰਾਸ਼ ਅਤੇ ਠੱਗਿਆ ਮਹਿਸੂਸ ਕਰਨ ਦੇ ਪਹਿਲਾਂ ਹੀ ਕਾਫ਼ੀ ਕਾਰਨ ਹਨ-ਅਯੁੱਧਿਆ ਵਿੱਚ 'ਚੰਦਾ ਚੋਰੀ', ਸਿਆਸੀ ਵਿਰੋਧੀਆਂ ਵਿਰੁੱਧ ਸਰਕਾਰੀ ਸ਼ਕਤੀ ਦੀ ਨੰਗੀ ਅਤੇ ਬੇਅਸੂਲੀ ਵਰਤੋਂ ਅਤੇ ਹੁਣ ਨਿਰਵਾਚਨ ਸਦਨ ਵਿੱਚ ਫੈਲੀ ਦੁਰਭਾਵਨਾ ਦੇ ਖੁਲਾਸੇ। ਇਨ੍ਹਾਂ 'ਨਵ-ਚਾਣਕਿਆਵਾਂ' ਨੂੰ ਇਹ ਵੀ ਪਤਾ ਹੈ ਕਿ ਜੇਕਰ ਉਨ੍ਹਾਂ ਦੇ ਅਸਲ ਅਧਾਰ, ਭਾਵ 'ਸਨਾਤਨੀ' ਭੀੜ ਨੂੰ ਸੱਤਾਧਾਰੀ ਧੜੇ ਦੇ ਕਾਇਮ ਰਹਿਣ ਦੀ ਸਮਰੱਥਾ 'ਤੇ ਸ਼ੱਕ ਹੋਣ ਲੱਗ ਪਿਆ, ਤਾਂ ਇਹ ਇੱਕ ਬਹੁਤ ਵੱਡੀ ਤਬਾਹੀ ਹੋਵੇਗੀ।

ਫਿਰ ਵੀ, ਇਸ ਗੱਲ ਦਾ ਕੋਈ ਸਪੱਸ਼ਟ ਜਵਾਬ ਨਹੀਂ ਹੈ ਕਿ ਇੰਨੇ ਸਾਰੇ ਸੰਪਾਦਕਾਂ ਨੇ ਪ੍ਰਧਾਨ ਮੰਤਰੀ ਨੂੰ ਆਪਣੇ ਹੀ ਸੰਪਾਦਕੀ ਪੰਨਿਆਂ ਦੀ ਪਵਿੱਤਰਤਾ ਨੂੰ ਘਟਾਉਣ ਅਤੇ ਕਮਜ਼ੋਰ ਕਰਨ ਦੀ ਇਜਾਜ਼ਤ ਕਿਉਂ ਦਿੱਤੀ। ਸ਼ਾਇਦ ਇਨ੍ਹਾਂ ਅਖ਼ਬਾਰਾਂ ਦੇ ਸੰਪਾਦਕਾਂ ਅਤੇ ਦੂਜੇ 'ਗੇਟ-ਕੀਪਰਾਂ ਨੇ ਦੇਸ਼ ਦੇ ਨਵੇਂ ਮਿਜ਼ਾਜ ਨੂੰ ਨਹੀਂ ਪਛਾਣਿਆ। ਹੋ ਸਕਦਾ ਹੈ ਮੋਦੀ ਅਜੇ ਵੀ ਨਵੇਂ 'ਸੇਵਾ ਤੀਰਥ' ਦੇ ਇੱਕ ਬਹੁਤ ਹੀ ਜਾਇਜ਼ ਹੱਕਦਾਰ ਹੋਣ, ਪਰ ਉਨ੍ਹਾਂ ਕੋਲ ਹੁਣ ਉਹ ਨੈਤਿਕ ਸਮਰੱਥਾ ਨਹੀਂ ਰਹੀ ਕਿ ਉਹ ਸੰਕਟਾਂ ਵਿੱਚ ਘਿਰੇ ਦੇਸ਼ ਨੂੰ ਉਸ ਦੇ ਸ਼ੰਕਿਆਂ ਅਤੇ ਖ਼ਦਸ਼ਿਆਂ ਵਿੱਚੋਂ ਬਾਹਰ ਕੱਢ ਸਕਣ ਅਤੇ ਇੱਕ ਵਿਸਾਰ ਦਿੱਤੇ ਗਏ ਅਤੇ ਭੁਲਾਏ ਜਾ ਸਕਣ ਯੋਗ ਅਸ਼ੋਕ ਸਿੰਘਲ ਦੀ ਵਡਿਆਈ ਦੇ ਗੀਤ ਗਾਉਣਾ ਤਾਂ ਨਿਸ਼ਚਿਤ ਤੌਰ 'ਤੇ ਕੋਈ ਸਹੀ ਤਰੀਕਾ ਨਹੀਂ ਹੈ।

*ਹਰੀਸ਼ ਖਰੇ ਨੇ ਦੇਸ਼ ਦੇ ਕਈ ਪ੍ਰਮੁੱਖ ਅਖ਼ਬਾਰਾਂ ਵਿੱਚ ਪੱਤਰਕਾਰੀ ਕੀਤੀ ਹੈ ਅਤੇ 'ਦ ਟ੍ਰਿਬਿਊਨ' ਦੇ ਮੁੱਖ ਸੰਪਾਦਕ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾਈਆਂ ਹਨ। ਉਹ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਮੀਡੀਆ ਸਲਾਹਕਾਰ ਵਜੋਂ ਵੀ ਕੰਮ ਕਰ ਚੁੱਕੇ ਹਨ। ਉਨ੍ਹਾਂ ਦਾ ਇਹ ਲੇਖ 29 ਸਤੰਬਰ 2026 ਨੂੰ 'ਦ ਵਾਇਰ' ਵਿੱਚ ਪ੍ਰਕਾਸ਼ਿਤ ਹੋਇਆ ਹੈ।*

# 'ਰੱਤੀ' ਤੇਰੀ ਵੇ ਢੋਲ ਮੇਰਿਆ ਲੂੰਗੀ

**ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇ-84**

**ਸੁਰਜੀਤ ਸੁਮਨ**

ਸਿਆਣੇ ਕਹਿੰਦੇ ਹਨ ਕਿ 'ਰੱਤੀ' ਇੱਕ ਵੇਲ ਜਾਤੀ ਦਾ ਪੌਦਾ ਹੁੰਦੈ, ਜਿਸ ਨਾਲ਼ ਲੱਗੀਆਂ ਮਟਰਾਂ ਦੀਆਂ ਫਲ਼ੀਆਂ ਵਰਗੀਆਂ ਫਲ਼ੀਆਂ ਵਿੱਚੋਂ ਲਾਲ-ਸੂਹੇ ਰੰਗ ਦੇ ਨਿੱਕੇ ਨਿੱਕੇ ਬੀਜ ਨਿਕਲ਼ਦੇ ਹਨ। ਇਨ੍ਹਾਂ ਬੀਜਾਂ ਦੇ ਉਪਰਲੇ ਸਿਰੇ 'ਤੇ ਇੱਕ ਕਾਲ਼ਾ ਜਿਹਾ ਨਿਸ਼ਾਨ ਹੁੰਦੈ। ਏਸੇ ਨਿੱਕੇ ਜਿਹੇ ਬੀਜ ਨੂੰ ਹੀ 'ਰੱਤੀ' ਕਿਹਾ ਜਾਂਦੈ। ਪੁਰਾਣੇ ਸਮਿਆਂ ਵਿੱਚ ਸੁਨਿਆਰਿਆਂ ਵੱਲੋਂ ਏਸੇ 'ਰੱਤੀ' ਨੂੰ ਸੋਨਾ ਜਾਂ ਹੋਰ ਕੀਮਤੀ ਗਹਿਣੇ ਤੋਲਣ ਲਈ ਵਰਤਿਆ ਜਾਂਦਾ ਸੀ। 'ਰੱਤੀ' ਸ਼ਬਦ ਅੱਜ ਸਾਡੀ ਆਮ ਲੋਕਾਈ ਦੇ ਮੂੰਹਾਂ ਤੋਂ ਵਿਸਰਦਾ ਚਲਿਆ ਗਿਆ ਹੈ। ਇਸ ਸ਼ਬਦ ਦੀ ਥਾਂ ਹੁਣ ਰਤਾ, ਥੋੜ੍ਹਾ ਜਾਂ ਭੋਰਾ ਆਦਿ ਸ਼ਬਦਾਂ ਨੇ ਮੱਲ ਲਈ ਹੈ। ਹੌਲ਼ੀ ਹੌਲ਼ੀ 'ਰੱਤੀ' ਸ਼ਬਦ ਫਿਰ ਪਤਾ ਨਹੀਂ ਕਿਹੜੇ ਵੇਲ਼ੇ ਸਾਡੇ ਲੋਕ ਗੀਤਾਂ ਵਿੱਚ ਸਮਾਅ ਗਿਆ। ਸ਼ਗਨਾਂ ਨੇ ਲਾਲ-ਸੂਹਾ ਰੰਗ ਸ਼ਾਇਦ ਏਸੇ 'ਰੱਤੀ' ਕੋਲ਼ੋਂ ਮੰਗਵਾ ਲਿਆ ਹੋਵੇ, ਜਿਸ ਨੂੰ ਰੇਸ਼ਮ ਦੀਆਂ ਡੋਰਾਂ ਨੇ ਹੋਰ ਹੀ ਸੁਹੱਪਣ ਬਖ਼ਸ਼ ਦਿੱਤਾ ਹੋਵੇ। ਸਾਡੇ ਲੋਕ ਗੀਤਾਂ ਵਿੱਚ ਪੰਜਾਬੀਅਤ ਦੀ ਮੁਹੱਬਤ, ਰਿਸ਼ਤੇ-ਨਾਤਿਆਂ ਦੀ ਸੁਗੰਧਤ- ਮਨਮੋਹਕ ਮਿਠਾਸ ਤੇ ਰਵਾਇਤੀ ਪਹਿਰਾਵੇ ਦਾ ਜ਼ਿਕਰ ਵੱਡੀ ਪੱਧਰ 'ਤੇ ਹੋਇਆ ਹੈ, ਜਿਸ ਤੋਂ ਸਾਡੇ ਲੋਕ ਗੀਤ ਵਾਰੀ ਵਾਰੀ ਜਾਂਦੇ ਹਨ। ਲਾਲ-ਸੂਹਾ ਰੰਗ ਉਤਸ਼ਾਹ, ਪਿਆਰ-ਮੁਹੱਬਤ, ਖ਼ੁਸ਼ੀ ਤੇ ਜਜ਼ਬੇ ਦੀ ਭਰਪੂਰਤਾ ਨੂੰ ਪ੍ਰਗਟਾਉਂਦਾ ਹੈ। ਗੁਰਬਾਣੀ ਵਿੱਚ ਲਾਲ-ਸੂਹੇ ਰੰਗ ਨੂੰ ਕੱਚਕੜਾ ਜਾਂ ਕਸੁੰਭੜੇ ਦੇ ਰੰਗ ਦੇ ਰੂਪ ਵਿੱਚ ਬਿਆਨਿਆ ਗਿਆ ਹੈ, ਜੋ ਛੇਤੀ ਉਤਰ ਜਾਂਦਾ ਹੈ। ਫਿੱਕਾ ਪੈ ਜਾਂਦਾ ਹੈ। ਪਿਆਰ-ਮੁਹੱਬਤ ਦੇ ਨਾਲ਼ ਨਾਲ਼ ਇਹ ਰੰਗ ਗੁੱਸੇ ਦੇ ਪ੍ਰਤੀਕ ਵਜੋਂ ਵੀ ਜਾਣਿਆਂ ਜਾਂਦਾ ਹੈ। ਭਾਵ ਖਤਰਾ। ਸ਼ਾਇਦ ਏਸੇ ਲਈ ਲਾਲ ਰੰਗ ਦੀਆਂ ਲਾਈਟਾਂ ਚੌਕ ਵਿੱਚ ਰੁਕਣ ਦਾ ਇਸ਼ਾਰਾ ਕਰਦੀਆਂ ਹਨ। ਮੇਰੇ ਦੋਸਤ ਬਲਵਿੰਦਰ ਸਿੰਘ ਰਾਜ ਜਦੋਂ ਵੀ ਮਿਲ਼ਦੇ ਹਨ, ਲਾਲ ਸਲਾਮ ਕਹਿਣਗੇ। ਕਮਿਊਨਿਜ਼ਮ ਵਿੱਚ ਲਾਲ ਰੰਗ ਬਹੁਤ ਮਹੱਤਵ ਰੱਖਦਾ ਹੈ।

'ਰੱਤੀ' ਦਾ ਲਾਲ-ਸੂਹਾ ਰੰਗ ਮੇਰੀ ਚੇਤਨਾ ਨੂੰ ਤਾਇਆ ਆਤਮਾ ਸਿੰਘ ਵੱਲੋਂ ਸੁਣਾਈਆਂ ਗਈਆਂ ਸਾਖੀਆਂ ਨਾਲ਼ ਜੋੜ ਦਿੰਦਾ ਹੈ। ਉਹ ਇੱਕ ਨਿਪੁੰਨ ਕਥਾਕਾਰ ਸਨ। ਵਿਹਲੇ ਵੇਲ਼ੇ ਜਦੋਂ ਅਸੀਂ ਉਨ੍ਹਾਂ ਕੋਲ਼ ਜਾ ਬਹਿਣਾ, ਉਹ ਕਥਾ ਤੋਰ ਲੈਂਦੇ, 'ਭਤੀਜ ਇਹ ਕੁਦਰਤ ਦੇ ਕਾਦਰ ਦਾ ਈ ਕਮਾਲ ਆ ਬਈ ਇੱਕ 'ਰੱਤੀ' ਦਾ ਭਾਰ ਚੌਲ਼ਾਂ ਦੇ ਅੱਠ ਦਾਣਿਆਂ ਦੇ ਬਰਾਬਰ ਹੁੰਦੈ। ਇੱਕ ਗਰਾਮ ਦਾ ਅੱਠਵਾਂ ਹਿੱਸਾ। ਅੱਠ ਰੱਤੀਆਂ ਦੇ ਤੋਲ ਬਰਾਬਰ ਇੱਕ ਮਾਸਾ ਹੁੰਦੈ। ਵੈਦਾਂ ਵੱਲੋਂ ਵੀ ਰੱਤੀ, ਮਾਸਾ, ਤੋਲ਼ਾ, ਛਟਾਂਕ ਨਾਲ਼ ਈ ਨਿੱਕੀਆਂ ਨਿੱਕੀਆਂ ਤੱਕੜੀਆਂ ਵਿੱਚ ਦਵਾਈਆਂ ਤੋਲ ਕੇ ਪੁੜੀਆਂ ਬਣਾ ਲਈਆਂ ਜਾਂਦੀਆਂ। ਸਾਡੇ ਖ਼ੂਨ ਦਾ ਰੰਗ ਵੀ ਲਾਲ ਈ ਹੁੰਦੈ ਭਤੀਜ। ਪਰ ਕਿਆ ਪਤਾ ਲਗਦੈ ਬਈ ਇਹ ਕਦੋਂ ਸਫੈਦ ਹੋਜੇ? ਭਤੀਜ ਪਿਆਰ-ਮੁਹੱਬਤ ਦਾ ਵੀ ਕਿਆ ਪਤੈ ਬਈ ਅੱਜ ਹੈ ਤੇ ਕੱਲ੍ਹ ਨਈਂ। ਕਹਿੰਦੇ ਇੱਕ ਵਾਰੀ ਕੋਈ ਜਗਿਆਸੂ ਕਬੀਰ ਸਾਅਬ ਨੂੰ ਮਿਲ਼ਣ ਆਇਆ। ਮਾਈ ਲੋਈ ਕਹਿਣ ਲੱਗੀ ਭਾਈ ਪਿੰਡ 'ਚ ਕਿਸੇ ਦੀ ਮੌਤ ਹੋਗੀ, ਉਹ ਤਾਂ ਮੰਜ਼ਲ ਨਾਲ਼ ਗਏ ਆ। ਜਗਿਆਸੂ ਕਬੀਰ ਸਾਅਬ ਨੂੰ ਪਛਾਣਦੇ ਨਈਂ ਸਨ। ਪੁੱਛਣ ਲੱਗੇ, ਉਨ੍ਹਾਂ ਦੀ ਕੋਈ ਪਛਾਣ? ਮਾਈ ਲੋਈ ਬੋਲੀ, ਬਈ ਜਿਸ ਦੇ ਸਿਰ ਤੋਂ ਇੱਕ ਗਿੱਠ ਉਤਾਂਹ ਰੌਸ਼ਨੀ ਜਗ-ਮਗ, ਜਗ-ਮਗ ਕਰਦੀ ਹੋਵੇ, ਉਹ ਕਬੀਰ ਸਾਅਬ ਈ ਹੋਣਗੇ। ਮਗਰੇ ਮਗਰੇ ਸ਼ਮਸ਼ਾਨ ਪੁੱਜਾ ਜਗਿਆਸੂ ਹੈਰਾਨ ਰਹਿ ਗਿਆ? ਕੀ ਦੇਖਦੈ? ਬਈ ਮਜ਼ਲ ਵਿੱਚ ਜਾ ਰਹੇ ਹਰ ਪ੍ਰਾਣੀ ਦੇ ਸਿਰ ਤੋਂ ਇੱਕ ਗਿੱਠ ਉਤਾਂਹ ਰੌਸ਼ਨੀ ਜਗ-ਮਗ, ਜਗ-ਮਗ ਕਰ ਰਹੀ ਆ। ਚਲੋ, ਪਰ ਉਹ ਚੁੱਪ ਰਿਹਾ। ਫਿਰ ਭਤੀਜ ਵਾਪਸੀ ਵੇਲ਼ੇ ਉਸ ਹੋਰ ਈ ਕੌਤਕ ਦੇਖਿਆ। ਸਿਰਫ ਇੱਕ ਇਨਸਾਨ ਦੇ ਸਿਰ ਤੋਂ ਇੱਕ ਗਿੱਠ ਉਤਾਂਹ ਰੌਸ਼ਨੀ ਜਗ-ਮਗ, ਜਗ-ਮਗ ਕਰੇ। ਜਗਿਆਸੂ ਸਮਝ ਗਿਆ। ਇਹੋ ਕਬੀਰ ਸਾਅਬ ਹੋਣਗੇ। ਫਿਰ ਕਬੀਰ ਸਾਅਬ ਨੇ ਜਗਿਆਸੂ ਦੀ ਜਗਿਆਸਾ ਸ਼ਾਂਤ ਕੀਤੀ ਕਿ ਜਦੋਂ ਮਨੁੱਖ ਨੂੰ ਸ਼ਮਸ਼ਾਨ ਦਾ ਚੇਤਾ ਆਉਂਦਾ ਨਾ, ਤਾਂ ਈ ਉਸਨੂੰ ਦੁਨੀਆਂਦਾਰੀ ਭੁੱਲਦੀ ਆ। ਇੱਥੇ ਆ ਕੇ ਈ ਉਹ ਸੱਚ ਦੇ ਨੇੜੇ ਜਾਂਦੈ। ਪਰ ਜਦੋਂ ਸ਼ਮਸ਼ਾਨ ਤੋਂ ਵਾਪਸ ਪਰਤਦੈ, ਫਿਰ ਉਸ 'ਤੇ ਦੁਨਿਆਵੀ ਝਮੇਲੇ ਹਾਵੀ ਹੋਣ ਲਗਦੇ ਹਨ। ਉਹ ਫਿਰ ਉਨ੍ਹਾਂ ਵਿੱਚ ਈ ਗ੍ਰਸਤ ਹੋ ਜਾਂਦੈ, ਕਿਉਂਕਿ ਗਿਆਨ ਦੀ ਰੌਸ਼ਨੀ ਉਹਦੇ ਸਿਰ ਵਿੱਚੋਂ ਈ ਲੁਪਤ ਹੋ ਜਾਂਦੀ ਹੈ। ਇਸ ਲਈ ਭਾਈ ਬੰਦੇ ਨੂੰ ਦੁਨਿਆਵੀ ਕੰਮਾਂ ਦੇ ਨਾਲ਼ ਨਾਲ਼ ਮੌਤ ਹਮੇਸ਼ਾ ਚੇਤੇ ਰੱਖਣੀ ਚਾਹੀਦੀ ਆ। ਇਹਦੇ ਨਾਲ਼ ਬੰਦਾ ਆਪਹੁਦਰਾ ਨਈਂ ਹੁੰਦਾ। ਦੂਜਿਆਂ 'ਤੇ ਜ਼ੁਲਮ ਨਈਂ ਢਾਉਂਦਾ।'

ਬਾਈ ਦਲੇਰ ਸਿੰਘ ਦੇ ਫੋਨ ਦੀ ਵੱਜੀ ਘੰਟੀ ਨੇ ਮੈਨੂੰ ਤਾਇਆ ਆਤਮਾ ਸਿੰਘ ਵੱਲੋਂ ਸੁਣਾਈ ਜਾ ਰਹੀ ਸਾਖੀ ਨਾਲੋਂ ਤੋੜ ਕੇ ਪਰ੍ਹਾਂ ਸੁੱਟ ਦਿੱਤਾ। ਇਹਦਾ ਵੀ ਕੋਈ ਪਤਾ ਨਈਂ ਕਦੋਂ ਕੀ ਆਖ ਜਾਵੇ। ਕਿਸੇ ਦੁੱਖ-ਸੁੱਖ ਤੋਂ ਗੱਲ ਸ਼ੁਰੂ ਕਰਕੇ ਫਿਰ ਇਹ ਦਿੱਲੀ-ਦੱਖਣ ਪਹੁੰਚ ਜਾਂਦੈ। ਚਲੋ, ਮੈਂ ਓਹਦੇ ਨਾਲ਼ ਫੋਨ 'ਤੇ ਗੱਲੀਂ ਪੈ ਜਾਂਦਾ ਹਾਂ। 'ਛੋਟੇ ਭਾਈ ਚਾਵਲੇ ਦੇ ਚਵਲ਼ ਨੇ ਤਾਂ ਸਾਰੀਆਂ ਮਰਿਆਦਾਵਾਂ ਨੂੰ ਈ ਗ੍ਰਹਿਣ ਲਾ ਤਾ। ਬਈ ਕੁਝ ਤਾਂ ਸ਼ਰਮ ਕਰ। ਓਏ ਸਾਡੇ ਗੁਰੂ ਸਾਹਿਬਾਨ ਨੇ ਸਾਡੇ ਲਈ ਇਹ ਥਾਵਾਂ ਹਕੂਮਤਾਂ ਨਾਲ਼ ਦਸਤਪੰਜਾ ਲੈ ਕੇ ਲਈਆਂ। ਆਪਣੇ ਸਮੇਂ ਵਿੱਚ ਉਨ੍ਹਾਂ ਮਸੰਦਾਂ ਤੇ ਮਹੰਤਾਂ ਨੂੰ ਉਨ੍ਹਾਂ ਦੀ ਕਰਨੀ ਦਾ ਫਲ਼ ਦਿੱਤਾ। ਭ੍ਰਿਸ਼ਟਾਚਾਰੀ, ਕਾਮੀ ਤੇ ਦੋਗਲੇ ਮਹੰਤ, ਧੀਰ ਮੱਲੀਏ, ਰਾਮ ਰਾਈਏ ਤੇ ਧਿਆਨ ਦਾਸ ਵਰਗੇ ਦੋਸ਼ੀ ਮਸੰਦਾਂ ਨੂੰ ਉਨ੍ਹਾਂ ਨੇ ਏਸੇ ਅਨੰਦਪੁਰ ਸਾਹਿਬ ਲਿਆ ਕੇ ਉਬਲ਼ਦੇ ਤੇਲ ਦੇ ਕੜਾਹਿਆਂ ਵਿੱਚ ਪਾ ਕੇ ਸਖ਼ਤ ਸਜ਼ਾਵਾਂ ਦਿੱਤੀਆਂ। ਹੁਕਮਨਾਮੇ ਭੇਜ ਕੇ ਸੰਗਤ ਨਾਲ਼ੋਂ ਉਨ੍ਹਾਂ ਨੂੰ ਤੋੜਿਆ। ਇਨ੍ਹਾਂ ਕੰਜਰਾਂ ਨੇ ਗੁਰੂ ਘਰਾਂ ਨੂੰ ਈ । ਬਾਬਾ ਨਾਨਕ ਤੋਂ ਸਿੱਖ-ਮੱਤ ਲੈ ਕੇ ਗਨਕਾ, ਨੇ ਆਪਣਾ ਜੀਵਨ ਬਦਲ ਲਿਆ ਸੀ, ਪਰ ਅੱਜ ਇਨ੍ਹਾਂ ਹਰਾਮੀ ਲੋਕਾਂ ਨੇ ਰਲ਼ ਕੇ ਚੰਗੀਆਂ-ਭਲੀਆਂ ਔਰਤਾਂ ਨੂੰ ਗਨਕਾਵਾਂ ਬਣਾ ਛੱਡਿਆ। ਹੋਰ ਸੁਣ। ਅਹੁ 'ਆਲ ਇਜ਼ ਵੈੱਲ' ਆਲ਼ੀ ਦੀ ਕਰਤੂਤ ਦੇਖੀ? ਲਾਹਨਣ ਆ ਬਈ ਐਸੀਆਂ ਪੁਲਿਸ ਵਾਲ਼ੀਆਂ 'ਤੇ। ਤੂੰ ਬਰਖਾਸਤ ਐੱਸ.ਐੱਸ.ਪੀ. ਰਾਜਜੀਤ ਸਿੰਘ ਹੁੰਦਲ ਦੀ ਉਹ ਫੋਟੋ ਦੇਖੀਂ? ਜੀਹਦੇ ਵਿੱਚ ਉਹ ਸੌ ਭਿਖਾਰੀਆਂ ਦਾ ਭਿਖਾਰੀ ਲਗਦੈ। ਕਹਿੰਦੇ ਲਾਲ ਹਨ੍ਹੇਰੀ ਲਿਆਉਣ ਵਾਲ਼ਾ ਇੱਕ ਬਦਨਾਮ ਐੱਸ.ਐੱਸ. ਪੀ ਰਿਹਾ ਪੁਲਿਸ ਮੁਖੀ ਪਾਗਲ ਈ ਹੋ ਗਿਐ। ਛੋਟੇ ਭਾਈ ਆਪਣੀ ਕਰਨੀ ਦਾ ਫਲ਼ ਬੰਦੇ ਨੂੰ ਐਥੇ ਈ ਭੋਗਣਾ ਪੈਂਦੈ। ਲੱਖ ਦੀ ਲਾਹਨਤ ਆ ਮੇਰੇ ਆਰ। ਬੰਦਾ ਜਦੋਂ ਪਾਵਰ 'ਚ ਹੁੰਦੈ, ਕਿਉਂ ਭੁੱਲ ਜਾਂਦੈ ਬਈ, 'ਜਿਸੁ ਆਸਨਿ ਹਮ ਬੈਠੇ ਕੇਤੇ ਬੈਸਿ ਗਇਆ॥'

ਤੂੰ ਹੋਰ ਦੇਖ ਸਾਡੇ ਸਿਆਸੀ, ਧਾਰਮਿਕ ਤੇ ਵਪਾਰੀ ਕਿਸਮ ਦੇ ਲੋਕਾਂ ਨੇ ਐਸਾ ਗੱਠਜੋੜ ਬਣਾਇਐ ਹੋਇਆ ਬਈ ਕਿਸੇ ਵੀ ਮਾਣ-ਮਰਿਆਦਾ ਨੂੰ ਰਹਿਣ ਨਈਂ ਦੇਣਾ। ਪ੍ਰਸ਼ਾਸਨ ਤੇ ਕਾਨੂੰਨ ਤਾਂ ਕਹਿੰਦੇ ਇਨ੍ਹਾਂ ਦਾ ਪਾਣੀ ਭਰਦੇ ਨੇ। ਚੰਗੇ-ਮਾੜੇ ਦੀ ਪਛਾਣ ਇੱਥੋਂ ਈ ਹੁੰਦੀ ਆ। ਊਂ ਇਨ੍ਹਾਂ ਤਿੰਨ-ਚੌਂਅ ਧਿਰਾਂ ਵਿੱਚ ਚੰਗੇ ਲੋਕਾਂ ਦੀ ਵੀ ਘਾਟ ਨਈਂ। ਮਾੜਿਆਂ ਨੂੰ ਤਾਂ ਆਪਾਂ ਦੇਖ ਈ ਰਹੇ ਆਂ। ਇਨ੍ਹਾਂ ਦਾ ਕੋਈ ਪਤਾ ਨਈਂ ਕਿਸ ਨੂੰ ਹਥਿਆਰ ਬਣਾ ਕੇ ਵਰਤਣ ਦੀ ਜਗਿਆਸਾ ਕਦੋਂ ਪਾਲ਼ ਲੈਣ। ਇਨ੍ਹਾਂ ਨੇ ਤਾਂ ਬੱਸ ਆਪਣਾ ਉੱਲੂ ਸਿੱਧਾ ਰੱਖਣੈ ਹੁੰਦੈ। ਹੋਰ ਸੁਣ, ਦੇਸ਼ ਦਾ ਗ੍ਰਹਿ ਮੰਤਰੀ ਅਮਿਤ ਸ਼ਾਹ ਫਿਰ ਲੌਲੀਪੌਪ ਦੇ ਗਿਆ। ਬਈ ਭਲਿਓ ਮਾਣਸੋ ਸਮੁੱਚੇ ਦੇਸ਼ ਦੀ ਸੱਤ੍ਹਾ ਤੁਹਾਡੇ ਕੰਟਰੋਲ 'ਚ ਆ। ਕੈਪਟਨ ਅਮਰਿੰਦਰ ਸਿੰਘ ਦਾ ਨਸ਼ਿਆਂ ਦਾ ਲੱਕ ਤੋੜਨ ਵਾਲ਼ਾ ਜੁਮਲਾ ਚੇਤੇ ਆਉਂਦੈ। ਵੱਡੇ ਬਾਦਲ ਸਾਅਬ ਦੇ ਕਹਿਣ ਵਾਂਗ ਤੁਹਾਨੂੰ ਤਾਂ ਧਰਤੀ 'ਤੇ ਕੀੜੀ ਫਿਰਦੀ ਵੀ ਦਿਖਦੀ ਆ, ਫਿਰ ਨਸ਼ਿਆਂ ਦਾ ਖਾਤਮਾ ਅੱਜ ਈ ਕਿਉਂ ਨਈਂ? ਇਹ ਤਾਂ ਭਰਾਵਾਂ ਬੜਾ ਪੁਰਾਣਾ ਜੁਮਲਾ ਇਨ੍ਹਾਂ ਸਿਆਸੀ ਲੋਕਾਂ ਦਾ।' ਫੋਨ ਕੱਟਿਆ ਗਿਆ ਤਾਂ ਮੇਰੇ ਚੇਤੇ ਵਿੱਚ ਇੱਕ ਹੋਰ 'ਰੱਤੀ' ਆ ਬੈਠੀ। ਕਿਸੇ ਮਨਿਸਟਰ ਦਾ ਸਕੱਤਰ ਸੁਣਾ ਰਿਹਾ ਸੀ, 'ਬਈ ਇੱਕ ਵਾਰੀ ਸਾਡੇ ਅਕਾਲੀ ਮੰਤਰੀ ਸਾਅਬ ਨੂੰ ਕੋਈ ਔਰਤ ਮਿਲ਼ਣ ਆ ਗਈ। ਲੈੱਗ-ਪੈੱਗ ਦਾ ਸ਼ੌਕੀਨ ਸਾਅਬ ਲੂੰਗੀ ਲਾ ਕੇ ਆਪਣੇ ਕਮਰੇ ਵਿੱਚ ਸੌਂਅ ਗਿਆ। ਔਰਤ ਮਿਲ਼ਣ ਲਈ ਜ਼ਿੱਦ ਕਰੀ ਜਾਵੇ। ਮੈਥੋਂ ਆਖਿਆ ਗਿਆ, ਜਾਓ ਫਿਰ ਸਾਅਬ ਲੂੰਗੀ ਲਾਈ ਪਏ ਨੇ।' 'ਰੱਤੀ' ਦੇ ਨਾਲ਼ ਨਾਲ਼ ਮੈਨੂੰ ਅੱਜ ਚੁਫੇਰੇ ਮੰਡਰਾਉਂਦੇ ਕਾਮਦੇਵ ਚੇਤੇ ਆਏ। ਪੁਰਾਣੇ ਰਾਜੇ-ਮਹਾਰਾਜਿਆਂ ਤੇ ਪ੍ਰੋਹਿਤਾਂ ਵੱਲੋਂ ਔਰਤ ਨੂੰ ਹਥਿਆਰ ਬਣਾ ਵਰਤਣ ਲਈ ਬਣਾਈਆਂ 'ਦੇਵ ਦਾਸੀਆਂ' ਤੇ 'ਵਿਸ਼ ਕੰਨਿਆਵਾਂ' ਚੇਤੇ ਆਉਣ ਲੱਗੀਆਂ। ਅਜਿਹੇ ਆ ਰਹੇ ਵਿਚਾਰਾਂ ਤੋਂ ਆਪਣੇ ਆਪ ਨੂੰ ਤੋੜਨ ਲਈ ਮੈਂ ਯੂਟਿਊਬ ਫਰੋਲਣ ਲਗਦਾ ਹਾਂ। ਕੋਈ ਮੁਟਿਆਰ ਗਾ ਰਹੀ ਹੈ, 'ਰੱਤੀ ਤੇਰੀ ਵੇ ਢੋਲ ਮੇਰਿਆ ਲੂੰਗੀ/ ਵੱਟ ਪੁਆਂਦੀ ਆਂ ਮੈਂ ਰੇਸ਼ਮ ਦੀਆਂ ਡੋਰਾਂ/ ਵੇ ਕੋਈ ਆਉਂਦਾ ਆਉਂਦਾ ਅੱਖੋਂ ਓਹਲੇ ਹੋ ਗਿਆ/ ਵੇ ਮੈਂ ਦੂਰ ਤੋਂ ਪਛਾਣਦੀ ਆਂ ਤੋਰਾਂ।'

**ਸੰਪਰਕ : 98144-30874**

# ਨੇਕ ਤੇ ਨਿਮਰ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਦੀ ਜੰਮਣ ਭੌਂਅ ਸੀ ਬਜਵਾੜਾ

**ਪਿੰਡ ਫਸਿਆ-95**

**ਵਿਜੈ ਬੰਬੇਲੀ**

ਪ੍ਰਾਚੀਨ ਬਜਵਾੜਾ (ਹੁਸ਼ਿਆਰਪੁਰ) ਇੱਕ ਮਹੱਤਵਪੂਰਨ ਦਰ੍ਹਾ ਸੀ। ਸੁ-ਪ੍ਰਸਿੱਧ ਸੰਗੀਤਕਾਰ ਬੈਜੂ ਬਾਵਰਾ, ਜਿਸ ਦੇ ਨਾਂਅ ਉੱਤੇ ਇਸ ਦਾ ਨਾਮਕਰਨ ਹੋਇਆ, ਇਸ ਦੀ ਮਸ਼ਹੂਰੀ ਦਾ ਇੱਕ ਕਾਰਨ ਸੀ। ਰਾਜਾ ਸੰਸਾਰ ਚੰਦ ਕਾਂਗੜਾ ਵੱਲੋਂ ਇੱਥੇ ਜੰਗੀ ਕਿਲ੍ਹਾ ਉਸਾਰਨ, ਮਾ. ਰਣਜੀਤ ਸਿੰਘ ਦੇ ਸਿਪਾਹਸਲਾਰਾਂ ਵੱਲੋਂ ਇਸ ਦਾ ਕਬਜ਼ਾ ਲੈਣ ਤੋਂ ਕਿਤੇ ਪਹਿਲਾਂ ਹੀ ਇੱਥੇ ਅਫ਼ਗਾਨਾਂ ਦਾ ਰਾਜ-ਭਾਗ ਸਥਾਪਤ ਹੋ ਚੁੱਕਾ ਸੀ। ਵਪਾਰਕ ਅਤੇ ਅਬਿਆਨਾ ਨਜ਼ਰੀਏ ਤੋਂ ਮਹੱਤਵਪੂਰਨ ਹੋਣ ਕਾਰਨ ਇਹ ਜੰਗੀ ਉਥਲਾਂ-ਪੁਥਲਾਂ ਦਾ ਸ਼ਿਕਾਰ ਰਿਹਾ। ਅਫ਼ਗਾਨ-ਪਠਾਣਾਂ ਨੇ ਇਸ ਦੁਆਲੇ ਜੰਗੀ ਪਿਕਟਾਂ ਬਣਾਈਆਂ, ਲੋੜ ਅਨੁਸਾਰ ਗੜ੍ਹੀਆਂ ਵੀ ਬਣਾਈਆਂ। ਮਗਰੋਂ ਇਹੀ ਗੜ੍ਹੀਆਂ ਜੰਗੀ ਸਰਦਾਰਾਂ ਦੇ ਵੰਸ਼ਜਾਂ ਦੀ ਟਿਕਵੀਂ ਰਿਹਾਇਸ਼ ਬਣੀਆਂ। ਹੋਰ ਧਿਰਾਂ ਦੇ ਆ ਵਸਣ ਜਾਂ ਵਸਾਏ ਜਾਣ ਕਾਰਨ ਇਹ ਬਾਈ ਬਸੀਆਂ, ਮੁਸਲਮਾਨਾਂ ਦੇ ਪਿੰਡਾਂ ਵਜੋਂ ਵਿਕਸਿਤ ਹੋ ਗਈਆਂ। ਇਨ੍ਹਾਂ ਪਿੰਡਾਂ ਦੇ ਬਹੁ-ਪਰਤੀ, ਇੱਧਰਲੇ ਜਾਂ ਉੱਧਰਲੇ ਮੁਸਲਿਮ ਧਰਮੀ ਇੱਥੋਂ ਦੇ ਸਥਾਨਕ ਲੋਕਾਂ ਦੇ ਦੁੱਖ-ਸੁੱਖ ਦੇ ਸਾਂਝੀ ਹੋ ਗਏ। ਪੂਰੀ ਤਰ੍ਹਾਂ ਇੱਕ-ਦੂਜੇ 'ਤੇ ਨਿਰਭਰ। ਮਗਰੋਂ ਬਜਵਾੜੇ ਦੀ ਪੱਗ ਦਾ ਸੂਹਾ ਲੜ ਸ਼ਾਹਾਂ ਵਜੋਂ ਪ੍ਰਸਿੱਧ ਖੱਤਰੀ, ਖ਼ਰਾਇਤੀ ਵਿੱਦਿਅਕ ਸੰਸਥਾਵਾਂ ਅਤੇ ਸ਼ਹੀਦ ਬਲਰਾਜ ਭੱਲਾ ਵਰਗੇ ਦੇਸ਼ ਭਗਤ ਬਣੇ।

ਬਜਵਾੜਾ ਦੀ ਮਸ਼ਹੂਰੀ ਦਾ ਇੱਕ ਵੱਡਾ ਕਾਰਨ ਨੇਕ ਬਾਦਸ਼ਾਹ ਸ਼ੇਰਸ਼ਾਹ ਸੂਰੀ ਦੀ ਜੰਮਣ ਭੌਂਅ ਅਤੇ ਅਕਬਰ ਬਾਦਸ਼ਾਹ ਦੇ ਨੌਂ ਰਤਨਾਂ ਵਿੱਚੋਂ ਇੱਕ ਰਤਨ ਟੋਡਰ ਮੱਲ (ਮਾਲ ਮੰਤਰੀ) ਦਾ ਨਾਨਕਾ ਪਿੰਡ ਹੋਣਾ ਵੀ ਸੀ। ਬਾਦਸ਼ਾਹ ਸ਼ੇਰਸ਼ਾਹ ਸੂਰੀ ਦੀ ਸਮਰਾਟ ਅਸ਼ੋਕ ਅਤੇ ਅਕਬਰ ਬਾਦਸ਼ਾਹ ਨਾਲ ਤੁਲਨਾ ਹੋਣੀ ਬਜਵਾੜਾ ਲਈ ਇੱਕ ਮਾਣ ਵਾਲੀ ਗੱਲ ਹੈ। ਅਫ਼ਗਾਨਾਂ ਦੇ ਸੂਰੀ ਵੰਸ਼ ਜੋ ਪਹਿਲਾਂ ਹਿੰਦੂ ਸਨ, ਨਾਲ ਸੰਬੰਧ ਰੱਖਣ ਵਾਲੇ ਸ਼ੇਰਸ਼ਾਹ ਸੂਰੀ ਨੇ ਯਾਦਗਾਰੀ ਲੋਕ-ਹਿੱਤੂ ਰਾਜ (1539-1545) ਕੀਤਾ। ਉਸ ਦਾ ਬਾਬਾ ਇਬਰਾਹੀਨ ਖਾਨ ਘੋੜਿਆਂ ਦਾ ਵੱਡਾ ਵਪਾਰੀ, ਆਪਣੇ ਪੁੱਤਰ ਹਸਨ ਨਾਲ ਅਫ਼ਗਾਨਿਸਤਾਨ ਛੱਡ ਕੇ ਚੰਗੇ ਭਵਿੱਖ ਲਈ ਹਿੰਦੋਸਤਾਨ ਵੱਲ ਆਇਆ। ਮਗਰੋਂ ਉਸ ਜਲੰਧਰ ਦੁਆਬ ਵੱਲ ਰੁਖ ਕੀਤਾ। ਹਰਿਆਣਾ-ਭੂੰਗਾ ਅਤੇ ਬਜਵਾੜੇ ਵੱਲ ਘੋੜੇ ਵੇਚਣ ਆਏ ਉਸ ਦੇ ਪੁੱਤਰ ਹਸਨ ਨੇ ਘੋੜਿਆਂ ਦੀ ਪ੍ਰਸਿੱਧ ਮੰਡੀ, ਬਜਵਾੜਾ ਵਿਖੇ ਤੰਬੂ ਗੱਡੇ ਤਾਂ ਉੱਥੇ ਇੱਕ ਪੁੱਤਰ ਨੇ ਜਨਮ ਲਿਆ।

ਨੇੜਲੇ ਬੋਹਣ-ਪੱਟੀ ਵਿਖੇ ਬਾਬਾ ਸ਼ੇਖ਼ ਫ਼ਰੀਦ ਵੱਲੋਂ ਕੀਤੇ ਭ੍ਰਮਣ ਦੀ ਯਾਦ ਵਿਚ ਉਸ ਨਵ-ਜਨਮੇ ਬਾਲ ਦਾ ਨਾਂਅ ਵੀ ਫ਼ਰੀਦ ਰੱਖਿਆ ਗਿਆ। ਸੰਨ 1482 'ਚ ਬਜਵਾੜੇ ਜਨਮੇ ਵਪਾਰੀ ਹਸਨ ਦੇ ਪੁੱਤ ਫ਼ਰੀਦ ਨੇ ਆਪਣੀ ਲਿਆਕਤ ਦੇ ਬੱਲ 1519 ਵਿਚ ਬਿਹਾਰ ਦੇ ਸੂਬੇਦਾਰ ਬਹਾਰ ਖਾਨ ਲੋਧੀ ਪਾਸ ਨੌਕਰੀ ਆਰੰਭ ਕੀਤੀ। ਸ਼ਿਕਾਰ ਖੇਡਦਿਆਂ ਫ਼ਰੀਦ ਨੇ ਇੱਕ ਖ਼ੂੰਖਾਰ ਸ਼ੇਰ ਮਾਰਿਆ ਤਾਂ ਬਹਾਰ ਖਾਨ ਲੋਧੀ ਨੇ ਉਸ ਨੂੰ ਸ਼ੇਰ ਖਾਨ ਦੀ ਉਪਾਧੀ ਦਿੱਤੀ। ਉਸ ਨੂੰ ਸ਼ੇਰ ਖਾਨ ਕਿਹਾ ਜਾਣ ਲੱਗਾ, ਪਰ ਸ਼ਾਹਾਂ ਦੇ ਪਿੰਡ ਬਜਵਾੜੇ ਵਿਚ ਜਨਮਿਆ ਹੋਣ ਕਾਰਨ ਉਹ ਸ਼ੇਰ ਖਾਨ ਦੀ ਬਜਾਏ ਸ਼ੇਰਸ਼ਾਹ ਅਖਵਾਉਣਾ ਜ਼ਿਆਦਾ ਪਸੰਦ ਕਰਦਾ, ਜਿਹੜਾ ਮਗਰੋਂ ਆਪਣੇ ਸੂਰੀ ਵੰਸ਼ ਕਾਰਨ ਸ਼ੇਰਸ਼ਾਹ ਸੂਰੀ ਵਜੋਂ ਜਗਤ-ਪ੍ਰਸਿੱਧ ਹੋਇਆ। ਇਸੇ ਬਜਵਾੜੇ ਦਾ ਦੋਹਤਰਾ ਰਾਜਾ ਲਾਲਾ ਟੋਡਰ ਮੱਲ ਅਕਬਰ ਬਾਦਸ਼ਾਹ ਦਾ ਆਹਲਾ ਵਜ਼ੀਰ ਬਣਿਆ, ਜਿਸ ਦੇ ਕੀਤੇ ਜ਼ਮੀਨੀ ਬੰਦੋਬਸਤ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਜ਼ਮੀਨ ਦੀ ਹੱਦਬੰਦੀ ਅਤੇ ਮਾਲਕੀ ਵਿਗਿਆਨਕ ਲੀਹਾਂ ਉੱਤੇ ਕਲਮਬੰਦ ਕਰਵਾਉਣ ਵਾਲੀ ਉਹ ਭਾਰਤ ਦੀ ਪਹਿਲੀ ਸ਼ਖ਼ਸੀਅਤ ਕਹੀ ਜਾ ਸਕਦੀ ਹੈ।

ਇਨ੍ਹਾਂ ਦੋਹਾਂ ਸ਼ਖ਼ਸੀਅਤਾਂ ਨਾਲ ਸੰਬੰਧ ਰੱਖਦੀ ਬਜਵਾੜਾ ਦੀ ਹਿੱਕ 'ਤੇ ਉੱਭਰੀ ਇੱਕ ਸੁਖਮ ਯਾਦ ਇਹ ਹੈ ਕਿ ਜਾਤ, ਧਰਮ ਜਾਂ ਨਸਲ ਕਿਸੇ ਸ਼ਖ਼ਸ ਵਿਸ਼ੇਸ਼ ਦਾ ਮਿਆਰੀ ਮਨੁੱਖ ਹੋਣਾ ਤੈਅ ਨਹੀਂ ਕਰਦੀ। ਮੌਖਿਕ ਤਾਰੀਖ ਅਨੁਸਾਰ, "ਪਿਸ਼ਾਵਰ ਤੋਂ ਕਲਕੱਤਾ ਵਰਾਸਤਾ ਜਲੰਧਰ-ਦਿੱਲੀ ਜਰਨੈਲੀ ਸੜਕ, ਜਿਹੜੀ ਮਗਰੋਂ ਉਸ ਦੇ ਨਾਂਅ ਸੂਰੀ ਦੀ ਬਜਾਏ ਬਜਵਾੜਾ ਦੇ ਸ਼ਾਹਾਂ ਕਾਰਨ ਪਈ, ਸ਼ਾਹ ਅੱਲ੍ਹ ਕਾਰਨ ਸ਼ਾਹ ਮਾਰਗ ਵਜੋਂ ਹੁਣ ਤੱਕ ਸੁ-ਪ੍ਰਸਿੱਧ ਹੈ, ਦੀ ਤਾਮੀਰ ਵੇਲੇ ਸ਼ੇਰਸ਼ਾਹ ਸੂਰੀ ਜਲੰਧਰ ਦੋਆਬ ਵੱਲ ਆਇਆ। ਉਦੋਂ ਉਹ ਆਪਣੀ ਜੰਮਣ ਭੌਂਅ ਬਜਵਾੜੇ ਨੂੰ ਸਿਜਦਾ ਕਰਨ ਵੀ ਆਇਆ ਸੀ। ਉਹ ਬਜਵਾੜੇ ਵਿਚ ਇੱਕ ਬਾਦਸ਼ਾਹ ਵਜੋਂ ਨਹੀਂ, ਬਜਵਾੜੇ ਦੇ ਨਿਮਰ ਪੁੱਤਰ ਵਜੋਂ ਵਿਚਰਿਆ ਸੀ।" 'ਆਕਸਫ਼ੋਰਡ ਹਿਸਟਰੀ ਆਫ਼ ਇੰਡੀਆ' ਪੁਸਤਕ ਵਿਚ ਇਤਿਹਾਸਕਾਰ ਏ ਵੀ ਸਮਿਥ ਲਿਖਦਾ ਹੈ, "ਜੇ ਇਸ ਬਹਾਦਰ ਨੇਕ ਬਾਦਸ਼ਾਹ ਨੂੰ ਕੁੱਝ ਸਮਾਂ ਮਿਲ ਜਾਂਦਾ ਤਾਂ ਉਸ ਅਜਿਹਾ ਰਾਜ ਸਥਾਪਤ ਕਰ ਜਾਣਾ ਸੀ ਕਿ ਮਹਾਨ ਮੁਗਲਾਂ ਨੇ ਫਿਰ ਭਾਰਤੀ ਇਤਿਹਾਸ ਦੇ ਰੰਗ-ਮੰਚ ਉੱਤੇ ਹੀ ਨਹੀਂ ਸੀ ਆ ਸਕਣਾ।"

ਦੂਸਰੇ ਪਾਸੇ ਜਦ ਰਾਜਾ ਟੋਡਰ ਮੱਲ ਕਿਸੇ ਜੰਗੀ ਮੁਹਿੰਮ ਦੌਰਾਨ ਬਜਵਾੜੇ ਪਹੁੰਚਿਆ ਤਾਂ ਬਜਵਾੜੀਆਂ ਆਪਣਾ ਹੀ ਦੋਹਤਰਾ-ਭਾਣਜਾ ਜਾਣ ਉਹ ਮਾਹੌਲ ਨਹੀਂ ਸਿਰਜਿਆ, ਜੋ ਵੱਡੇ ਅਹਿਲਕਾਰ ਚਾਹੁੰਦੇ ਸਨ/ਹਨ। ਇਸ ਦਾ ਇੱਕ ਕਾਰਨ ਉਨ੍ਹਾਂ ਦਾ ਸਕਾ-ਸੋਧਰਾ ਹੋਣਾ ਹੀ ਨਹੀਂ ਸੀ, ਸਗੋਂ ਉਸ ਤੋਂ ਕਿਤੇ ਵੱਡੇ ਬਾਦਸ਼ਾਹ ਸ਼ੇਰਸ਼ਾਹ ਸੂਰੀ ਦੀ ਨਿਮਰ ਸ਼ਖਸੀਅਤ ਦੀ ਯਾਦ ਵੀ ਸੀ। ਰਾਜਾ ਟੋਡਰ ਮੱਲ ਆਪਣੇ ਅਫ਼ਸਰਾਨ ਸਾਹਵੇਂ ਉਸ ਦਾ ਬਣਦਾ ਆਦਰ-ਭਾਵ ਨਾ ਹੋਣ ਕਾਰਨ ਬੁਰੀ ਤਰ੍ਹਾਂ ਨਾਰਾਜ਼ ਗਿਆ। ਆਪਣੇ ਸਕੇ-ਸੋਧਰਿਆਂ ਦੀ ਮਰਿਆਦਾ ਨਾ ਰੱਖਦਿਆਂ, ਸਮੁੱਚੇ ਬਜਵਾੜੇ ਨੂੰ ਸਬਕ ਸਿਖਾਉਣ ਲਈ ਉਸ ਨੇ ਲਾਗਲੇ ਚਰਚਿਤ ਪਿੰਡਾਂ ਮਹਿਲਾਂਵਾਲੀ, ਨਾਰੂਨੰਗਲ ਅਤੇ ਬਸੀ ਕਲਾਂ ਨੂੰ ਅਹਿਮ ਅਤੇ ਬਜਵਾੜੇ ਦੇ ਮੁਕਾਬਲੇ ਬੋਹਣ-ਪੱਟੀ ਨੂੰ ਪਰਗਨੇ ਦਾ ਦਰਜਾ ਦੇ ਦਿੱਤਾ। ਇੱਥੇ ਹੀ ਬੱਸ ਨਹੀਂ, ਉਸ ਹੁਸ਼ਿਆਰਪੁਰ, ਜਿਸ ਦਾ ਉਦੋਂ ਕਿਤੇ ਨਾਂ-ਥਹਿ ਵੀ ਨਹੀਂ ਸੀ, ਦੀ ਮੋੜ੍ਹੀ ਆਪਣੇ ਇੱਕ ਨੇੜੂ ਹੁਸ਼ਿਆਰ ਖਾਨ ਰਾਹੀਂ ਰਖਵਾ ਕੇ, ਬਜਵਾੜੇ ਦੇ ਮੁਕਾਬਲੇ ਇੱਕ ਵਪਾਰਕ ਕੇਂਦਰ ਵਜੋਂ ਅਜਿਹਾ ਉਭਾਰਿਆ ਕਿ ਬਜਵਾੜਾ ਰੁਲ ਕੇ ਰਹਿ ਗਿਆ।

ਤਾਅ-ਬਜਵਾੜੀਏ ਟੋਡਰ ਮੱਲ ਆਪਣਾ ਦੋਹਤਰਾ ਹੀ ਕਿਆਸਦੇ ਰਹੇ। ਉਹ ਭੁੱਲ ਬੈਠੇ ਕਿ "ਉਹ ਹੁਣ ਇੱਕ ਹਾਕਮ ਹੈ।" ਭਾਵੇਂ ਉਸ ਵੇਲੇ ਦੀ ਸਬ-ਰਿਆਸਤ ਵਰਗਾ ਦਰਜਾ ਰੱਖਦੇ ਵਿਕਸਿਤ ਬਜਵਾੜੇ ਨੂੰ ਕਈ ਡਵੀਜ਼ਨਾਂ ਵਿਚ ਵੰਡ ਕੇ ਉਸ ਦਾ ਦਰਜਾ ਘਟਾ ਦਿੱਤਾ ਗਿਆ, ਪਰ ਇਸ ਦੀ ਭੂਗੋਲਿਕ ਸਥਿਤੀ ਅਤੇ ਮਾਲ-ਅਸਬਾਬ ਢੋਹਣ ਵਾਲੇ ਗੈਰਤਮੰਦ ਫ਼ਤਹਿਗੜ੍ਹੀਏ ਘੁਮਿਆਰਾਂ ਵੱਲੋਂ ਬਜਵਾੜੇ ਨਾਲ ਨਾਤਾ ਨਾ ਤੋੜਨ ਕਰਕੇ ਉਹ ਇਸ ਦੀ ਮਹੱਤਵਪੂਰਨ ਦਰ੍ਹੇ ਵਜੋਂ ਦਰਜਾਬੰਦੀ ਨਾ ਘਟਾ ਸਕਿਆ। ਗੈਰਤਮੰਦੀ ਇਹ ਕਿ ਇੱਥੋਂ ਦੀ ਉੱਘੀ ਕਿਰਤੀ ਜਮਾਤ ਮੁਸਲਿਮ ਜੁਲਾਹਿਆਂ ਨੇ ਨਾ ਟੋਡਰ ਮੱਲ ਵੇਲੇ, ਨਾ ਹੀ 1857 ਦੇ ਗ਼ਦਰ ਵਕਤ, ਗੋਰਿਆਂ ਵੱਲੋਂ ਗੜ੍ਹੀਆਂ-ਕਿਲ੍ਹਾ ਢਹਿ-ਢੇਰੀ ਕਰਨ ਦੇ ਬਾਵਜੂਦ, ਇੱਥੋਂ ਪ੍ਰਵਾਸ ਨਾ ਕੀਤਾ। ਉਹ ਢਹਿ-ਢੇਰੀ ਹੋ ਚੱਲੇ ਬਜਵਾੜੇ ਦੀ ਆਨ-ਸ਼ਾਨ ਹੀ ਨਹੀਂ ਬਣੇ, ਸਗੋਂ ਉਨ੍ਹਾਂ ਦੇ ਉਣੇ-ਬੁਣੇ ਕੱਪੜੇ ਨੂੰ ਇੱਥੋਂ ਦੇ ਸ਼ਾਹ ਵੀ ਵੇਚ-ਵੱਟ ਕੇ ਮੁੜ ਪੱਕੇ-ਪੈਰੀਂ ਹੋ ਗਏ।

ਦਰ-ਹਕੀਕਤ, ਬਜਵਾੜੇ ਦੇ ਮੁਸਲਿਮ ਜੁਲਾਹੇ ਐਨੀ ਮੁਹਾਰਤ ਰੱਖਦੇ ਸਨ ਕਿ ਉਨ੍ਹਾਂ ਵੱਲੋਂ ਬੁਣੀ ਜਾਂਦੀ ਢੋਸੀ, ਮਲਮਲ, ਬਰੀਕ ਖੱਦਰ, ਰੇਸ਼ਮ, ਸਨਾਟਾ, ਤਿੱਲੇ ਵਾਲੀਆਂ ਪੱਗੜੀਆਂ ਅਤੇ ਡੇਢ ਅਰਜ਼ ਵਾਲਾ ਚਿੜੀ ਪੰਜਾ ਤੇ ਤੂਫ਼ਾਨ ਮੇਲ ਬੋਸਕੀ ਧੁਰ ਲਾਹੌਰ ਤੱਕ ਹੀ ਨਹੀਂ, ਲੇਹ ਲੱਦਾਖ਼ ਤੱਕ ਵੀ ਬਾਘੀਆਂ ਪਾਉਂਦੀ ਸੀ। ਨਾਲ ਖਹਿੰਦੇ ਫ਼ਤਹਿਗੜ੍ਹ ਪਿੰਡ ਦੇ ਘੁਮਿਆਰ ਉਨ੍ਹਾਂ ਵੱਲੋਂ ਉਣਿਆ-ਬੁਣਿਆ ਕੱਪੜਾ ਖੱਚਰਾਂ 'ਤੇ ਲੱਦ ਕੇ ਅੱਪਰ ਹਿਮਾਚਲ, ਕਸ਼ਮੀਰ ਅਤੇ ਅਫ਼ਗਾਨ ਘਾਟੀ ਰਾਹੀਂ ਧੁਰ ਸਮਰਕੰਦ (ਰੂਸ) ਤੱਕ ਪਹੁੰਚਾਉਂਦੇ। ਇੱਥੋਂ ਦੀ ਮਲਮਲ, ਢਾਕੇ ਦੀ ਮਲਮਲ ਵਾਂਗ ਤੀਲ੍ਹਾਂ ਦੀ ਡੱਬੀ ਵਿਚ ਤਾਂ ਭਾਵੇਂ ਨਾ ਬੰਦ ਹੁੰਦੀ ਹੋਵੇ, ਪਰ ਉਹ ਉਸ ਨੂੰ ਕਈ ਪੱਖਾਂ ਤੋਂ ਮਾਤ ਜ਼ਰੂਰ ਪਾਉਂਦੀ ਸੀ, ਜਿਸ ਦੀ ਕਾਰੀਗਰੀ ਸਿਰਫ਼ ਉਹ ਹੀ ਜਾਣਦੇ ਸਨ। ਕਿਹਾ ਜਾਂਦਾ ਹੈ ਕਿ ਮਲਮਲ, ਰੇਸ਼ਮ, ਸੂਫ਼ ਤੇ ਬੋਸਕੀ ਕੱਪੜੇ ਦੀ ਕਲਾਤਮਿਕ ਮੁਹਾਰਤ ਰੱਖਣ ਵਾਲੇ ਇਹ ਮੁਸਲਿਮ ਸ਼ਿਲਪੀ ਇਸ ਹੁਨਰ ਦਾ ਭੇਦ ਆਪਣੀ ਨੂੰਹ ਤਾਂ ਦੇ ਦਿੰਦੇ, ਪਰ ਇਸ ਤਾਣੇ-ਪੇਟੇ ਦਾ ਜ਼ਿਕਰ ਆਪਣੀ ਸਕੀ ਧੀ ਕੋਲ ਨਾ ਖੋਲ੍ਹਦੇ ਮਤਾਂ, ਵਿਆਹ ਉਪਰੰਤ ਇਹ ਹੁਨਰ ਕਿਤੇ ਬਾਹਰ ਨਾ ਚੱਲਿਆ ਜਾਵੇ।

ਸਿਤਮ ਵੇਖੋ; ਵੱਡੇ ਰੌਲਿਆਂ ਵੇਲੇ ਇਹੀ ਬਜਵਾੜਾ ਸ਼ੇਰਸ਼ਾਹ ਸੂਰੀ ਦੇ ਹਮ-ਧਰਮੀ ਉਨ੍ਹਾਂ ਕਿਰਤੀਆਂ, ਸ਼ਿਲਪੀਆਂ ਨੂੰ ਓਟ ਨਾ ਦੇ ਸਕਿਆ, ਜਿਹੜੇ ਕਦੇ ਡੁੱਬਦੇ ਬਜਵਾੜੇ ਦਾ ਆਸਰਾ ਬਣੇ ਸਨ। ਸੰਤਾਲੀ 'ਚ ਇਹ ਲੋਕ ਬਜਵਾੜੇ ਤੋਂ ਸੇਜਲ ਅੱਖਾਂ ਨਾਲ ਪਰਾਈ ਧਰਤ ਨੂੰ ਤੁਰ ਗਏ, ਨਾਲ ਹੀ ਤੁਰ ਗਿਆ ਉਨ੍ਹਾਂ ਦਾ ਇਹ ਕਲਾਤਮਿਕ ਹੁਨਰ।

**ਮੋਬਾ. 94634-39075**

# ਪੰਜਾਬ ਤੋਂ ਕੈਨੇਡਾ ਪੜ੍ਹਾਈ ਕਰਨ ਗਏ ਇੰਟਰਨੈਸ਼ਨਲ ਵਿਦਿਆਰਥੀਆਂ ਦਾ ਭਵਿੱਖ ਸੰਕਟ 'ਚ

**ਜਸਵੰਤ ਵਿਰਲੀ**

ਕੈਨੇਡਾ ਦੇ ਐਲਬਰਟਾ ਸੂਬੇ ਦੇ ਲੈਕ ਲਾ ਬੀਸ਼ ਸ਼ਹਿਰ ਵਿੱਚ ਸਥਿਤ ਇੱਕ ਨਿੱਜੀ ਕਾਲਜ ਦੇ ਕਈ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ PGWP ਅਰਜ਼ੀਆਂ ਰੱਦ ਹੋਣ ਤੋਂ ਬਾਅਦ ਉਹ ਆਪਣੇ ਇਮੀਗ੍ਰੇਸ਼ਨ ਸਟੇਟਸ ਅਤੇ ਭਵਿੱਖ ਨੂੰ ਲੈ ਕੇ ਗੰਭੀਰ ਚਿੰਤਾਵਾਂ ਦਾ ਸਾਹਮਣਾ ਕਰ ਰਹੇ ਹਨ। ਇਸ ਮਾਮਲੇ ਨਾਲ ਪ੍ਰਭਾਵਿਤ ਵਿਦਿਆਰਥੀਆਂ ਦੀ ਗਿਣਤੀ ਲੱਗਭੱਗ 1,500 ਹੈ। ਕਾਲਜ ਨੇ ਵੀ ਆਪਣੀ ਵੈੱਬਸਾਈਟ 'ਤੇ ਇਸ ਮਾਮਲੇ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਹੈ। ਕਾਲਜ ਅਨੁਸਾਰ ਉਸ ਦੇ ਕੁਝ ਗ੍ਰੈਜੂਏਟਾਂ ਨੂੰ PGWP ਰਿਫਿਊਜ਼ ਹੋਣ ਦੇ ਪੱਤਰ ਮਿਲੇ ਹਨ ਅਤੇ ਕਾਲਜ ਇਸ ਮਾਮਲੇ ਬਾਰੇ IRCC (ਇਮੀਗ੍ਰੇਸ਼ਨ ਵਿਭਾਗ) ਤੋਂ ਸਪੱਸ਼ਟੀਕਰਨ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਾਲਜ ਦਾ ਕਹਿਣਾ PGWP ਅਰਜ਼ੀਆਂ ਬਾਰੇ ਅੰਤਿਮ ਫੈਸਲਾ IRCC ਵੱਲੋਂ ਕੀਤਾ ਜਾਂਦਾ ਹੈ। ਇਸ ਲਈ ਵਿਦਿਆਰਥੀਆਂ ਦੀਆਂ ਅਰਜ਼ੀਆਂ ਨੂੰ ਮਨਜ਼ੂਰ ਜਾਂ ਰੱਦ ਕਰਨ ਦਾ ਅਧਿਕਾਰ ਕਾਲਜ ਕੋਲ ਨਹੀਂ ਹੈ।

PGWP ਉਹ ਵਰਕ ਪਰਮਿਟ ਹੈ, ਜੋ ਯੋਗ ਅੰਤਰਰਾਸ਼ਟਰੀ ਗ੍ਰੈਜੂਏਟਾਂ ਨੂੰ ਕੈਨੇਡਾ ਵਿੱਚ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਕੰਮ ਕਰਨ ਅਤੇ ਕੈਨੇਡੀਅਨ ਕੰਮ ਦਾ ਤਜਰਬਾ ਹਾਸਲ ਕਰਨ ਦਾ ਮੌਕਾ ਦਿੰਦਾ ਹੈ। ਬਹੁਤ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਇਹ ਕੈਨੇਡਾ ਵਿੱਚ ਆਪਣਾ ਭਵਿੱਖ ਬਣਾਉਣ ਦੀ ਯੋਜਨਾ ਦਾ ਇੱਕ ਮਹੱਤਵਪੂਰਨ ਹਿੱਸਾ ਹੁੰਦਾ ਹੈ।

ਇਸ ਕਾਲਜ ਦੇ ਪ੍ਰਭਾਵਿਤ ਗ੍ਰੈਜੂਏਟਾਂ ਵਿੱਚ ਵੱਡੀ ਗਿਣਤੀ ਭਾਰਤ ਤੋਂ ਗਏ ਵਿਦਿਆਰਥੀਆਂ ਦੀ ਹੈ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਪੰਜਾਬ ਨਾਲ ਸੰਬੰਧਤ ਹਨ। ਇਨ੍ਹਾਂ ਵਿਦਿਆਰਥੀਆਂ ਨੇ ਕੈਨੇਡਾ ਵਿੱਚ ਸਿੱਖਿਆ ਹਾਸਲ ਕਰਨ ਲਈ ਆਪਣਾ ਸਮਾਂ, ਮਿਹਨਤ ਅਤੇ ਆਪਣੇ ਪਰਵਾਰਾਂ ਦੀ ਵੱਡੀ ਆਰਥਿਕ ਬੱਚਤ ਲਗਾਈ।ਬਹੁਤ ਸਾਰੇ ਵਿਦਿਆਰਥੀਆਂ ਨੇ ਕੈਨੇਡਾ ਵਿੱਚ ਪੜ੍ਹਾਈ ਕਰਨ ਲਈ ਕਰਜ਼ੇ ਲਏ ਅਤੇ ਆਪਣੀਆਂ ਜ਼ਮੀਨਾਂ ਤੇ ਜਾਇਦਾਦਾਂ ਤੱਕ ਵੇਚ ਦਿੱਤੀਆਂ।

**ਦਾਖਲੇ ਅਤੇ PGWP ਦੀ ਯੋਗਤਾ ਨੂੰ ਲੈ ਕੇ ਵਿਵਾਦ**

ਪ੍ਰਭਾਵਿਤ ਵਿਦਿਆਰਥੀਆਂ ਦੇ ਅਨੁਸਾਰ, ਉਨ੍ਹਾਂ ਸਾਰੇ ਵਿਦਿਆਰਥੀਆਂ ਨੇ ਆਪਣੇ ਪ੍ਰੋਗਰਾਮ 15 ਮਈ 2024 ਤੋਂ ਪਹਿਲਾਂ ਸ਼ੁਰੂ ਕੀਤੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਨੇ ਕੈਨੇਡਾ ਵਿੱਚ ਪੜ੍ਹਾਈ ਕਰਨ ਦਾ ਫੈਸਲਾ ਕੀਤਾ ਅਤੇ ਆਪਣੇ ਪ੍ਰੋਗਰਾਮਾਂ ਵਿੱਚ ਦਾਖਲਾ ਲਿਆ, ਉਸ ਸਮੇਂ ਲਾਗੂ ਸਰਕਾਰੀ ਨਿਯਮਾਂ ਅਤੇ ਉਪਲੱਬਧ ਜਾਣਕਾਰੀ ਦੇ ਆਧਾਰ 'ਤੇ ਉਹ PGWP ਵਰਕ ਪਰਮਿਟ ਲਈ ਯੋਗ ਮੰਨੇ ਜਾਂਦੇ ਸਨ।

ਵਿਦਿਆਰਥੀਆਂ ਦਾ ਇਹ ਵੀ ਕਹਿਣਾ ਹੈ ਕਿ ਕਾਲਜ ਵੱਲੋਂ ਵੀ ਉਨ੍ਹਾਂ ਨੂੰ ਇਹ ਭਰੋਸਾ ਦਿੱਤਾ ਗਿਆ ਸੀ ਕਿ ਉਨ੍ਹਾਂ ਦੇ ਪ੍ਰੋਗਰਾਮ ਪੂਰੇ ਕਰਨ ਤੋਂ ਬਾਅਦ ਉਹ PGWP ਵਰਕ ਪਰਮਿਟ ਪ੍ਰਾਪਤ ਕਰ ਸਕਣਗੇ। ਇਸ ਭਰੋਸੇ ਅਤੇ ਉਸ ਸਮੇਂ ਉਪਲੱਬਧ ਜਾਣਕਾਰੀ ਦੇ ਆਧਾਰ 'ਤੇ ਵਿਦਿਆਰਥੀਆਂ ਨੇ ਕੈਨੇਡਾ ਵਿੱਚ ਆਪਣੀ ਪੜ੍ਹਾਈ ਲਈ ਵੱਡੀ ਆਰਥਿਕ ਰਕਮ ਖਰਚ ਕੀਤੀ ਅਤੇ ਆਪਣੇ ਭਵਿੱਖ ਦੀਆਂ ਯੋਜਨਾਵਾਂ ਬਣਾਈਆਂ।

ਹਾਲਾਂਕਿ, ਹੁਣ ਵਿਦਿਆਰਥੀਆਂ ਦੀ ਚਿੰਤਾ ਹੈ ਕਿ IRCC (ਇਮੀਗ੍ਰੇਸ਼ਨ ਕੈਨੇਡਾ) ਵੱਲੋਂ 15 ਮਈ 2024 ਤੋਂ ਬਾਅਦ ਲਾਗੂ ਹੋਈਆਂ ਨੀਤੀਆਂ ਅਤੇ ਕਾਨੂੰਨ ਨੂੰ ਉਨ੍ਹਾਂ ਦੇ ਮਾਮਲਿਆਂ 'ਤੇ ਪਿਛਲੇ ਸਮੇਂ ਤੋਂ ਲਾਗੂ ਕੀਤਾ ਜਾ ਰਿਹਾ ਹੈ, ਜਿਸ ਕਾਰਨ ਉਨ੍ਹਾਂ ਦੀਆਂ PGWP ਅਰਜ਼ੀਆਂ ਰੱਦ ਕੀਤੀਆਂ ਜਾ ਰਹੀਆਂ ਹਨ।

ਵਿਦਿਆਰਥੀਆਂ ਦਾ ਕਹਿਣਾ ਹੈ ਕਿ 24 ਜੂਨ 2026 ਨੂੰ IRCC ਨੇ ਆਪਣੀ ਵੈੱਬਸਾਈਟ ਅੱਪਡੇਟ ਕਰਦਿਆਂ PGWP ਯੋਗਤਾ ਸੰਬੰਧੀ ਗੈਰ-ਕ੍ਰੈਡਿਟ ਪ੍ਰੋਗਰਾਮਾਂ ਨੂੰ ਅਯੋਗ ਕਰਾਰ ਦੇਣ ਵਾਲੀ ਇੱਕ ਨਵੀਂ ਸ਼ਰਤ ਸ਼ਾਮਲ ਕਰ ਦਿੱਤੀ। IRCC ਦਾ ਕਹਿਣਾ ਹੈ ਕਿ ਇਹ ਕੋਈ ਨਵਾਂ ਨਿਯਮ ਨਹੀਂ ਸੀ, ਸਗੋਂ ਪਹਿਲਾਂ ਤੋਂ ਮੌਜੂਦ ਯੋਗਤਾ ਦੀਆਂ ਸ਼ਰਤਾਂ ਬਾਰੇ ਸਪੱਸ਼ਟੀਕਰਨ ਸੀ। ਇਸ ਤੋਂ ਬਾਅਦ, ਵਿਦਿਆਰਥੀਆਂ ਵੱਲੋਂ ਇਹ ਸਵਾਲ ਉਠਾਇਆ ਜਾ ਰਿਹਾ ਹੈ ਕਿ ਉਨ੍ਹਾਂ ਦੀਆਂ PGWP ਅਰਜ਼ੀਆਂ ਨੂੰ ਬਾਅਦ ਵਿੱਚ ਆਈ ਇਸ ਸ਼ਰਤ ਦੇ ਆਧਾਰ 'ਤੇ ਕਿਉਂ ਰੱਦ ਕੀਤਾ ਜਾ ਰਿਹਾ ਹੈ।

**ਇੱਕੋ ਜਾਂ ਮਿਲਦੇ-ਜੁਲਦੇ ਪ੍ਰੋਗਰਾਮਾਂ ਦੇ ਵੱਖਰੇ ਨਤੀਜੇ**

ਇਸ ਮਾਮਲੇ ਵਿੱਚ ਇੱਕ ਮੁੱਖ ਸਵਾਲ ਇਹ ਵੀ ਹੈ ਕਿ ਇੱਕੋ ਜਾਂ ਮਿਲਦੇ-ਜੁਲਦੇ ਪ੍ਰੋਗਰਾਮਾਂ ਵਿੱਚ ਪੜ੍ਹੇ ਵਿਦਿਆਰਥੀਆਂ ਦੀਆਂ PGWP ਅਰਜ਼ੀਆਂ ਦੇ ਨਤੀਜੇ ਵੱਖਰੇ ਕਿਉਂ ਰਹੇ। ਕੁਝ ਗ੍ਰੈਜੂਏਟਾਂ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਸਹਿਪਾਠੀਆਂ ਜਾਂ ਸਮਾਨ ਪ੍ਰੋਗਰਾਮਾਂ ਵਿੱਚ ਪੜ੍ਹੇ ਕੁਝ ਹੋਰ ਵਿਦਿਆਰਥੀਆਂ ਨੂੰ PGWP ਮਿਲ ਗਿਆ, ਜਦਕਿ ਉਨ੍ਹਾਂ ਦੀਆਂ PGWP ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ।

ਪ੍ਰਭਾਵਿਤ ਵਿਦਿਆਰਥੀ ਇਹ ਸਵਾਲ ਉਠਾ ਰਹੇ ਹਨ ਕਿ ਅਰਜ਼ੀਆਂ ਦੇ ਹਾਲਾਤ ਅਤੇ ਸਿੱਖਿਆ ਸੰਬੰਧੀ ਪਿਛੋਕੜ ਮਿਲਦੇ-ਜੁਲਦੇ ਹੋਣ ਦੇ ਬਾਵਜੂਦ ਅਰਜ਼ੀਆਂ ਦੇ ਨਤੀਜਿਆਂ ਵਿੱਚ ਇੰਨਾ ਅੰਤਰ ਕਿਉਂ ਆਇਆ।

ਵਿਦਿਆਰਥੀਆਂ ਦੀ ਮੁੱਖ ਮੰਗ ਹੈ ਕਿ IRCC ਸਪੱਸ਼ਟ ਕਰੇ ਕਿ ਇਨ੍ਹਾਂ ਅਰਜ਼ੀਆਂ ਦਾ ਮੁਲਾਂਕਣ ਕਰਦੇ ਸਮੇਂ ਕਿਹੜੀਆਂ ਯੋਗਤਾ ਸ਼ਰਤਾਂ ਲਾਗੂ ਕੀਤੀਆਂ ਗਈਆਂ ਅਤੇ ਸਮਾਨ ਜਾਂ ਮਿਲਦੇ-ਜੁਲਦੇ ਹਾਲਾਤ ਹੋਣ ਦੇ ਬਾਵਜੂਦ ਵਿਦਿਆਰਥੀਆਂ ਨੂੰ ਵੱਖਰੇ ਨਤੀਜੇ ਕਿਉਂ ਮਿਲੇ?

**ਵਿਦਿਆਰਥੀਆਂ ਉੱਤੇ ਵੱਡਾ ਆਰਥਿਕ ਪ੍ਰਭਾਵ**

ਇਸ ਵਿਵਾਦ ਦਾ ਇੱਕ ਹੋਰ ਮਹੱਤਵਪੂਰਨ ਪੱਖ ਇਸ ਦਾ ਆਰਥਿਕ ਪ੍ਰਭਾਵ ਹੈ। ਪ੍ਰਭਾਵਿਤ ਵਿਦਿਆਰਥੀਆਂ ਨੇ ਆਪਣੀ ਦੋ ਸਾਲਾਂ ਦੀ ਟਿਊਸ਼ਨ ਫੀਸ 'ਤੇ ਲੱਗਭੱਗ 32,000 ਕੈਨੇਡੀਅਨ ਡਾਲਰ (ਲੱਗਭੱਗ 21 ਲੱਖ ਭਾਰਤੀ ਰੁਪਏ) ਪ੍ਰਤੀ ਵਿਦਿਆਰਥੀ ਖਰਚ ਕੀਤੇ ਹਨ।ਇਸ ਵਿੱਚ ਰਿਹਾਇਸ਼, ਖਾਣ-ਪੀਣ, ਆਵਾਜਾਈ ਅਤੇ ਹੋਰ ਰੋਜ਼ਾਨਾ ਦੇ ਖਰਚੇ ਸ਼ਾਮਲ ਨਹੀਂ ਹਨ। ਇੱਥੇ ਇਹ ਗੱਲ ਦੱਸਣੀ ਬਹੁਤ ਮਹੱਤਵਪੂਰਨ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀ ਘਰੇਲੂ ਵਿਦਿਆਰਥੀਆਂ ਦੇ ਮੁਕਾਬਲੇ ਲੱਗਭੱਗ ਤਿੰਨ ਗੁਣਾ ਜ਼ਿਆਦਾ ਟਿਊਸ਼ਨ ਫੀਸ ਅਦਾ ਕਰਦੇ ਹਨ।

ਇਸ ਲਈ PGWP ਦੀ ਅਰਜ਼ੀ ਰੱਦ ਹੋਣਾ ਸਿਰਫ਼ ਇੱਕ ਇਮੀਗ੍ਰੇਸ਼ਨ ਮੁੱਦਾ ਨਹੀਂ ਹੈ। ਪ੍ਰਭਾਵਿਤ ਗ੍ਰੈਜੂਏਟਾਂ ਲਈ ਇਸ ਦਾ ਸਿੱਧਾ ਸੰਬੰਧ ਉਨ੍ਹਾਂ ਦੇ ਰੁਜ਼ਗਾਰ, ਆਰਥਿਕ ਨਿਵੇਸ਼ ਅਤੇ ਕੈਨੇਡਾ ਵਿੱਚ ਰਹਿਣ ਦੀਆਂ ਭਵਿੱਖ ਦੀਆਂ ਯੋਜਨਾਵਾਂ ਨਾਲ ਹੈ।

ਪ੍ਰਦਰਸ਼ਨ ਵਾਲੀ ਥਾਂ 'ਤੇ CBSA ਅਧਿਕਾਰੀਆਂ ਦੀ ਪਹੁੰਚ

ਇਸ ਮਾਮਲੇ ਨੇ 12 ਅਗਸਤ 2026 ਨੂੰ ਉਸ ਸਮੇਂ ਹੋਰ ਗੰਭੀਰ ਰੂਪ ਧਾਰ ਲਿਆ, ਜਦੋਂ ਕੈਲਗਰੀ ਵਿੱਚ PGWP ਰਿਫਿਊਜ਼ਲਾਂ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਥਾਂ 'ਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਦੇ ਅਧਿਕਾਰੀ ਪਹੁੰਚੇ। ਮੀਡੀਆ ਰਿਪੋਰਟਾਂ ਅਨੁਸਾਰ ਅਧਿਕਾਰੀਆਂ ਨੇ ਪ੍ਰਦਰਸ਼ਨ ਵਾਲੀ ਥਾਂ 'ਤੇ ਮੌਜੂਦ ਕੁਝ ਵਿਅਕਤੀਆਂ ਦੇ ਇਮੀਗ੍ਰੇਸ਼ਨ ਦਸਤਾਵੇਜ਼ਾਂ ਦੀ ਜਾਂਚ ਕੀਤੀ ਅਤੇ ਕੁਝ ਵਿਅਕਤੀਆਂ ਨੂੰ CBSA ਦਫ਼ਤਰ ਵਿੱਚ ਹਾਜ਼ਰ ਹੋਣ ਲਈ ਨੋਟਿਸ ਜਾਰੀ ਕੀਤੇ ਗਏ।ਇਸ ਘਟਨਾ ਨੇ ਵਿਦਿਆਰਥੀਆਂ ਦੀਆਂ ਪਹਿਲਾਂ ਤੋਂ ਮੌਜੂਦ ਚਿੰਤਾਵਾਂ ਨੂੰ ਹੋਰ ਵਧਾ ਦਿੱਤਾ ਹੈ।

ਮੁੜ ਵਿਚਾਰ ਦੀਆਂ ਬੇਨਤੀਆਂ ਅਤੇ ਅਦਾਲਤੀ ਕਾਰਵਾਈ

ਕੁਝ ਪ੍ਰਭਾਵਿਤ ਗ੍ਰੈਜੂਏਟਾਂ ਨੇ ਆਪਣੀਆਂ PGWP ਅਰਜ਼ੀਆਂ ਰੱਦ ਹੋਣ ਤੋਂ ਬਾਅਦ ਮੁੜ ਵਿਚਾਰ ਲਈ ਬੇਨਤੀਆਂ ਦਾਇਰ ਕੀਤੀਆਂ ਹਨ, ਜਦਕਿ ਕੁਝ ਨੇ ਫੈਡਰਲ ਅਦਾਲਤ ਵਿੱਚ ਨਿਆਂਇਕ ਸਮੀਖਿਆ ਲਈ ਕਾਨੂੰਨੀ ਕਦਮ ਚੁੱਕੇ ਹਨ।ਇਸ ਕਾਰਨ ਇਹ ਮਾਮਲਾ ਹੋਰ ਵੀ ਤੁਰੰਤ ਧਿਆਨ ਦੀ ਮੰਗ ਕਰਦਾ ਹੈ, ਕਿਉਂਕਿ ਇਮੀਗ੍ਰੇਸ਼ਨ ਫੈਸਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਵਾਲੇ ਬਿਨੈਕਾਰਾਂ ਲਈ ਸਮਾਂ-ਸੀਮਾਵਾਂ ਬਹੁਤ ਮਹੱਤਵਪੂਰਨ ਹੁੰਦੀਆਂ ਹਨ।

ਵਿਦਿਆਰਥੀਆਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਇਹ ਵੀ ਸਪੱਸ਼ਟ ਜਾਣਕਾਰੀ ਦਿੱਤੀ ਜਾਵੇ ਕਿ ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਉਨ੍ਹਾਂ ਕੋਲ ਕਿਹੜੇ ਵਿਕਲਪ ਹਨ ਅਤੇ ਉਹ ਆਪਣਾ ਇਮੀਗ੍ਰੇਸ਼ਨ ਸਟੇਟਸ ਕਿਵੇਂ ਸੁਰੱਖਿਅਤ ਰੱਖ ਸਕਦੇ ਹਨ।

ਹੁਣ ਸਰਕਾਰ ਤੋਂ ਕਿਹੜੇ ਸਵਾਲਾਂ ਦੇ ਜਵਾਬ ਮੰਗੇ ਜਾ ਰਹੇ ਹਨ?

ਪ੍ਰਭਾਵਿਤ ਗ੍ਰੈਜੂਏਟਾਂ ਵੱਲੋਂ ਸੰਘੀ ਸਰਕਾਰ ਅਤੇ IRCC ਤੋਂ ਮੁੱਖ ਤੌਰ 'ਤੇ ਹੇਠ ਲਿਖੇ ਸਵਾਲਾਂ ਦੇ ਜਵਾਬ ਮੰਗੇ ਜਾ ਰਹੇ ਹਨ :

1. 15 ਮਈ 2024 ਤੋਂ ਪਹਿਲਾਂ ਆਪਣੇ ਪ੍ਰੋਗਰਾਮ ਸ਼ੁਰੂ ਕਰਨ ਵਾਲੇ ਵਿਦਿਆਰਥੀਆਂ ਦੀਆਂ PGWP ਅਰਜ਼ੀਆਂ ਨੂੰ ਹੁਣ ਗੈਰ-ਕ੍ਰੈਡਿਟ ਯੋਗਤਾ ਦੇ ਆਧਾਰ 'ਤੇ ਕਿਉਂ ਰੱਦ ਕੀਤਾ ਜਾ ਰਿਹਾ ਹੈ?
2. ਜਿਨ੍ਹਾਂ ਵਿਦਿਆਰਥੀਆਂ ਨੇ 24 ਜੂਨ 2026 ਦੇ ਵੈੱਬਸਾਈਟ ਸਪੱਸ਼ਟੀਕਰਨ ਤੋਂ ਪਹਿਲਾਂ ਆਪਣੀਆਂ ਅਰਜ਼ੀਆਂ ਦਾਖਲ ਕੀਤੀਆਂ ਸਨ, ਉਨ੍ਹਾਂ ਅਰਜ਼ੀਆਂ ਨੂੰ ਬਾਅਦ ਵਿੱਚ ਆਏ ਕਾਨੂੰਨ ਤਹਿਤ ਕਿਵੇਂ ਰੱਦ ਕੀਤਾ ਗਿਆ?
3. ਇੱਕੋ ਜਾਂ ਮਿਲਦੇ-ਜੁਲਦੇ ਪ੍ਰੋਗਰਾਮਾਂ ਅਤੇ ਹਾਲਾਤ ਵਾਲੇ ਕੁਝ ਵਿਦਿਆਰਥੀਆਂ ਨੂੰ PGWP ਮਿਲਿਆ, ਜਦਕਿ ਹੋਰ ਵਿਦਿਆਰਥੀਆਂ ਦੀਆਂ ਅਰਜ਼ੀਆਂ ਕਿਉਂ ਰੱਦ ਹੋਈਆਂ?
4. ਕੀ ਸੰਘੀ ਸਰਕਾਰ ਉਨ੍ਹਾਂ ਵਿਦਿਆਰਥੀਆਂ ਲਈ ਕੋਈ ਅੰਤਰਿਮ ਉਪਾਅ ਜਾਂ ਹੋਰ ਨਿਰਪੱਖ ਹੱਲ ਵਿਚਾਰੇਗੀ, ਜਿਨ੍ਹਾਂ ਨੇ ਪਹਿਲਾਂ ਉਪਲੱਬਧ ਜਾਣਕਾਰੀ 'ਤੇ ਭਰੋਸਾ ਕਰਦੇ ਹੋਏ ਕੈਨੇਡਾ ਵਿੱਚ ਆਪਣੀ ਸਿੱਖਿਆ ਲਈ ਵੱਡਾ ਆਰਥਿਕ ਨਿਵੇਸ਼ ਕੀਤਾ?

**ਇਹ ਸਿਰਫ਼ ਇੱਕ ਇਮੀਗ੍ਰੇਸ਼ਨ ਮਾਮਲਾ ਨਹੀਂ**

ਇਸ ਮਾਮਲੇ ਦੇ ਕੇਂਦਰ ਵਿੱਚ ਸਿਰਫ਼ PGWP ਨਹੀਂ, ਬਲਕਿ ਨਿਰਪੱਖਤਾ, ਇਕਸਾਰਤਾ ਅਤੇ ਸਪੱਸ਼ਟ ਜਾਣਕਾਰੀ ਦੇ ਸਵਾਲ ਵੀ ਹਨ। ਜਿਨ੍ਹਾਂ ਵਿਦਿਆਰਥੀਆਂ ਨੇ ਕੈਨੇਡਾ ਵਿੱਚ ਸਿੱਖਿਆ ਹਾਸਲ ਕਰਨ ਲਈ ਵੱਡਾ ਆਰਥਿਕ ਨਿਵੇਸ਼ ਕੀਤਾ, ਆਪਣੀ ਪੜ੍ਹਾਈ ਪੂਰੀ ਕੀਤੀ ਅਤੇ PGWP ਰਾਹੀਂ ਕੈਨੇਡੀਅਨ ਕੰਮ ਦਾ ਤਜਰਬਾ ਹਾਸਲ ਕਰਨ ਦੀ ਯੋਜਨਾ ਬਣਾਈ, ਉਨ੍ਹਾਂ ਲਈ ਅਰਜ਼ੀ ਰੱਦ ਹੋਣ ਦੇ ਨਤੀਜੇ ਬਹੁਤ ਗੰਭੀਰ ਹੋ ਸਕਦੇ ਹਨ।

ਪ੍ਰਭਾਵਿਤ ਗ੍ਰੈਜੂਏਟਾਂ ਦੀ ਮੰਗ ਇਹ ਨਹੀਂ ਹੈ ਕਿ ਇਮੀਗ੍ਰੇਸ਼ਨ ਨਿਯਮਾਂ ਨੂੰ ਅਣਡਿੱਠਾ ਕੀਤਾ ਜਾਵੇ। ਉਹ ਮੁੱਖ ਤੌਰ 'ਤੇ ਇਹ ਚਾਹੁੰਦੇ ਹਨ ਕਿ ਉਨ੍ਹਾਂ ਦੀਆਂ ਅਰਜ਼ੀਆਂ ਨੂੰ ਸਪੱਸ਼ਟ, ਇਕਸਾਰ ਅਤੇ ਨਿਰਪੱਖ ਮਾਪਦੰਡਾਂ ਦੇ ਆਧਾਰ 'ਤੇ ਪਰਖਿਆ ਜਾਵੇ ਅਤੇ ਉਨ੍ਹਾਂ ਨੂੰ ਇਹ ਸਮਝਾਇਆ ਜਾਵੇ ਕਿ ਸਮਾਨ ਹਾਲਾਤ ਵਾਲੇ ਬਿਨੈਕਾਰਾਂ ਨੂੰ ਵੱਖਰੇ ਨਤੀਜੇ ਕਿਉਂ ਮਿਲੇ।ਇਨ੍ਹਾਂ ਵਿਦਿਆਰਥੀਆਂ ਲਈ ਇਹ ਸਿਰਫ਼ ਇੱਕ PGWP ਨਹੀਂ ਹੈ। ਇਹ ਉਨ੍ਹਾਂ ਦੀ ਕਈ ਸਾਲਾਂ ਦੀ ਸਿੱਖਿਆ, ਪਰਵਾਰਾਂ ਦੀ ਆਰਥਿਕ ਬੱਚਤ ਅਤੇ ਕੈਨੇਡਾ ਵਿੱਚ ਬਣਾਏ ਜਾਣ ਵਾਲੇ ਭਵਿੱਖ ਨਾਲ ਜੁੜਿਆ ਮਾਮਲਾ ਹੈ।

**ਮੋਬਾ. 98154-79623**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਮਨੁੱਖੀ ਮਨ ਦਾ ਭਾਵਨਾਤਮਕ ਚਿਤਰਣ

ਫੋਕਸ

ਚਰਚਾ ਇੱਕ ਪੁਸਤਕ ਦੀ

ਡਾ. ਸੰਦੀਪ ਰਾਣਾ






## ਆਖ਼ਰੀ ਮੁਹਾਫ਼ਿਜ਼

(ਕਹਾਣੀ-ਸੰਗ੍ਰਹਿ)
**ਸਰਬਾਜ਼**
**ਪੰਨੇ : 120, ਮੁੱਲ : 295 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਸਰਬਾਜ਼, ਇੱਕ ਨਵੀਂ ਕਲਮ ਇੱਕ ਵੱਖਰੇ ਨਜ਼ਰੀਏ ਤੇ ਨਿਵੇਕਲੀ ਕਥਾ ਦ੍ਰਿਸ਼ਟੀ ਨਾਲ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਉੱਭਰੀ ਹੈ। ਉਹ ਅੰਤਰ ਮਨ ਦੀਆਂ ਪਰਤਾਂ ਵਿੱਚੋਂ ਭਾਵਨਾਵਾਂ ਅਤੇ ਯਥਾਰਥ ਨੂੰ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕਰਨ ਦਾ ਹੁਨਰ ਰੱਖਦਾ ਹੈ। ਉਹ ਡੂੰਘਾਈ ਨਾਲ ਪਾਤਰਾਂ ਦੇ ਅੰਤਰ-ਜਗਤ ਨੂੰ ਕਹਾਣੀਆਂ ਵਿੱਚ ਚਿਤਰ ਸਕਦਾ ਹੈ। ਆਪਣਾ ਪਹਿਲਾ ਰਚਨਾਤਮਕ ਉਪਰਾਲਾ ਕਹਾਣੀ-ਸੰਗ੍ਰਹਿ 'ਆਖ਼ਰੀ ਮੁਹਾਫ਼ਿਜ਼' ਸਿਰਲੇਖ ਹੇਠ ਲੈ ਕੇ ਪਾਠਕਾਂ ਦੀ ਕਚਹਿਰੀ ਵਿੱਚ ਹਾਜ਼ਰ ਹੋਇਆ ਹੈ। ਉਸ ਦੀਆਂ ਇਹ ਕਹਾਣੀਆਂ ਭਾਵੇਂ ਇਸੇ ਰਹਿਤਲ ਦੀ ਜ਼ਿੰਦਗੀ, ਵਸੋਂ ਤੇ ਬਦਲਾਅ ਦੀ ਗੱਲ ਕਰਦੀਆਂ ਹਨ, ਪਰ ਇਹਨਾਂ ਵਿੱਚ ਇੱਕ ਵੱਖਰੇ ਨਜ਼ਰੀਏ ਤੋਂ ਮਨੁੱਖ ਦੇ ਅੰਤਰ ਮਨ ਨੂੰ ਸਮਝਣ-ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸੇ ਕਾਰਨ ਭਾਵੇਂ ਇਹਨਾਂ ਵਿੱਚ ਪੰਜਾਬੀ ਸਮਾਜ ਦੀ ਬਣਤਰ ਅਤੇ ਲੋਕਾਂ ਦੀ ਰਵਾਇਤੀ ਮਾਨਸਿਕਤਾ ਕਹਾਣੀ ਵਿੱਚ ਸਪੱਸ਼ਟ ਚਿਤਰਿਤ ਨਹੀਂ ਕੀਤੀ ਗਈ, ਫਿਰ ਵੀ ਕਹਾਣੀ ਦੇ ਕਥਾਨਕ ਵਿੱਚੋਂ ਇਹ ਵਰਤਾਰੇ ਆਪਮੁਹਾਰੇ ਉੱਭਰਦੇ ਹਨ। ਕਹਾਣੀਕਾਰ ਸਰਬਾਜ਼ ਆਪ ਭੂਮਿਕਾ ਵਿੱਚ ਇਸ ਗੱਲ ਨੂੰ ਮੰਨਦਾ ਵੀ ਹੈ ਕਿ ਇਹ ਰਚਨਾਤਮਕ ਦੁਨੀਆ ਅਸਲ ਵਿੱਚ ਮਨ ਦੇ ਉਦਰੇਵਿਆਂ ਦੁਆਲੇ ਹੀ ਘੁੰਮਦੀ ਹੈ ਤੇ ਇਹ ਉਦਰੇਵੇਂ ਹੀ ਅਨੁਭਵਾਂ, ਯਾਦਾਂ ਤੇ ਸੰਵੇਦਨਾਵਾਂ ਵਿੱਚ ਤਬਦੀਲ ਹੁੰਦੇ ਹਨ। ਇਹਨਾਂ ਉਦਰੇਵਿਆਂ ਦਾ ਅਸਰਦਾਰ ਹੋਣਾ ਪਾਠਕਾਂ ਜਾਂ ਸਰੋਤਿਆਂ ਦੇ ਅੰਦਰੂਨੀ ਭਾਵਾਂ ਅਤੇ ਤਜਰਬਿਆਂ 'ਤੇ ਨਿਰਭਰ ਕਰਦਾ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਵਿੱਚ ਤਕਨੀਕੀ ਵਿਕਾਸ ਤੇ ਮਸਨੂਈ ਬੁੱਧੀ ਨੇ ਹਰ ਖੇਤਰ ਵਿੱਚ ਗੌਲਣਯੋਗ ਹਾਜ਼ਰੀ ਲਵਾਈ ਹੈ। ਅੱਜ ਦੇ ਸਮੇਂ ਵਿੱਚ ਸਾਹਿਤ ਦਾ ਖੇਤਰ ਵੀ ਇਸੇ ਵਿਕਾਸ ਦੇ ਪ੍ਰਭਾਵ ਹੇਠ ਹੈ। ਕਹਾਣੀਕਾਰ ਸਰਬਾਜ਼ ਸਾਹਿਤ ਅਤੇ ਤਕਨੀਕ ਦੇ ਟਕਰਾਅ ਦਾ ਨਹੀਂ, ਸਹਿਯੋਗ ਦਾ ਕਾਇਲ ਹੈ, ਕਿਉਂਕਿ ਇਸੇ ਸਹਿਯੋਗ ਨਾਲ ਮਨੁੱਖ ਦੀ ਹੋਂਦ ਤੇ ਮਨੁੱਖੀ ਚੇਤਨਾ ਰੇਖਾਂਕਿਤ ਹੁੰਦੀਆਂ ਹਨ। ਕਹਾਣੀਕਾਰ ਦੀ ਇਹ ਦ੍ਰਿਸ਼ਟੀ ਉਸ ਦੀਆਂ ਕਹਾਣੀਆਂ ਵਿੱਚ ਵੀ ਪਾਠਕ ਸਹਿਜੇ ਹੀ ਪਛਾਣ ਲੈਂਦਾ ਹੈ। ਉਹ ਸਰਬਾਜ਼ ਦੀ ਸੁਪਨ-ਦੁਨੀਆ ਵਿੱਚ ਉਸ ਦੇ ਨਾਲ-ਨਾਲ ਤੁਰਦਾ, ਮਹਿਸੂਸਦਾ ਤੇ ਹਰ ਵਰਤਾਰੇ ਨੂੰ ਸਮਝਦਾ ਆਪਣੇ ਅੰਦਰ ਜਜ਼ਬ ਕਰਦਾ ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਨੌਂ ਕਹਾਣੀਆਂ ਸ਼ਾਮਲ ਹਨ। ਇਹਨਾਂ ਕਹਾਣੀਆਂ ਵਿੱਚ ਕਹਾਣੀਕਾਰ ਜ਼ਿਆਦਾਤਰ ਸਾਖਿਆਤ ਤਜਰਬਿਆਂ ਨੂੰ ਅਮੂਰਤ ਤਸੱਵਰਾਂ ਦੇ ਵਰਤਾਰਿਆਂ ਵਿੱਚ ਚਿਤਰਤ ਕਰਦਾ ਹੈ ਅਤੇ ਦ੍ਰਿਸ਼ਟੀ, ਸੁਣਨ, ਸਪਰਸ਼, ਗੰਧ ਇੰਦਰੀਆਂ ਰਾਹੀਂ ਹਾਸਲ ਹੋਏ ਬਿੰਬਾਂ ਨੂੰ ਇੱਕ ਲੜੀ ਵਾਂਗ ਪਰੋ ਦਿੰਦਾ ਹੈ। ਉਹ ਯਥਾਰਥ ਅਤੇ ਸੁਪਨੇ ਵਿਚਲੀ ਸੂਖਮ ਲਕੀਰ ਨੂੰ ਬੜੀ ਬਾਰੀਕੀ ਨਾਲ ਧੁੰਦਲਾ ਕਰਦਾ ਹੈ ਅਤੇ ਇੱਕ ਵਿਅਕਤੀ ਦੀ ਹੀ ਨਹੀਂ, ਸਗੋਂ ਪੂਰੀ ਚੇਤਨਾ ਦੀ ਧਾਰਾ ਬਣ ਜਾਂਦਾ ਹੈ। ਮਨੁੱਖੀ ਮਨ ਦੀਆਂ ਗੁੰਝਲਾਂ, ਉਸ ਦੀਆਂ ਦੱਬੀਆਂ ਹੋਈਆਂ ਇੱਛਾਵਾਂ ਅਤੇ ਅਵਚੇਤਨ ਦੀਆਂ ਪਰਤਾਂ ਨੂੰ ਫਰੋਲਦਾ ਉਹ ਠੋਸ ਅਨੁਭਵਾਂ ਨੂੰ ਅਮੂਰਤ ਬਿੰਬਾਂ ਰਾਹੀਂ ਪੇਸ਼ ਕਰਦਾ ਹੈ ਅਤੇ ਪਾਠਕ ਨੂੰ ਇੱਕ ਸਰਲ ਬਿਰਤਾਂਤ ਤੋਂ ਜਟਿਲ ਬਿਰਤਾਂਤ ਵਿੱਚ ਲੈ ਜਾਂਦਾ ਹੈ। ਕਹਾਣੀਕਾਰ ਆਪਣੇ ਪਾਤਰ ਨਾਲ ਵੀ ਇੱਕ ਭਾਵੁਕ ਸਾਂਝ ਸਥਾਪਤ ਕਰਦਾ ਹੈ। ਉਹ ਇਹਨਾਂ ਸੁਪਨ ਵਰਤਾਰਿਆਂ ਨੂੰ ਕੇਵਲ ਬਾਹਰੋਂ ਦਰਜ ਨਹੀਂ ਕਰਦਾ, ਸਗੋਂ ਖ਼ੁਦ ਉਸ ਸੁਪਨ-ਦੁਨੀਆ ਦਾ ਹਿੱਸਾ ਬਣ ਜਾਂਦਾ ਹੈ। ਇਹ ਕਥਾ ਜੁਗਤ ਪਾਠਕ ਨੂੰ ਵੀ ਉਸੇ ਤਰ੍ਹਾਂ ਜਜ਼ਬ ਕਰ ਲੈਂਦਾ ਹੈ, ਜਿਸ ਨਾਲ ਕਹਾਣੀਆਂ ਸਿਰਫ਼ ਪੜ੍ਹਨ ਨਹੀਂ, ਸਗੋਂ ਮਹਿਸੂਸ ਕਰਨ ਯੋਗ ਬਣ ਜਾਂਦੀਆਂ ਹਨ।

ਪਾਠਕ ਪਹਿਲੀ ਕਹਾਣੀ 'ਪਰਛਾਵਾਂ' ਦਾ ਜਦ ਪਾਠ ਸ਼ੁਰੂ ਕਰਦਾ ਹੈ ਤਾਂ ਮੈਂ-ਪਾਤਰ ਨਾਲ ਸੂਰਜ ਦੀ ਬਲਦੀ ਅੱਗ ਵਾਂਗ ਰੌਸ਼ਨੀ ਦੇ ਤੁਪਕਿਆਂ ਨੂੰ ਮਹਿਸੂਸ ਕਰਦਾ ਹੈ। ਜਦ ਉਹ ਪਾਤਰ ਸੂਰਜ ਦੀ ਲਾਲੀ ਦੀ ਤੁਲਨਾ ਮਾਂ ਦੀ ਲਾਲ ਬਿੰਦੀ ਨਾਲ ਕਰਦਾ ਹੈ ਤਾਂ ਪਾਠਕ ਆਪਣੇ ਬਚਪਨ ਨੂੰ ਵੀ ਯਾਦ ਕਰਦਾ ਹੈ। ਬਿਰਤਾਂਤਕਾਰ ਅਜਿਹਾ ਦ੍ਰਿਸ਼ ਸਿਰਜਦਾ ਹੈ ਕਿ ਪਾਠਕ ਉਸ ਦੇ ਤਸੱਵਰ ਨੂੰ ਸਪੱਸ਼ਟ ਸਾਹਮਣੇ ਮਹਿਸੂਸ ਕਰ ਸਕਦਾ ਹੈ। ਪਾਠਕ ਇਸ ਕਥਾ ਜਗਤ ਵਿੱਚ ਕਹਾਣੀਕਾਰ ਦੇ ਕੰਨੀਂ ਸੁਣੀਆਂ ਜਾਣ ਵਾਲੀਆਂ ਦੂਰੋਂ ਆਉਂਦੀਆਂ ਰੇਲ, ਰੇਡੀਓ ਅਤੇ ਟੇਪ ਰਿਕਾਰਡ ਦੀਆਂ ਆਵਾਜ਼ਾਂ ਨੂੰ ਮਹਿਸੂਸ ਕਰਦਾ ਹੈ ਅਤੇ ਇਹਨਾਂ ਦੀ ਮਦਦ ਨਾਲ ਚੁੱਪ ਦੀ ਆਵਾਜ਼ ਸੁਣਨ ਦਾ ਗੁਰ ਵੀ ਸਮਝਦਾ ਹੈ। ਇਸੇ ਕਹਾਣੀ ਵਿੱਚ ਪਾਠਕ ਮੈਂ ਪਾਤਰ ਨਾਲ ਜੰਗਲ ਵਿੱਚ ਵਿਚਰਦਿਆਂ ਮੀਂਹ ਦੇ ਤੁਪਕਿਆਂ ਦੀ ਛੂਹ ਨੂੰ ਆਪਣੇ ਹੱਥਾਂ ਉੱਤੇ ਮਹਿਸੂਸ ਕਰਦਾ ਹੈ ਤੇ ਫਿਰ ਭਿੱਜੀਆਂ ਹਥੇਲੀਆਂ ਵਿੱਚੋਂ ਆਉਣ ਵਾਲੀ ਮੀਂਹ ਦੀ ਮਹਿਕ ਉਸ ਦੇ ਸਾਹਾਂ ਵਿੱਚ ਵੱਸ ਜਾਂਦੀ ਹੈ। ਕਹਾਣੀਕਾਰ ਨੇ ਅਮਲਤਾਸ ਦੇ ਫੁੱਲਾਂ ਦੀ ਤੇ ਦਰੱਖ਼ਤਾਂ ਦੀ ਖ਼ੁਸ਼ਬੂ ਨੂੰ ਵੀ ਇਸ ਕਥਾਨਕ ਵਿੱਚ ਇੱਕ ਪਾਤਰ ਵਜੋਂ ਪੇਸ਼ ਕੀਤਾ ਹੈ। ਕੰਵਲ ਦੇ ਫੁੱਲਾਂ ਦਾ ਇਤਰ ਇਹਨਾਂ ਵਿੱਚੋਂ ਮੁੱਖ ਪਾਤਰ ਬਣ ਉੱਭਰਦਾ ਹੈ ਅਤੇ ਮੈਂ-ਪਾਤਰ ਇਸੇ ਰਾਹੀਂ ਆਪਣੇ ਪ੍ਰੇਮ ਨੂੰ ਪੇਸ਼ ਕਰਦਾ ਹੈ। ਦੂਜੀ ਕਹਾਣੀ 'ਚੌਰਾਹੇ' ਵੀ ਕਹਾਣੀਕਾਰ ਇਸੇ ਜੁਗਤ ਨੂੰ ਵਰਤਦਾ ਹੈ ਅਤੇ ਇੱਕ ਦਰਸ਼ਕ ਦੇ ਰੂਪ ਵਿੱਚ ਸ਼ਹਿਰ ਵਿਚਲੇ ਮੁਹੱਲਿਆਂ ਵਿੱਚ ਰਹਿੰਦੇ ਲੋਕਾਂ ਨੂੰ ਵੇਖਦਾ ਹੈ, ਚਾਰ-ਚੁਫੇਰਿਓਂ ਵੱਖਰੀਆਂ-ਵੱਖਰੀਆਂ ਆਵਾਜ਼ਾਂ ਨੂੰ ਸੁਣਦਾ ਹੈ, ਜਿਨ੍ਹਾਂ ਵਿੱਚੋਂ ਦੂਰੋਂ ਆਉਂਦੀ ਹਰਮੋਨੀਅਮ ਦੀ ਮੱਧਮ ਧੁਨ ਮੁੱਖ ਸੁਰ ਬਣ ਉੱਭਰਦੀ ਹੈ। ਬਾਜ਼ਾਰ ਵਿੱਚ ਖੜ੍ਹ ਕੇ ਕਈ ਤਰ੍ਹਾਂ ਦੇ ਮਸਾਲੇ, ਦਵਾਈਆਂ, ਤੇਲ ਤੇ ਇਤਰ ਦੀ ਖ਼ੁਸ਼ਬੂ ਲੈਣੀ, ਕਹਾਣੀਕਾਰ ਦੀ ਕਥਾ ਜੁਗਤ ਹੈ, ਜਿਸ ਨਾਲ ਉਹ ਪਾਠਕ ਦੀਆਂ ਸਾਰੀਆਂ ਭਾਵਨਾਵਾਂ ਨੂੰ ਜਗਾਉਂਦਾ ਹੈ ਅਤੇ ਉਤੇਜਿਤ ਕਰਦਾ ਹੈ ਤਾਂ ਕਿ ਪਾਠਕ ਉਸ ਦੇ ਕਥਾ ਜਗਤ ਵਿੱਚ ਉਸ ਦੀ ਹਰ ਤਰ੍ਹਾਂ ਮਹਿਸੂਸ ਕੀਤੇ ਹੋਏ ਤਜਰਬਿਆਂ ਨੂੰ ਸਮਝ ਸਕੇ। ਇੱਕ ਕਮਰੇ ਨੂੰ ਮੈਟਾਫ਼ਰ ਵਜੋਂ ਵਰਤ ਕੇ ਕਹਾਣੀਕਾਰ ਹਰ ਪਲ ਬਦਲ ਰਹੀ ਕਾਇਨਾਤ ਅਤੇ ਵਰਤਾਰਿਆਂ ਦੀ ਗੱਲ ਕਰਦਾ ਹੈ। ਉਹ ਜਿੰਨਾ ਇਸ ਬਦਲਾਅ ਬਾਰੇ ਉਤਸੁਕਤ ਰਹਿੰਦਾ ਹੈ, ਓਨਾ ਹੀ ਉਸ ਵਿੱਚ ਉਲਝਿਆ ਰਹਿੰਦਾ ਹੈ। ਆਪਣੇ ਕਮਰੇ ਦੀਆਂ ਖਿੜਕੀਆਂ ਦੇ ਸ਼ੀਸ਼ਿਆਂ 'ਤੇ ਕਾਗ਼ਜ਼ ਲਗਾ ਕੇ ਉਹ ਇਹਨਾਂ ਸਾਰਿਆਂ ਵਰਤਾਰਿਆਂ ਨੂੰ ਅੱਖੋਂ-ਪਰੋਖੇ ਕਰਨਾ ਚਾਹੁੰਦਾ ਹੈ, ਪਰ ਉਸ ਦੀ ਉਤਸੁਕਤਾ ਦੀ ਤੀਬਰਤਾ ਘਟ ਭਾਵੇਂ ਜਾਂਦੀ ਹੈ, ਖ਼ਤਮ ਨਹੀਂ ਹੁੰਦੀ। ਆਪਣੀਆਂ ਖਿੜਕੀਆਂ 'ਤੇ ਲੱਗੀਆਂ ਅਖ਼ਬਾਰਾਂ ਉਹ ਲਾਹ ਵੀ ਲੈਂਦਾ ਹੈ ਪਰ ਫਿਰ ਬਦਲ ਕੇ ਹੋਰ ਅਖ਼ਬਾਰਾਂ ਲਾ ਕੇ ਉਤਸੁਕਤਾ ਕਾਬੂ ਕਰਨ ਦਾ ਯਤਨ ਕਰਦਾ ਹੈ।

ਅਗਲੀ ਕਹਾਣੀ 'ਕਾਵੀ ਬਾਗ' ਇੱਕ ਕਲਪਿਤ ਕਹਾਣੀ ਹੈ, ਜਿਸ ਵਿੱਚ ਕਹਾਣੀਕਾਰ ਆਪਣੇ-ਆਪ ਨੂੰ ਇੱਕ ਕਵਿਤਾਵਾਂ ਲਿਖੇ ਪੱਥਰਾਂ ਦੇ ਬਾਗ ਵਿੱਚ ਵਿਚਰਦਾ ਪਾਉਂਦਾ ਹੈ। ਉਹ ਉਸ ਬਾਗ ਬਾਰੇ ਲਿਖਦਾ ਹੈ, ਉਨ੍ਹਾਂ ਨੂੰ ਤੱਕਦਾ-ਤੱਕਦਾ ਸੋਚਦਾ ਰਹਿੰਦਾ ਕਿ ਕਿਸੇ ਨੂੰ ਇਸ ਸ਼ਹਿਰ ਵਿੱਚ ਨਹੀਂ ਪਤਾ ਸੀ ਕਿ ਇਹ ਵੱਡੇ-ਵੱਡੇ ਪੱਥਰਾਂ ਉੱਥੇ ਉੱਕਰੀਆਂ ਕਵਿਤਾਵਾਂ ਕਿੱਥੋਂ ਆਈਆਂ ਨੇ। ਇਨ੍ਹਾਂ ਦੇ ਚੁਫੇਰੇ ਹਰਾ-ਭਰਾ ਬਾਗ਼ ਸੀ, ਜੋ ਸਾਰੀਆਂ ਕਵਿਤਾਵਾਂ ਦੇ ਪੱਥਰਾਂ ਨੂੰ ਆਪਣੀਆਂ ਸਰਹੱਦਾਂ ਵਿੱਚ ਸਮੋਇਆ ਹੋਇਆ ਸੀ। ਇਨ੍ਹਾਂ ਪੱਥਰਾਂ ਉੱਤੇ ਵੱਖ-ਵੱਖ ਭਾਸ਼ਾਵਾਂ ਵਿੱਚ ਕਵਿਤਾਵਾਂ ਲਿਖੀਆਂ ਹੋਈਆਂ ਸਨ। ਕਿਸੇ ਨੂੰ ਇਹ ਬਿਲਕੁਲ ਵੀ ਪਤਾ ਨਹੀਂ ਸੀ ਕਿ ਇਹ ਸਿਰਫ਼ ਇੱਕ ਕਵੀ ਦੀਆਂ ਰਚਨਾਵਾਂ ਹਨ ਜਾਂ ਵੱਖਰੇ ਕਵੀਆਂ ਦਾ ਸਾਂਝਾ ਕੰਮ, ਪਰ ਇੱਕ ਗੱਲ ਪੱਕੀ ਸੀ ਕਿ ਇਹ ਬਾਗ਼ ਸਾਰੇ ਸ਼ਹਿਰ ਦਾ ਇੱਕ ਅਨੋਖਾ ਵਿਰਸਾ ਸੀ, ਜੋ ਕਿ ਸ਼ਹਿਰ ਦੀ ਤਾਰੀਖ ਦਾ ਗਵਾਹ ਅਤੇ ਇਤਿਹਾਸ ਦੀਆਂ ਯਾਦਾਂ ਨਾਲ ਜੁੜਿਆ ਹੋਇਆ ਸੀ। (ਪੰਨਾ-34) ਕਹਾਣੀਕਾਰ ਇਸ ਬਾਗ਼ ਦੇ ਮੌਸਮਾਂ ਦਾ ਤਸੱਵਰ ਖ਼ੂਬਸੂਰਤ ਦ੍ਰਿਸ਼ ਸਿਰਜ ਕੇ ਸਾਖਿਆਤ ਕਰਦਾ ਹੈ। ਬਹਾਰ ਦੀ ਰੁੱਤੇ ਸੋਹਣੇ ਫੁੱਲ, ਮਿੱਟੀ ਦੀ ਖ਼ੁਸ਼ਬੂ, ਸਾਹਿਤਕਾਰਾਂ ਦਾ ਇਕੱਠ ਤੇ ਸਭ ਪਾਸੇ ਬਹਾਰਾਂ ਹੀ ਬਹਾਰਾਂ, ਪਰ ਗਰਮੀ ਵਿੱਚ ਇਹ ਬਾਗ਼ ਰੇਗਿਸਤਾਨ ਬਣ ਜਾਂਦਾ। ਬਰਸਾਤ ਦੀ ਰੁੱਤ ਵਿੱਚ ਬਾਗ਼ ਫਿਰ ਹਰਾ-ਭਰਾ ਹੋ ਜਾਂਦਾ, ਭਿੱਜੀ ਮਿੱਟੀ ਦੀ ਖ਼ੁਸ਼ਬੂ ਆਉਂਦੀ, ਕਵਿਤਾਵਾਂ ਧੋਤੀਆਂ ਜਾਂਦੀਆਂ ਤੇ ਮੀਂਹ ਹਰ ਪਾਸੇ ਹਰਿਆਵਲ ਕਰ ਦਿੰਦਾ। ਠੰਢ ਦੀ ਰੁੱਤ ਵਿੱਚ ਬਾਗ਼ ਫਿਰ ਕੁਝ ਸੁੰਨਸਾਨ ਹੋ ਜਾਂਦਾ। ਇਸ ਢੰਗ ਨਾਲ ਇਸ ਕਹਾਣੀ ਵਿੱਚ ਮੁੱਖ ਪਾਤਰ ਉਹ ਬਾਗ਼ ਹੈ ਅਤੇ ਬਿਰਤਾਂਤਕਾਰ ਆਪ ਇੱਕ ਦਰਸ਼ਕ ਵਾਂਗ ਉਸ ਵਿੱਚ ਵਿਚਰਦਾ ਹੈ। ਉਹ ਸਾਰਾ ਕਥਾਨਕ ਸਿਰਜਦਾ ਹੋਇਆ ਪਾਠਕ ਦੇ ਮਨ ਵਿੱਚ ਉਤਸੁਕਤਾ ਪੈਦਾ ਕਰਦਾ ਹੈ, ਕਵਿਤਾਵਾਂ ਲਿਖਣ ਦਾ ਕਾਰਨ ਲੱਭਦਾ ਹੈ ਅਤੇ ਕਵਿਤਾਵਾਂ ਦੇ ਅਰਥ ਸਮਝਣਾ ਚਾਹੁੰਦਾ ਹੈ। ਉਹ ਸਮੇਂ ਦੇ ਬੀਤਣ ਨਾਲ ਇਹਨਾਂ ਕਵਿਤਾਵਾਂ ਵਿਚ ਆ ਰਹੇ ਬਦਲਾਅ ਬਾਰੇ ਚਿੰਤਤ ਵਿਖਾਈ ਦਿੰਦਾ ਹੈ। ਇਸ ਢੰਗ ਨਾਲ ਕਹਾਣੀਕਾਰ ਇੱਕ ਬਾਗ਼ ਦਾ ਮੈਟਾਫ਼ਰ ਵਰਤ ਕੇ ਰਿਵਾਇਤ ਅਤੇ ਭਾਸ਼ਾ ਬਦਲਾਅ ਦੀ ਗੱਲ ਪਾਠਕ ਅੱਗੇ ਰੱਖਦਾ ਹੈ। ਕਹਾਣੀ 'ਵਿਹੜਾ' ਬਹੁਤ ਹੀ ਸੂਖਮਤਾ ਨਾਲ ਸਮੇਂ ਕਾਰਨ ਆਉਣ ਵਾਲੇ ਬਦਲਾਅ ਨੂੰ ਵਿਸ਼ਾ ਬਣਾਉਂਦੀ ਹੈ। ਜ਼ਿੰਦਗੀ ਦੇ ਸਫ਼ਰ ਦੇ ਉਤਰਾਅ-ਚੜ੍ਹਾਅ ਅਤੇ ਲਗਾਤਾਰਤਾ ਦੀ ਗੱਲ ਕਰਦੀ ਇਹ ਕਹਾਣੀ ਹਰ ਘਰ ਦੀ ਕਹਾਣੀ ਹੈ। ਮਾਂ-ਬਾਪ ਦੁਆਰਾ ਆਪਣੀ ਔਲਾਦ ਲਈ ਕੀਤੀ ਜਾਣ ਵਾਲੀ ਮਿਹਨਤ ਅਤੇ ਔਲਾਦ ਦੇ ਆਪਣੀ ਜ਼ਿੰਦਗੀ ਵਿੱਚ ਮਸਰੂਫ਼ ਹੋਣ ਕਾਰਨ ਉਸੇ ਮਾਂ-ਬਾਪ ਦੁਆਰਾ ਹੰਢਾਇਆ ਜਾ ਰਿਹਾ ਇਕਲਾਪਾ ਇਸ ਕਹਾਣੀ ਦੇ ਕੇਂਦਰ ਵਜੋਂ ਉੱਭਰਿਆ ਹੈ। ਕਹਾਣੀਕਾਰ ਉਸ ਘਰ ਦੇ ਵਿਹੜੇ ਦੀ ਗੱਲ ਕਰਦਾ ਹੈ ਜਿੱਥੇ ਇੱਕ ਪਰਵਾਰ ਹੱਸਦਾ-ਵੱਸਦਾ ਅਤੇ ਜ਼ਿੰਦਗੀ ਨੂੰ ਮਾਣਦਾ ਹੈ। ਪਿਤਾ ਦਾ ਆਸਰਾ, ਬੱਚਿਆਂ ਦੀ ਮਿਹਨਤ ਤੇ ਸਮੇਂ ਦਾ ਬਦਲਾਅ ਹੌਲੀ-ਹੌਲੀ ਬੱਚਿਆਂ ਨੂੰ ਉਸ ਘਰ ਤੋਂ ਦੂਰ ਤੇ ਮਾਂ-ਪਿਓ ਨੂੰ ਇਕੱਲੇ ਕਰ ਦਿੰਦਾ ਹੈ ਤੇ ਫੇਰ ਨੌਕਰੀ ਦੇ ਅੰਤ ਸਮੇਂ ਉਹ ਘਰ ਛੱਡਣਾ ਵੀ ਪੈਂਦਾ ਹੈ 'ਵਿਹੜਾ' ਇੱਥੇ ਸਿਰਫ਼ ਇੱਕ ਭੌਤਿਕ ਥਾਂ ਨਹੀਂ, ਸਗੋਂ ਜ਼ਿੰਦਗੀ ਦਾ ਇੱਕ ਲਘੂ-ਰੂਪ ਬਣ ਜਾਂਦਾ ਹੈ, ਜਿੱਥੇ ਜਨਮ ਹੁੰਦਾ ਹੈ, ਪਾਲਣ-ਪੋਸ਼ਣ ਹੁੰਦਾ ਹੈ, ਰੌਣਕਾਂ ਵੱਸਦੀਆਂ ਹਨ ਅਤੇ ਅੰਤ ਵਿੱਚ ਸੁੰਨ ਪੱਸਰ ਜਾਂਦੀ ਹੈ। ਕਹਾਣੀਕਾਰ ਨੇ ਬੜੀ ਕੁਸ਼ਲਤਾ ਨਾਲ ਇੱਕ ਘਰ ਦੇ ਜੀਵਨ-ਚੱਕਰ ਨੂੰ ਮਨੁੱਖੀ ਜੀਵਨ-ਚੱਕਰ ਨਾਲ ਸਮਾਨਾਂਤਰ ਕਰਕੇ ਪੇਸ਼ ਕੀਤਾ ਹੈ। ਕਹਾਣੀ ਦੀ ਸਭ ਤੋਂ ਖ਼ੂਬਸੂਰਤ ਗੱਲ ਇਹ ਹੈ ਕਿ ਸਿੱਧੇ ਤੌਰ 'ਤੇ ਉਪਦੇਸ਼ ਦੇਣ ਦੀ ਥਾਂ ਦ੍ਰਿਸ਼ਾਂ ਰਾਹੀਂ ਵਿਹੜੇ ਦੀ ਰੌਣਕ ਤੋਂ ਸੁੰਨ ਤੱਕ ਦਾ ਸਫ਼ਰ ਅਤੇ ਨੌਕਰੀ ਦੀ ਮਿਆਦ ਖ਼ਤਮ ਹੋਣ 'ਤੇ ਘਰ ਛੱਡਣ ਦੀ ਮਜਬੂਰੀ ਨੂੰ ਇੱਕ ਪ੍ਰਤੀਕਾਤਮਕ ਅੰਤ ਵਾਂਗ ਪੇਸ਼ ਕੀਤਾ ਹੈ।

ਕਹਾਣੀ 'ਫ਼ਾਸਲੇ' ਇੱਕ ਔਰਤ ਦੇ ਅੰਤਰ ਮਨ ਦੀ ਕਹਾਣੀ ਹੈ। ਜਦ ਉਹ ਔਰਤ ਆਪਣੀ ਖ਼ੁਸ਼ੀ ਲਈ ਕੁਝ ਪਲ ਜਿਉਣਾ ਚਾਹੁੰਦੀ ਹੈ। ਆਪਣੀ ਮਨਪਸੰਦ ਬਾਰਿਸ਼ ਦੀਆਂ ਬੂੰਦਾਂ ਨੂੰ ਆਪਣੇ ਅੰਦਰ ਜਜ਼ਬ ਕਰਨਾ ਚਾਹੁੰਦੀ ਹੈ, ਬਿਨਾਂ ਕਿਸੇ ਬੰਧਨ ਤੋਂ ਆਪਣਾ ਦਿਲ ਭਾਉਂਦਾ ਖਾਣਾ ਚਾਹੁੰਦੀ ਹੈ ਅਤੇ ਬਿਨਾਂ ਕਿਸੇ ਹੋਰ ਬਾਰੇ ਸੋਚਿਆ ਕੇਵਲ ਆਪਣੇ ਲਈ ਜ਼ਿੰਦਗੀ ਜਿਉਣਾ ਚਾਹੁੰਦੀ ਹੈ। ਉਹ ਵਿਦਰੋਹੀ ਨਹੀਂ ਹੈ, ਸਗੋਂ ਇੱਕ ਸਾਧਾਰਨ ਔਰਤ ਹੈ, ਜੋ ਛੋਟੀਆਂ-ਛੋਟੀਆਂ ਚਾਹਤਾਂ ਵਿੱਚ ਵੀ ਖ਼ੁਸ਼ੀ ਲੱਭਦੀ ਹੈ। ਕਹਾਣੀਕਾਰ ਨੇ ਇਸ ਪਿੱਤਰਕੀ ਸੋਚ ਵਾਲੇ ਸਮਾਜ ਦੀ ਔਰਤ ਦੀ ਮਾਨਸਿਕਤਾ ਨੂੰ ਬਹੁਤ ਨੇੜਿਓਂ ਸਮਝ ਕੇ ਉਲੀਕਿਆ ਹੈ ਅਤੇ ਉਸ ਦੇ ਜੀਵਨ ਦੀਆਂ ਛੋਟੀਆਂ-ਛੋਟੀਆਂ ਖ਼ੁਸ਼ੀਆਂ ਨੂੰ ਰੇਖਾਂਕਿਤ ਕਰਦੇ ਹੋਏ ਔਰਤ ਦੀ ਹੋਂਦ, ਉਸ ਦੀ ਇੱਛਾ ਅਤੇ ਸਮਾਜਿਕ ਬੰਧਨਾਂ ਵਿਚਲੇ ਫ਼ਾਸਲੇ ਨੂੰ ਬਾਖ਼ੂਬੀ ਬਿਆਨ ਕੀਤਾ ਹੈ। ਹਵਾ ਹੋਰ ਤੇਜ਼ ਵਗੀ ਅਤੇ ਮਿੱਟੀ ਦੀ ਅਲੌਕਿਕ ਖ਼ੁਸ਼ਬੂ ਚਾਰੋਂ ਪਾਸੇ ਫੈਲ ਗਈ। ਉਸ ਨੂੰ ਅਹਿਸਾਸ ਹੋਇਆ ਕਿ ਉਹ ਦੁਪੱਟਾ ਪਾਣਾ ਭੁੱਲ ਗਈ ਹੈ ਪਰ ਅੱਜ ਉਸ ਦਾ ਮਨ ਹੀ ਨਹੀਂ ਸੀ ਇਸ ਨੂੰ ਢੋਣ ਦਾ। ਗਵਾਂਢੀ ਜੋ ਮਰਜ਼ੀ ਕਹਿਣ। (ਪੰਨਾ 71) ਕਹਾਣੀ 'ਫ਼ੋਟੋ' ਵੀ ਇਸ ਸੰਗ੍ਰਹਿ ਦੀਆਂ ਬੇਹਤਰੀਨ ਕਹਾਣੀਆਂ ਵਿੱਚੋਂ ਇੱਕ ਹੈ ਜਿਸ ਵਿੱਚ ਬਿਰਤਾਂਤਕਾਰ ਨੇ ਇੱਕ ਅਜਿਹਾ ਦ੍ਰਿਸ਼ ਸਿਰਜਿਆ ਹੈ, ਜਿਸ ਵਿੱਚ ਭੂਤਕਾਲ ਅਤੇ ਵਰਤਮਾਨ ਕਾਲ ਇੱਕਮਿਕ ਹੋਏ ਜਾਪਦੇ ਹਨ। ਮੁੱਖ ਪਾਤਰ ਸ੍ਰੀ ਇਖਤਿਆਰ ਅਲੀ ਦੇਹਲਵੀ ਵਰਤਮਾਨ ਵਿੱਚ ਵਿਚਰਦੇ ਹੋਏ ਵੀ ਭੂਤਕਾਲ ਦੀ ਸੁੰਦਰਤਾ ਵਿੱਚ ਗੁਆਚ ਜਾਂਦਾ ਹੈ। ਉਹ ਲਾਇਬ੍ਰੇਰੀਅਨ ਹੈ। ਇਕ ਪੁਰਾਣੀ ਪੁਸਤਕ ਵਿੱਚੋਂ ਇੱਕ ਸੁੰਦਰ ਕੁੜੀ ਦੀ ਤਸਵੀਰ ਲੱਭਣਾ ਤੇ ਫਿਰ ਉਸ ਦੁਆਰਾ ਉਸ ਫੋਟੋ ਵਾਲੀ ਕੁੜੀ ਦੀ ਤਲਾਸ਼ ਕਰਨਾ ਭਾਵੇਂ ਸਮੇਂ ਦੇ ਵਹਾਅ ਨੂੰ ਰੋਕਣ ਦਾ ਯਤਨ ਹੈ, ਪਰ ਅਸਲ ਵਿੱਚ ਮਨੁੱਖੀ ਮਨ ਵਿੱਚ ਦੱਬੀਆਂ ਖ਼ਾਹਿਸ਼ਾਂ ਨੂੰ ਚਿਤਰਤ ਕਰਦੀ ਇਹ ਕਹਾਣੀ ਅੰਤ ਵਿੱਚ ਸਮੇਂ ਦੇ ਬਦਲਾਵਾਂ ਅੱਗੇ ਗੋਡੇ ਟੇਕ ਦਿੰਦੀ ਹੈ। ਇੱਕ ਪੁਰਾਣੀ ਪੁਸਤਕ ਵਿੱਚੋਂ ਨਿਕਲੀ ਸੁੰਦਰ ਕੁੜੀ ਦੀ ਤਸਵੀਰ ਇੱਕ ਬਿਰਤਾਂਤਕ ਤਕਨੀਕ ਬਣ ਸਾਹਮਣੇ ਆਉਂਦੀ ਹੈ, ਜੋ ਮੁੱਖ ਪਾਤਰ ਦੇ ਅੰਦਰਲੇ ਸੁੱਤੇ ਹੋਏ ਸੁਪਨਿਆਂ ਨੂੰ ਜਗਾਉਂਦੀ ਹੈ। ਇਹ ਤਸਵੀਰ ਇੱਕ ਅਧੂਰੇ ਸੁਪਨੇ ਅਤੇ ਨਾ-ਪ੍ਰਾਪਤ ਸੁੰਦਰਤਾ ਦਾ ਪ੍ਰਤੀਕ ਬਣ ਜਾਂਦੀ ਹੈ। ਉਸ ਦੀ ਤਲਾਸ਼ ਖ਼ਤਮ ਹੁੰਦੀ ਹੈ ਪਰ ਜੀਵਨ ਦੀਆਂ ਹਕੀਕਤਾਂ ਦੇ ਸਾਹਮਣੇ ਉਸ ਦੀਆਂ ਖ਼ਾਹਿਸ਼ਾਂ ਇਕ ਵਾਰ ਫਿਰ ਦਮ ਤੋੜ ਦਿੰਦੀਆਂ ਹਨ। ਕਹਾਣੀ ਦਾ ਅੰਸ਼ ਹੈ, ਅਚਾਨਕ ਇੱਕ ਔਰਤ ਬਾਲਕੋਨੀ ਵਿੱਚ ਆਈ ਗੂੜ੍ਹੇ ਰੰਗ ਦਾ ਸੂਟ ਪਹਿਨੇ, ਹੱਥ ਵਿੱਚ ਚਾਹ ਦਾ ਕੱਪ। ਉਸ ਨੇ ਗੱਡੀ ਵੱਲ ਹੱਥ ਹਿਲਾਇਆ ਅਤੇ ਕੁਝ ਪਲ ਉੱਥੇ ਖੜ੍ਹੀ ਚਾਹ ਦੀ ਚੁਸਕੀ ਲੈਂਦੀ ਰਹੀ। ਉਸ ਦੇ ਵਾਲ ਕੰਨਾਂ ਕੋਲੋਂ ਚਿੱਟੇ ਹੋ ਚੁੱਕੇ ਸਨ ਅਤੇ ਹੁਣ ਉਹ ਤਸਵੀਰ ਵਾਲੀ ਚਮਕ ਨਹੀਂ ਸੀ। ਉਹ ਕੁਝ ਭਾਰੀ ਹੋ ਚੁੱਕੀ ਸੀ, ਚਿਹਰਾ ਵੀ ਬਦਲਿਆ ਹੋਇਆ ਸੀ, ਹਾਲਾਂਕਿ ਅੱਖਾਂ ਹਾਲੇ ਵੀ ਹਲਕੀਆਂ ਸਨ ਪਰ ਮੋਟੇ ਚਸ਼ਮੇ ਦੇ ਪਿੱਛੇ ਲੁਕੀਆਂ ਹੋਈਆਂ। ਉਹ ਬਾਲਕੋਨੀ ਵਿੱਚ ਤੁਰਦਿਆਂ ਹੌਲੀ ਜਿਹੀ ਲੰਗੜਾਹਟ ਨਾਲ ਚੱਲ ਰਹੀ ਸੀ। ਜਦੋਂ ਉਸ ਨੇ ਹਵਾ ਤੋਂ ਬਚਣ ਲਈ ਵਾਲ ਜੂੜੇ ਵਿੱਚ ਬੰਨ੍ਹਣੇ ਚਾਹੇ, ਉਸ ਦੀਆਂ ਝੁਰੜੀਆਂ ਪਈਆਂ ਮੋਟੀਆਂ ਉਂਗਲਾਂ ਸਾਫ਼ ਦਿਖ ਰਹੀਆਂ ਸਨ। ਕੀ ਇਹ ਉਹੀ ਕੁੜੀ ਸੀ ਤਸਵੀਰ ਵਾਲੀ? (ਪੰਨਾ 90)

ਕਹਾਣੀ 'ਸ਼ਹਿਰ ਦਾ ਦੂਜਾ ਹਿੱਸਾ' ਦੇਸ਼ ਦੇ ਰਾਜਨੀਤਕ, ਪ੍ਰਸ਼ਾਸਨਿਕ ਅਤੇ ਸ਼ਹਿਰੀ ਵਿਕਾਸ ਦੀਆਂ ਕਈ ਪੋਲਾਂ ਖੋਲ੍ਹਦੀ ਕਹਾਣੀ ਹੈ। ਇਸ ਕਹਾਣੀ ਵਿੱਚ ਦਰਸਾਇਆ ਗਿਆ ਹੈ ਕਿ ਆਧੁਨਿਕਤਾ ਅਤੇ ਸ਼ਹਿਰੀ ਵਿਕਾਸ ਦੇ ਨਾਂਅ 'ਤੇ ਸਾਡੇ ਦੇਸ਼ ਵਿੱਚ ਜਿਹੜੇ ਪ੍ਰੋਜੈਕਟ ਸ਼ੁਰੂ ਕੀਤੇ ਜਾਂਦੇ ਹਨ, ਉਹਨਾਂ ਦੇ ਨਾਂਅ 'ਤੇ ਕਿਵੇਂ ਰਾਜਨੀਤੀ ਚੱਲਦੀ ਹੈ ਤੇ ਕਿਵੇਂ ਅੱਧਿਓਂ ਵੱਧ ਕੰਮ ਅਧੂਰੇ ਹੀ ਰਹਿ ਜਾਂਦੇ ਹਨ। ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਰਾਜਨੇਤਾਵਾਂ ਦੀ ਅਦਲ-ਬਦਲ ਨਾਲ ਹੀ ਕਈ ਪ੍ਰੋਜੈਕਟ ਆਪਣੀ ਸੰਪੂਰਨਤਾ ਤੱਕ ਪੁੱਜ ਹੀ ਨਹੀਂ ਪਾਉਂਦੇ। ਇਸੇ ਕਹਾਣੀ ਵਿੱਚ ਕਹਾਣੀਕਾਰ ਇਕ ਇਮਾਰਤ ਬਾਰੇ ਲਿਖਦਾ ਹੈ, ਇਸ ਪ੍ਰੋਜੈਕਟ ਦਾ ਮੁੱਖ ਆਰਕੀਟੈਕਟ ਦੋ ਸਾਲ ਪਹਿਲਾਂ ਮਰ ਗਿਆ ਸੀ। ਉਸ ਦੇ ਨਾਲ ਹੀ ਇਸ ਯੋਜਨਾ ਦੀਆਂ ਆਖ਼ਰੀ ਉਮੀਦਾਂ ਵੀ ਲੱਗਭੱਗ ਖ਼ਤਮ ਹੋ ਗਈਆਂ। ਇੱਕ ਸਮੇਂ ਇਹ ਵਿਚਾਰ ਆਇਆ ਸੀ ਕਿ ਕੰਮ ਕਿਸੇ ਹੋਰ ਆਰਕੀਟੈਕਟ ਨੂੰ ਸੌਂਪ ਦਿੱਤਾ ਜਾਵੇ, ਪਰ ਹੈਰਾਨੀ ● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਨਾਰੀ ਭਾਵਨਾਵਾਂ ਤੇ ਪ੍ਰਤੀਰੋਧ ਦੀ ਸ਼ਾਇਰੀ

ਸਾਹਿਤ ਚਿੰਤਨ

ਡਾ. ਅਮਰਜੀਤ ਕੌਂਕੇ

## ਖਿੱਲਰੇ ਵਰਕੇ

**ਬਲਜੀਤ ਬੱਲ**
**ਸਫੇ : 134, ਮੁੱਲ : 200 ਰੁਪਏ**
**ਚਿੰਤਨ ਪ੍ਰਕਾਸ਼ਨ, ਲੁਧਿਆਣਾ**

'ਖਿੱਲਰੇ ਵਰਕੇ' ਸਿਰਲੇਖ ਇਸ ਪੁਸਤਕ ਦੇ ਅੰਦਰਲੇ ਸੰਸਾਰ ਦੀ ਬੁਨਿਆਦੀ ਪ੍ਰਕਿਰਤੀ ਵੱਲ ਸੰਕੇਤ ਕਰਦਾ ਹੈ। ਵਰਕੇ ਕਿਸੇ ਪੁਸਤਕ ਦੇ ਵੱਖ-ਵੱਖ ਹਿੱਸੇ ਹੁੰਦੇ ਹਨ, ਪਰ ਜਦੋਂ ਉਹ ਖਿੱਲਰ ਜਾਂਦੇ ਹਨ ਤਾਂ ਇੱਕ ਤਰਤੀਬਵਾਰ ਜੀਵਨ-ਕਥਾ ਟੁਕੜਿਆਂ ਵਿੱਚ ਵੰਡੀ ਜਾਂਦੀ ਹੈ। ਇਸ ਲਈ 'ਖਿੱਲਰੇ ਵਰਕੇ' ਸਿਰਫ਼ ਬਿਖਰੀਆਂ ਯਾਦਾਂ ਦਾ ਰੂਪਕ ਹੀ ਨਹੀਂ, ਸਗੋਂ ਉਸ ਮਨੋਸਥਿਤੀ ਦਾ ਸੰਕੇਤ ਬਣ ਜਾਂਦੀਆਂ ਹਨ, ਜਿਸ ਵਿੱਚ ਜੀਵਨ ਦੀ ਪਹਿਲਾਂ ਤੋਂ ਬਣੀ ਹੋਈ ਤਰਤੀਬ ਕਿਸੇ ਡੂੰਘੇ ਅਨੁਭਵ ਜਾਂ ਵੱਡੇ ਵਿਛੋੜੇ ਤੋਂ ਬਾਅਦ ਤਿੜਕ ਜਾਂਦੀ ਹੈ। ਬਲਜੀਤ ਬੱਲ ਇਨ੍ਹਾਂ ਵਰਕਿਆਂ ਨੂੰ ਮੁੜ ਇੱਕ ਕ੍ਰਮ ਵਿੱਚ ਲਿਆਉਣ ਦੀ ਕੋਸ਼ਿਸ਼ ਨਹੀਂ ਕਰਦੀ। ਉਹ ਉਨ੍ਹਾਂ ਨੂੰ ਖਿਲਰੇ ਰਹਿਣ ਦਿੰਦੀ ਹੈ, ਕਿਉਂਕਿ ਉਸ ਦੇ ਅਨੁਭਵ ਦਾ ਸੱਚ ਵੀ ਇਸੇ ਬਿਖਰਾਅ ਵਿੱਚ ਵੱਸਦਾ ਹੈ। ਉਸ ਦੀਆਂ ਕਵਿਤਾਵਾਂ ਕਿਸੇ ਇੱਕ ਲਕੀਰੀ ਕਥਾ ਦਾ ਨਿਰਮਾਣ ਨਹੀਂ ਕਰਦੀਆਂ; ਸਗੋਂ ਉਹ ਯਾਦਾਂ, ਭਾਵਨਾਵਾਂ, ਸੰਵਾਦਾਂ, ਉਡੀਕਾਂ, ਸੁਪਨਿਆਂ ਅਤੇ ਅਚਾਨਕ ਉੱਭਰ ਆਉਂਦੇ ਅਤੀਤ ਦੇ ਟੁਕੜਿਆਂ ਤੋਂ ਬਣਿਆ ਇੱਕ ਅੰਦਰੂਨੀ ਸੰਸਾਰ ਸਿਰਜਦੀਆਂ ਹਨ।

ਇਸ ਪੁਸਤਕ ਨੂੰ ਪੜ੍ਹਦਿਆਂ ਸਭ ਤੋਂ ਪਹਿਲਾਂ ਜਿਹੜਾ ਅਨੁਭਵ ਤੀਬਰਤਾ ਨਾਲ ਮਹਿਸੂਸ ਹੁੰਦਾ ਹੈ, ਉਹ ਹੈ ਮੁਹੱਬਤ ਦਾ ਅਨੁਭਵ, ਪਰ ਇੱਥੇ ਮੁਹੱਬਤ ਨਿਰਾ-ਪੁਰਾ ਕੋਈ ਰੋਮਾਂਟਿਕ ਅਹਿਸਾਸ ਨਹੀਂ। ਇਹ ਕਵਿੱਤਰੀ ਦੀ ਹੋਂਦ ਨਾਲ ਜੁੜਿਆ ਹੋਇਆ ਇੱਕ ਅਜਿਹਾ ਅਨੁਭਵ ਹੈ, ਜਿਸ ਦੇ ਵਿਛੋੜੇ ਨੇ ਉਸ ਦੀ ਪੂਰੀ ਅੰਦਰੂਨੀ ਦੁਨੀਆ ਦੀ ਬਣਤਰ ਬਦਲ ਦਿੱਤੀ ਹੈ। ਜੀਵਨ-ਸਾਥੀ ਦਾ ਵਿਛੋੜਾ ਉਸ ਦੇ ਲਈ ਸਿਰਫ਼ ਇੱਕ ਵਿਅਕਤੀ ਦਾ ਚਲੇ ਜਾਣਾ ਨਹੀਂ, ਇਹ ਜੀਵਨ ਦੇ ਉਸ ਸਾਂਝੇ ਹਿੱਸੇ ਦਾ ਟੁੱਟ ਜਾਣਾ ਹੈ, ਜਿਸ ਵਿੱਚ ਭਵਿੱਖ ਦੀਆਂ ਰੀਝਾਂ, ਸੁਪਨੇ, ਰੋਜ਼ਾਨਾ ਦੀ ਸਾਂਝ ਅਤੇ ਜੀਵਨ ਦੇ ਅਣਕਹੇ ਸੰਵਾਦ ਸ਼ਾਮਲ ਸਨ। ਇਸੇ ਕਰਕੇ ਉਸ ਦੀ ਕਵਿਤਾ ਵਿੱਚ 'ਤੂੰ' ਇੱਕ ਵਿਅਕਤੀ ਤੋਂ ਵਧ ਕੇ ਇੱਕ ਪੂਰਾ ਅਨੁਭਵ ਬਣ ਜਾਂਦਾ ਹੈ।

ਜਦੋਂ 'ਤੂੰ' ਹਾਜ਼ਰ ਸੀ ਤਾਂ ਕਵਿਤਾ ਸੰਵਾਦ ਸੀ, ਪਰ ਜਦੋਂ 'ਤੂੰ' ਗੈਰ-ਹਾਜ਼ਰ ਹੋ ਗਿਆ ਤਾਂ ਉਹੀ ਸੰਵਾਦ ਕਵਿਤਾ ਦੇ ਅੰਦਰ ਜਾਰੀ ਰਹਿੰਦਾ ਹੈ। ਇਹ ਬਿੰਦੂ ਬਲਜੀਤ ਬੱਲ ਦੀ ਕਾਵਿ-ਚੇਤਨਾ ਨੂੰ ਸਮਝਣ ਲਈ ਬਹੁਤ ਮਹੱਤਵਪੂਰਨ ਹੈ। ਉਸ ਲਈ ਕਵਿਤਾ ਕਿਸੇ ਗੈਰ-ਹਾਜ਼ਰ ਵਿਅਕਤੀ ਨੂੰ ਭੁੱਲਣ ਦਾ ਢੰਗ ਨਹੀਂ, ਸਗੋਂ ਉਸ ਨਾਲ ਸੰਵਾਦ ਨੂੰ ਜਿਉਂਦਾ ਰੱਖਣ ਦਾ ਢੰਗ ਹੈ। ਮੌਤ ਜਾਂ ਵਿਛੋੜਾ ਸੰਵਾਦ ਨੂੰ ਖਤਮ ਨਹੀਂ ਕਰਦਾ; ਉਹ ਸੰਵਾਦ ਦੀ ਥਾਂ ਬਦਲ ਦਿੰਦਾ ਹੈ। ਪਹਿਲਾਂ ਇਹ ਸੰਵਾਦ ਜੀਵਨ ਵਿੱਚ ਹੁੰਦਾ ਸੀ, ਹੁਣ ਕਵਿਤਾ ਵਿੱਚ ਹੁੰਦਾ ਹੈ। ਇਸੇ ਕਰਕੇ 'ਖਿੱਲਰੇ ਵਰਕੇ' ਵਿੱਚ ਗੈਰ-ਹਾਜ਼ਰੀ ਇੱਕ ਬਹੁਤ ਸਰਗਰਮ ਕਾਵਿ-ਤੱਤ ਬਣ ਜਾਂਦੀ ਹੈ।




ਇੱਥੇ 'ਖੜਕਾ ਕੇ ਤੁਰ ਜਾਣਾ' ਯਾਦ ਦੀ ਬਹੁਤ ਹੀ ਸੂਖਮ ਮਨੋਵਿਗਿਆਨਕ ਪ੍ਰਕਿਰਤੀ ਨੂੰ ਪ੍ਰਗਟ ਕਰਦਾ ਹੈ। ਯਾਦ ਪੂਰੀ ਤਰ੍ਹਾਂ ਸਾਹਮਣੇ ਨਹੀਂ ਆਉਂਦੀ, ਉਹ ਦਸਤਕ ਦਿੰਦੀ ਹੈ, ਮਨ ਨੂੰ ਹਿਲਾਉਂਦੀ ਹੈ ਅਤੇ ਫਿਰ ਅੰਦਰਲੇ ਹਨੇਰੇ ਵਿੱਚ ਛੱਡ ਜਾਂਦੀ ਹੈ। ਕਵਿੱਤਰੀ ਉਸ ਦੀ 'ਛਾਂ' ਲੱਭਦੀ ਹੈ। ਇਹ 'ਛਾਂ' ਬਹੁਤ ਅਰਥਵਾਨ ਬਿੰਬ ਹੈ, ਕਿਉਂਕਿ ਛਾਂ ਕਿਸੇ ਹਾਜ਼ਰ ਵਸਤੂ ਨਾਲ ਹੀ ਸੰਭਵ ਹੁੰਦੀ ਹੈ, ਪਰ ਇੱਥੇ ਜਿਸ ਦੀ ਛਾਂ ਲੱਭੀ ਜਾ ਰਹੀ ਹੈ, ਉਹ ਹਕੀਕਤ ਰੂਪ ਵਿੱਚ ਮੌਜੂਦ ਨਹੀਂ। ਇਸ ਲਈ ਛਾਂ ਯਾਦ ਦੀ ਬਣਾਈ ਹੋਈ ਹਾਜ਼ਰੀ ਹੈ। ਇਹੀ ਬਲਜੀਤ ਬੱਲ ਦੀ ਕਵਿਤਾ ਦੀ ਕਵਿਤਾ ਦਾ ਕੇਂਦਰੀ ਨੁਕਤਾ ਹੈ ਕਿ ਉਹ ਗੈਰ-ਹਾਜ਼ਰੀ ਨੂੰ ਵੀ ਹਾਜ਼ਰੀ ਦਾ ਰੂਪ ਦੇ ਦਿੰਦੀ ਹੈ।

ਇਸ ਪੁਸਤਕ ਦੀ ਇੱਕ ਵੱਡੀ ਪ੍ਰਾਪਤੀ ਇਹ ਹੈ ਕਿ ਨਿੱਜੀ ਵਿਛੋੜੇ ਨੂੰ ਕਵਿੱਤਰੀ ਨੇ ਸਿਰਫ਼ ਰੋਣ ਜਾਂ ਵਿਰਲਾਪ ਦਾ ਵਿਸ਼ਾ ਨਹੀਂ ਬਣਨ ਦਿੱਤਾ। ਉਹ ਇਸ ਨੂੰ ਯਾਦ, ਪ੍ਰਤੀਕ ਅਤੇ ਭਾਸ਼ਾ ਵਿੱਚ ਤਬਦੀਲ ਕਰਦੀ ਹੈ। ਇਹ ਤਬਦੀਲੀ ਕਵਿਤਾ ਦੀ ਅਸਲ ਸਿਰਜਣਾਤਮਕ ਪ੍ਰਕਿਰਿਆ ਹੈ। ਦੁੱਖ ਜਦੋਂ ਸਿਰਫ਼ ਦੁੱਖ ਰਹਿੰਦਾ ਹੈ ਤਾਂ ਉਹ ਨਿੱਜੀ ਹੈ; ਪਰ ਜਦੋਂ ਉਹ ਕਲਾਤਮਿਕ ਰੂਪ ਧਾਰਦਾ ਹੈ ਤਾਂ ਉਸ ਵਿੱਚ ਸਾਂਝੇ ਮਨੁੱਖੀ ਅਨੁਭਵ ਦੀ ਸੰਭਾਵਨਾ ਪੈਦਾ ਹੁੰਦੀ ਹੈ। ਬਲਜੀਤ ਬੱਲ ਦੀ ਕਵਿਤਾ ਵਿੱਚ ਇਹ ਤਬਦੀਲੀ ਲਗਾਤਾਰ ਵਾਪਰਦੀ ਹੈ। ਇਸ ਸੰਦਰਭ ਵਿੱਚ 'ਚੰਨ' ਦਾ ਬਿੰਬ ਬਹੁਤ ਮਹੱਤਵਪੂਰਨ ਹੈ। ਪੰਜਾਬੀ ਕਵਿਤਾ ਵਿੱਚ ਚੰਨ ਕੋਈ ਨਵਾਂ ਪ੍ਰਤੀਕ ਨਹੀਂ, ਪਰ ਹਰ ਕਵੀ ਇਸ ਨੂੰ ਆਪਣੀ ਸੰਵੇਦਨਾ ਅਨੁਸਾਰ ਨਵਾਂ ਅਰਥ ਦਿੰਦਾ ਹੈ।

ਇੱਥੇ ਚੰਨ ਦਾ ਅਰਥ ਲਗਾਤਾਰ ਬਦਲਦਾ ਹੈ। ਬਚਪਨ ਵਿੱਚ ਜੋ ਚੰਨ ਇੱਕ ਮਾਸੂਮ ਕਲਪਨਾ ਸੀ, ਉਹ ਪੜ੍ਹਾਈ ਦੇ ਦੌਰ ਵਿੱਚ ਵਿਗਿਆਨਕ ਤੱਥ ਬਣ ਜਾਂਦਾ ਹੈ ਅਤੇ ਬਾਅਦ ਵਿੱਚ ਮੁੜ ਯਾਦ, ਲੋਕ-ਵਿਸ਼ਵਾਸ ਅਤੇ ਮੁਹੱਬਤ ਵਿੱਚ ਪਰਤ ਆਉਂਦਾ ਹੈ। ਇਸ ਤਰ੍ਹਾਂ ਕਵਿਤਰੀ ਚੰਨ ਦੇ ਇੱਕੋ ਬਿੰਬ ਵਿੱਚ ਮਨੁੱਖੀ ਜੀਵਨ ਦੀਆਂ ਵੱਖ-ਵੱਖ ਉਮਰਾਂ ਨੂੰ ਇਕੱਠਾ ਕਰ ਦਿੰਦੀ ਹੈ। ਇਹ ਕਵਿਤਾ ਸਿਰਫ਼ ਚੰਨ ਬਾਰੇ ਕਵਿਤਾ ਨਹੀਂ ਰਹਿੰਦੀ, ਸਗੋਂ ਸਿਮਰਤੀਆਂ ਦੀ ਬਣਤਰ ਬਾਰੇ ਕਵਿਤਾ ਬਣ ਜਾਂਦੀ ਹੈ। ਬਲਜੀਤ ਬੱਲ ਇਸ ਸਾਂਝੀ ਯਾਦ ਨੂੰ ਆਪਣੇ ਨਿੱਜੀ ਦੁੱਖ ਨਾਲ ਜੋੜਦੀ ਹੈ। ਇਸ ਤਰ੍ਹਾਂ ਨਿੱਜੀ ਅਨੁਭਵ ਲੋਕ-ਸੱਭਿਆਚਾਰਕ ਯਾਦ ਨਾਲ ਜੁੜ ਕੇ ਵੱਡਾ ਅਰਥ ਗ੍ਰਹਿਣ ਕਰਦਾ ਹੈ। ਇਸੇ ਤਰ੍ਹਾਂ 'ਤੀਆਂ' ਵਾਲੀ ਕਵਿਤਾ ਵਿੱਚ ਲੋਕ-ਜੀਵਨ ਦੀਆਂ ਨਿਸ਼ਾਨੀਆਂ-ਵੰਗਾਂ, ਝਾਂਜਰਾਂ, ਪੀਂਘ, ਸਾਵਣ ਅਤੇ ਤੀਆਂ-ਔਰਤ ਦੀ ਸਾਂਝੀ ਸੱਭਿਆਚਾਰਕ ਯਾਦ ਦਾ ਹਿੱਸਾ ਬਣਦੀਆਂ ਹਨ, ਪਰ ਕਵਿੱਤਰੀ ਇਨ੍ਹਾਂ ਨੂੰ ਸਿਰਫ਼ ਰੰਗੀਨ ਲੋਕ-ਦ੍ਰਿਸ਼ ਦੇ ਰੂਪ ਵਿੱਚ ਨਹੀਂ ਵਰਤਦੀ।

ਬਲਜੀਤ ਬੱਲ ਦੀ ਕਵਿਤਾ ਵਿੱਚ ਕੁਦਰਤ ਦਾ ਵਿਸ਼ੇਸ਼ ਮਹੱਤਵ ਹੈ। ਸਮੁੰਦਰ, ਚੰਨ, ਤਾਰੇ, ਰੁੱਤਾਂ, ਬਹਾਰ, ਹਨੇਰਾ, ਰੌਸ਼ਨੀ, ਬਰਫ਼, ਤ੍ਰੇਲ ਅਤੇ ਪੀਂਘ ਵਰਗੇ ਬਿੰਬ ਉਸ ਦੇ ਅੰਦਰਲੇ ਮਨ ਨੂੰ ਪ੍ਰਗਟ ਕਰਨ ਲਈ ਵਰਤੇ ਜਾਂਦੇ ਹਨ। ਇਹ ਕੁਦਰਤੀ ਦ੍ਰਿਸ਼ ਆਪਣੇ ਆਪ ਵਿੱਚ ਮੰਤਵ ਨਹੀਂ। ਇਨ੍ਹਾਂ ਦੇ ਰਾਹੀਂ ਮਨੁੱਖੀ ਅਨੁਭਵ ਦਾ ਇੱਕ ਅੰਦਰੂਨੀ ਭੂਗੋਲ ਬਣਦਾ ਹੈ। ਅਸ਼ਾਂਤ ਮਨ ਲਈ ਸਮੁੰਦਰ ਅਸ਼ਾਂਤ ਹੋ ਜਾਂਦਾ ਹੈ, ਇਕੱਲੇਪਣ ਲਈ ਰਾਤ ਡੂੰਘੀ ਹੋ ਜਾਂਦੀ ਹੈ ਅਤੇ ਆਸ ਲਈ ਰੁੱਤ ਬਦਲਦੀ ਹੈ। ਇਸ ਤਰ੍ਹਾਂ ਬਾਹਰੀ ਕੁਦਰਤ ਅਤੇ ਅੰਦਰਲੀ ਕੁਦਰਤ ਇੱਕ-ਦੂਜੇ ਦਾ ਰੂਪਕ ਬਣ ਜਾਂਦੇ ਹਨ। 'ਭਰਮ ਚੰਗੇ ਨੇ ਤਰਕ ਨਾਲੋਂ' ਵਿੱਚ ਇਹ ਅੰਦਰੂਨੀ ਮਨੋਵਿਗਿਆਨ ਹੋਰ ਵੀ ਜਟਿਲ ਹੋ ਜਾਂਦਾ ਹੈ। ਕਵਿੱਤਰੀ ਤਰਕ ਦੀ ਸਖ਼ਤ ਹਕੀਕਤ ਨਾਲੋਂ ਭਰਮ ਨੂੰ ਤਰਜੀਹ ਦਿੰਦੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਉਹ ਹਕੀਕਤ ਤੋਂ ਅਣਜਾਣ ਹੈ।

'ਖਿੱਲਰੇ ਵਰਕੇ' ਦੀ ਕਵਿਤਾ ਵਿਚਲੀ ਔਰਤ ਦੀ ਆਪਣੀ ਆਵਾਜ਼ ਵੀ ਬਹੁਤ ਮਹੱਤਵਪੂਰਨ ਹੈ। ਇਹ ਔਰਤ ਕਿਸੇ ਬਾਹਰੀ ਨਜ਼ਰ ਰਾਹੀਂ ਨਹੀਂ ਦੇਖੀ ਜਾ ਰਹੀ; ਉਹ ਆਪਣੇ ਆਪ ਨੂੰ ਆਪ ਹੀ ਸੰਬੋਧਨ ਕਰ ਰਹੀ ਹੈ। ਉਹ ਆਪਣੇ ਪ੍ਰੇਮ ਨੂੰ ਲੁਕਾਉਂਦੀ ਨਹੀਂ, ਆਪਣੇ ਦੁੱਖ ਤੋਂ ਇਨਕਾਰ ਨਹੀਂ ਕਰਦੀ ਅਤੇ ਆਪਣੇ ਅਨੁਭਵ ਨੂੰ ਕਿਸੇ ਬਣੇ-ਬਣਾਏ ਨੈਤਿਕ ਫਰੇਮ ਵਿੱਚ ਫਿੱਟ ਕਰਨ ਦੀ ਕੋਸ਼ਿਸ਼ ਨਹੀਂ ਕਰਦੀ। ਇਸ ਪੱਖੋਂ ਉਸ ਦੀ ਕਵਿਤਾ ਸਮਕਾਲੀ ਔਰਤ-ਚੇਤਨਾ ਨਾਲ ਸੰਵਾਦ ਕਰਦੀ ਹੈ। ਔਰਤ ਦਾ ਪ੍ਰੇਮ, ਉਸ ਦੀ ਉਡੀਕ, ਉਸ ਦੀ ਯਾਦ, ਉਸ ਦੀ ਕਾਮਨਾ ਅਤੇ ਉਸ ਦਾ ਦੁੱਖ ਆਪਣੇ ਆਪ ਵਿੱਚ ਸਾਹਿਤਕ ਤੌਰ 'ਤੇ ਜਾਇਜ਼ ਅਨੁਭਵ ਹਨ-ਇਹ ਬੋਧ ਉਸ ਦੀ ਕਵਿਤਾ ਦੇ ਅੰਦਰ ਮੌਜੂਦ ਹੈ, ਪਰ ਬਲਜੀਤ ਬੱਲ ਦੀ ਔਰਤ-ਚੇਤਨਾ ਕੇਵਲ ਪ੍ਰੇਮ ਤੱਕ ਸੀਮਤ ਨਹੀਂ। ਇਸ ਦਾ ਇੱਕ ਹੋਰ ਰੂਪ 'ਬਗ਼ਾਵਤ' ਦੇ ਸੰਕਲਪ ਵਿੱਚ ਉੱਭਰਦਾ ਹੈ। ਉਹ ਬਗਾਵਤ ਨੂੰ ਹਿੰਸਾ ਜਾਂ ਹਥਿਆਰ ਨਾਲ ਨਹੀਂ ਜੋੜਦੀ, ਸਗੋਂ ਸ਼ਬਦ ਨਾਲ ਜੋੜਦੀ ਹੈ- ਇਸ ਲਈ ● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਪੁਸਤਕ ਰੀਵਿਊ

## ਦੂਰੀਆਂ-ਮਜਬੂਰੀਆਂ

(ਨਾਵਲ)
**ਹਰਪਾਲ ਸਿੰਘ ਬਰੌਂਗਾ**
**ਪੰਨੇ-108, ਮੁੱਲ-350 ਰੁਪਏ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

ਕਹਾਣੀ ਸੰਗ੍ਰਹਿ 'ਅੱਛੇ ਦਿਨਾਂ ਦੀ ਉਡੀਕ' ਤੇ 'ਦੇਸ਼ ਪ੍ਰਦੇਸ਼' ਰਾਹੀਂ ਪੰਜਾਬੀ ਗਲਪ ਦੇ ਖੇਤਰ ਵਿਚ ਹਰਪਾਲ ਸਿੰਘ ਬਰੌਂਗਾ ਦੀ ਬਣੀ ਪਛਾਣ ਦੇ ਰੰਗ ਉਸ ਦੇ ਪਲੇਠੇ ਨਾਵਲ 'ਦੂਰੀਆਂ-ਮਜਬੂਰੀਆਂ' ਦੇ ਪ੍ਰਕਾਸ਼ਨ ਨਾਲ ਹੋਰ ਗੂੜ੍ਹੇ ਹੋਏ ਹਨ। ਇਹ ਨਾਵਲ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨੂੰ ਦਰਪੇਸ਼ ਚੁਣੌਤੀਆਂ 'ਤੇ ਨਜ਼ਰਸਾਨੀ ਕਰਦਾ ਹੈ ਤਾਂ ਇਹ ਸਿੱਟਾ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਜਿਸ ਤੇਜ਼ੀ ਨਾਲ ਪੰਜਾਬ ਦੇ ਨੌਜਵਾਨ ਗੁਰੂ ਨਾਨਕ ਦੇਵ ਜੀ ਦੇ ਕਿਰਤ ਨੂੰ ਅਹਿਮੀਅਤ ਦੇਣ ਵਾਲੇ ਫ਼ਲਸਫੇ ਤੋਂ ਟੁੱਟਦੇ ਜਾ ਰਹੇ ਹਨ, ਉਸ ਤੇਜ਼ੀ ਨਾਲ ਹੀ ਉਨ੍ਹਾਂ ਦਾ ਭਵਿੱਖ ਹੋਰ ਧੁੰਦਲਾ ਹੁੰਦਾ ਜਾ ਰਿਹਾ ਹੈ। ਆਪਣੇ ਚੰਗੇ ਭਵਿੱਖ ਦੀ ਸਿਰਜਣਾ ਲਈ ਵਿਦੇਸ਼ ਜਾਣ ਦੀ ਕਾਹਲ ਉਨ੍ਹਾਂ ਦੇ ਭਵਿੱਖ ਨੂੰ ਹੋਰ ਵੀ ਹਨੇਰੇ ਵੱਲ ਧੱਕ ਦਿੰਦੀ ਹੈ। ਨਾਵਲ ਦਾ ਮੁੱਖ ਪਾਤਰ ਹਰਦੇਵ ਜਦੋਂ ਆਪਣੇ ਮਾਪਿਆਂ ਦੀ ਮਰਜ਼ੀ ਦੇ ਵਿਰੁੱਧ ਜਾ ਕੇ ਕੈਨੇਡਾ ਜਾਣ ਦੀ ਕਾਹਲ ਕਰਦਾ ਹੈ ਤਾਂ ਆਪਣੇ ਹਿੱਸੇ ਦੀ ਜ਼ਮੀਨ-ਜਾਇਦਾਦ ਵੀ ਗੁਆ ਬੈਠਦਾ ਹੈ ਤੇ ਆਪਣੇ ਘਰ-ਪਰਵਾਰ ਨੂੰ ਵੀ ਬਰਬਾਦ ਕਰ ਲੈਂਦਾ ਹੈ। ਕੈਨੇਡਾ ਪਹੁੰਚਣ ਦਾ ਝੂਠਾ ਧਰਵਾਸ ਹੀ ਜਦੋਂ ਉਸ ਨੂੰ ਪੰਜਾਬ ਦੇ ਕਿਰਤੀ ਖਾਸੇ ਨਾਲੋਂ ਤੋੜ ਦਿੰਦਾ ਹੈ ਤਾਂ ਉਸ ਦੇ ਭਵਿੱਖ ਸੰਵਰਨ ਦੀਆਂ ਸੰਭਾਵਨਾਵਾਂ ਹੋਰ ਵੀ ਮੱਧਮ ਪੈ ਜਾਂਦੀਆਂ ਹਨ। ਪਹਿਲਾਂ ਉਹ ਜ਼ਮੀਨ-ਜਾਇਦਾਦ ਵੇਚ ਕੇ ਪੜ੍ਹਨ ਲਈ ਕੈਨੇਡਾ ਭੇਜੀ ਆਪਣੀ ਪਤਨੀ ਹੱਥੋਂ ਧੋਖਾ ਖਾਂਦਾ ਹੈ ਤੇ ਫਿਰ ਏਜੰਟਾਂ ਦੇ ਧੱਕੇ ਚੜ੍ਹ ਕੇ ਲੁੱਟਿਆ ਜਾਂਦਾ ਹੈ। ਆਖਿਰ ਉਸ ਕੋਲ ਜਾਨ ਨੂੰ ਜੋਖ਼ਮ ਵਿਚ ਪਾ ਕੇ ਡੌਂਕੀ ਲਾਉਣ ਤੋਂ ਇਲਾਵਾ ਕੋਈ ਵੀ ਰਾਹ ਨਹੀਂ ਰਹਿੰਦਾ।




ਨਾਵਲ ਵਿਚ ਪੱਛਮੀ ਬੰਗਾਲ ਤੋਂ ਪੰਜਾਬ ਆਏ ਨੌਜਵਾਨ ਰਾਮ ਪ੍ਰਤਾਪ ਦਾ ਭਵਿੱਖ ਮਜ਼ਬੂਤ ਹੋਣ 'ਤੇ ਹਰਬੰਸ ਦੇ ਭਵਿੱਖ ਵਿਗੜਨ ਦੀਆਂ ਕਹਾਣੀਆਂ ਸਮਾਂਤਰ ਚੱਲਦੀਆਂ ਹਨ। ਦੁੱਖਾਂ-ਭੁੱਖਾਂ ਦਾ ਸਤਾਇਆ ਰਾਮ ਪ੍ਰਤਾਪ ਆਪਣਾ ਭਵਿੱਖ ਬਣਾਉਣ ਲਈ ਪੰਜਾਬ ਆਉਂਦਾ ਹੈ ਤਾਂ ਹਰਬੰਸ ਦਾ ਪਿਤਾ ਨੰਬਰਦਾਰ ਨੱਥਾ ਸਿੰਘ ਹੀ ਉਸ ਨੂੰ ਨੌਕਰ ਵਜੋਂ ਰੁਜ਼ਗਾਰ ਦਿੰਦਾ ਹੈ। ਉਸ ਦੇ ਖਾਣ-ਪੀਣ ਦਾ ਖਰਚ ਨੰਬਰਦਾਰ ਦੇ ਜ਼ਿੰਮੇ ਹੋਣ ਕਾਰਨ ਇਕੱਠੀ ਹੋਈ ਤਨਖਾਹ ਉਸ ਦੇ ਭਵਿੱਖ ਨੂੰ ਨਿਰੰਤਰ ਮਜ਼ਬੂਤ ਕਰਦੀ ਰਹਿੰਦੀ ਹੈ, ਪਰ ਦੂਜੇ ਪਾਸੇ ਉਸ ਦੀ ਆਮਦ ਹਰਬੰਸ ਨੂੰ ਖੇਤੀ ਕਿੱਤੇ ਨਾਲੋਂ ਤੋੜ ਕੇ ਵਿਹਲਾ ਬਣਾ ਦਿੰਦੀ ਹੈ। ਰਾਮ ਪ੍ਰਤਾਪ ਆਪਣਾ ਵਿਆਹ ਕਰਾਉਣ ਤੋਂ ਬਾਅਦ ਪੰਜਾਬ ਪਰਤਦਾ ਹੈ ਤਾਂ ਉਸ ਦੀ ਪਤਨੀ ਚੰਚਲ ਉਸ ਦੇ ਮੋਢੇ ਨਾਲ ਮੋਢਾ ਜੋੜ ਕੇ ਮਿਹਨਤ ਕਰਨ ਵਾਲੀ, ਸੰਜਮੀ ਤੇ ਸਕੀਮੀ ਸਾਬਤ ਹੁੰਦੀ ਹੈ। ਇਸ ਦੇ ਉਲਟ ਹਰਬੰਸ ਦੀ ਨਵ-ਵਿਆਹੀ ਪਤਨੀ ਮਨਦੀਪ ਉਸ ਨੂੰ ਇਹ ਸੁਪਨੇ ਵਿਖਾਉਂਦੀ ਹੈ ਕਿ ਜੇ ਉਹ ਆਪਣੇ ਖਰਚ 'ਤੇ ਉਸ ਨੂੰ ਪੜ੍ਹਨ ਲਈ ਕੈਨੇਡਾ ਭੇਜ ਦੇਵੇ ਤਾਂ ਉਹ ਛੇਤੀ ਹੀ ਉਸ ਨੂੰ ਆਪਣੇ ਕੋਲ ਬੁਲਾ ਲਵੇਗੀ। ਪਤਨੀ ਦੀ ਉਕਸਾਹਟ ਵਿਚ ਆਇਆ ਹਰਬੰਸ ਆਰਥਿਕ ਤੌਰ 'ਤੇ ਪੱਕੇ ਪੈਰੀਂ ਹੋ ਚੁੱਕੇ ਰਾਮ ਪ੍ਰਤਾਪ ਕੋਲ ਹੀ ਪੜਾਅਵਾਰ ਆਪਣੀ ਜ਼ਮੀਨ-ਜਾਇਦਾਦ ਵੇਚਦਾ ਹੈ ਤਾਂ ਰਾਮ ਪ੍ਰਤਾਪ ਦਾ ਭਵਿੱਖ ਬਣਦਾ ਤੇ ਹਰਬੰਸ ਦਾ ਭਵਿੱਖ ਵਿਗੜਦਾ ਰਹਿੰਦਾ ਹੈ।

ਨਾਵਲ ਦਾ ਇੱਕ ਚੰਗਾ ਪੱਖ ਇਹ ਵੀ ਪੰਜਾਬੀ ਵਿਚ ਆਏ ਪਰਵਾਸੀਆਂ ਪ੍ਰਤੀ ਨਫਰਤ ਦਾ ਪ੍ਰਵਚਨ ਨਹੀਂ ਸਿਰਜਦਾ, ਸਗੋਂ ਪੰਜਾਬ ਦੇ ਨੌਜਵਾਨਾਂ ਨੂੰ ਹਲੂਣਾ ਦਿੰਦਾ ਹੈ ਕਿ ਉਹ ਵਿਦੇਸ਼ ਭੱਜਣ ਦੀ ਬਜਾਏ ਫਿਰ ਤੋਂ ਪੰਜਾਬ ਦੇ ਕਿਰਤ ਸੱਭਿਆਚਾਰ ਨਾਲ ਆਪਣੀ ਮਾਨਸਿਕ ਨੇੜਤਾ ਪੈਦਾ ਕਰਨ। ਨਾਵਲ ਵੱਲੋਂ ਪੈਦਾ ਕੀਤਾ ਇਹ ਸੁਆਲ ਬਹੁਤ ਤਰਕਸੰਗਤ ਵੀ ਹੈ ਕਿ ਜੇ ਰਾਮ ਪ੍ਰਤਾਪ ਵਰਗੇ ਪਰਵਾਸੀ ਨੌਜਵਾਨ ਪੰਜਾਬ ਵਿਚ ਆ ਕੇ ਆਪਣੀਆਂ ਆਰਥਿਕ ਜੜ੍ਹਾਂ ਲਾ ਸਕਦੇ ਹਨ ਤਾਂ ਪੰਜਾਬ ਦੇ ਜੰਮਪਲ ਨੌਜਵਾਨ ਅਜਿਹਾ ਕਿਉਂ ਨਹੀਂ ਕਰ ਸਕਦੇ? ਨਾਵਲ ਪੰਜਾਬੀਆਂ ਦੀ ਝੂਠੀ ਸ਼ੋਹਰਤ ਲਈ ਵਿਆਹਾਂ ਤੇ ਮਰਗਤ ਭੋਗਾਂ 'ਤੇ ਫਜ਼ੂਲ ਖਰਚੀ ਕਰਨ ਦੀ ਆਦਤ ਨੂੰ ਵੀ ਆਪਣੀ ਆਲੋਚਨਾ ਦੇ ਨਿਸ਼ਾਨੇ 'ਤੇ ਰੱਖਦਾ ਹੈ। ਜਦੋਂ ਏਜੰਟ ਹਰਦੇਵ ਦੀ ਸਾਰੀ ਰਕਮ ਹੜੱਪ ਕੇ ਵਿਦੇਸ਼ ਭੱਜ ਚੁੱਕਾ ਹੈ ਤਾਂ ਉਸ ਵੱਲੋਂ ਡੌਂਕੀ ਲਾ ਕੇ ਵਿਦੇਸ਼ ਜਾਣ ਦੀ ਗੱਲ ਯਥਾਰਥਕ ਨਹੀਂ ਲੱਗਦੀ। ਨਾਵਲ ਦੀ ਬੋਲੀ ਤੇ ਸ਼ੈਲੀ ਇਸ ਦੀ ਪਾਠ ਦਿਲਚਸਪੀ ਵਿਚ ਵਾਧਾ ਕਰਨ ਵਾਲੀ ਹੈ।

**— ਨਿਰੰਜਣ ਬੋਹਾ**

## ਆਹੋ

(ਕਾਵਿ-ਸੰਗ੍ਰਹਿ)
**ਰਾਣਾ ਰਣਬੀਰ**
**ਪੰਨੇ-144, ਮੁੱਲ-325 ਰੁਪਏ**
**ਚੇਤਨਾ ਪ੍ਰਕਾਸ਼ਨ ਲੁਧਿਆਣਾ**

ਰਾਣਾ ਰਣਬੀਰ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ ਹੈ।ਟੀ.ਵੀ. ਤੇ ਸਿਨੇਮੇ ਤੋਂ ਇਲਾਵਾ ਉਸ ਨੇ ਸਾਹਿਤ ਦੇ ਖੇਤਰ ਵਿੱਚ ਵੀ ਚੰਗਾ ਨਾਮਣਾ ਖੱਟਿਆ ਹੈ। ਹਾਲਾ ਹੀ ਉਸ ਦਾ ਨਵਾਂ ਕਾਵਿ-ਸੰਗ੍ਰਹਿ 'ਆਹੋ' ਪ੍ਰਕਾਸ਼ਿਤ ਹੋਇਆ ਹੈ। ਇਸ ਤੋਂ ਪਹਿਲਾਂ ਵੀ ਉਹਦੇ 'ਕਿਣ-ਮਿਣ ਤਿੱਪ ਚਿੱਪ' ਅਤੇ 'ਦੀਵਾ' ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਤੋਂ ਇਲਾਵਾ ਦੋ ਵਾਰਤਕ ਦੀਆਂ ਪੁਸਤਕਾਂ ਵੀ ਛਪ ਚੁੱਕੀਆਂ ਹਨ। 'ਆਹੋ' ਕਾਵਿ-ਸੰਗ੍ਰਹਿ ਵਿੱਚ ਨਿੱਕੇ-ਨਿੱਕੇ ਸੂਖਮ ਅਹਿਸਾਸ ਹਨ, ਜੋ ਬੰਦੇ ਨੂੰ ਜਿਊਣ ਯੋਗਰਾ ਕਰੀ ਰੱਖਦੇ ਹਨ। ਇਹਨਾਂ ਕਵਿਤਾਵਾਂ ਵਿੱਚ ਪਿਆਰ ਮੁਹੱਬਤ, ਅਸੀਸਾਂ, ਖੁਸ਼ੀਆਂ ਦਾ ਪ੍ਰਗਟਾਅ ਹੈ, ਜੋ ਪਰਵਾਰਾਂ ਨੂੰ ਹੱਸਣ-ਖੇਡਣ ਦਾ ਵਰਦਾਨ ਦਿੰਦੀਆਂ ਹਨ। ਇਹ ਕਵਿਤਾਵਾਂ ਮਨੁੱਖ ਨੂੰ ਚੰਗਾ ਇਨਸਾਨ ਬਣਨ ਲਈ ਪ੍ਰੇਰਦੀਆਂ ਹਨ। ਦਾਰਸ਼ਨਿਕਤਾ ਇਸ ਕਵਿਤਾ ਦਾ ਵੱਡਾ ਹਾਸਲ ਬਣਿਆ ਹੈ। ਕਵੀ ਰਾਹ ਤੋਂ ਥਿੜਕੇ ਮਨੁੱਖ ਨੂੰ ਚੰਗੇ ਅਮਲ ਕਮਾਉਂਦਿਆਂ, ਨੁਕਤਾਚੀਨੀ ਅਤੇ ਵੈਰ-ਵਿਰੋਧ ਤੋਂ ਦੂਰ ਰਹਿਣ ਲਈ ਕਹਿੰਦਾ ਹੈ- ਅਜੋਕੇ ਮਨੁੱਖ ਦਾ ਸਬਰ ਮੁੱਕ ਚੁੱਕਾ ਹੈ। ਮਨੁੱਖ ਸਹਿਜ ਨਾਲੋਂ ਆਪਣਾ ਨਾਤਾ ਤੋੜ ਰਿਹਾ ਹੈ। ਖ਼ੁਦਗਰਜ਼ੀ ਦੇ ਘੋੜੇ 'ਤੇ ਸਵਾਰ ਹੋਇਆ ਮਨੁੱਖ, ਮਨੁੱਖ ਦਾ ਹੀ ਦੁਸ਼ਮਣ ਬਣ ਬੈਠਾ ਹੈ। ਕੁਦਰਤੀ ਜੀਵਨ-ਜਾਚ ਤੋਂ ਦਰਕਿਨਾਰ ਹੋਇਆ ਮਨੁੱਖ, ਪਦਾਰਥਵਾਦੀ ਰੁਚੀਆਂ ਦਾ ਧਾਰਨੀ ਬਣ ਗਿਆ ਹੈ। ਇਹ ਕਵਿਤਾ ਮਨੁੱਖ ਦੇ ਜੀਵਨ ਦੀਆਂ ਵਧਦੀਆਂ ਜਟਿਲਤਾਵਾਂ ਨੂੰ ਦਰਸਾਉਂਦੀ ਹੀ ਨਹੀਂ, ਸਗੋਂ ਹੱਲ ਵੀ ਦੱਸਦੀ ਹੈ।




ਇਹ ਕਵਿਤਾ ਵਾਰ-ਵਾਰ ਇੱਕੋ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਵੱਸਦੀ ਦੁਨੀਆ 'ਤੇ ਕੋਈ ਬੇਗਾਨਾ ਨਹੀਂ, ਸਭ ਆਪਣੇ ਹਨ। ਸਾਂਝੀਵਾਲਤਾ ਜ਼ਿੰਦਗੀ ਸਕੂਨ ਨਾਲ ਜਿਉਣ ਦਾ ਮੂਲ ਮੰਤਰ ਹੈ। ਇਸ ਕਵਿਤਾ ਵਿੱਚ ਇੱਕ ਫਲਸਫਾਨਾ ਰਹੱਸ ਹੈ, ਜਿਸ ਦੇ ਅੰਦਰ ਬੜੀ ਸੂਖਮਤਾ ਨਾਲ ਮਨੁੱਖ ਦੀ ਭਲਾਈ ਲਈ ਅਰਜ਼ ਗੁਜ਼ਾਰੀ ਕੀਤੀ ਗਈ ਹੈ। ਕਵੀ ਕਿਰਤ ਦਾ ਸੱਚਾ ਪਹਿਰੇਦਾਰ ਹੈ। ਉਹ ਕਿਰਤ ਵਿੱਚੋਂ ਮਨੁੱਖ ਦੇ ਕਰਮ ਦੇਖਦਾ ਹੈ ਅਤੇ ਕਰਮ ਵਿੱਚੋਂ ਹੀ ਮਨੁੱਖੀ ਜੀਵਨ ਵਿੱਚ ਬਣਨ ਵਾਲੀਆਂ ਤਸਬੀਹਾਂ ਦੇਖਦਾ ਹੈ। ਇਸ ਕਵਿਤਾ ਵਿੱਚ ਪਿੰਡ ਪ੍ਰਤੀ ਮੋਹ ਹੈ। ਕਵੀ ਪਿੰਡ ਦੀ ਮਿੱਟੀ ਨੂੰ ਪਿੰਡ ਦਾ ਸਰੂਪ ਮੰਨਦਾ ਹੈ। ਇਹ ਉਹ ਪਿੰਡ ਦੀ ਹਵਾ ਹੈ, ਜਿੱਥੇ ਉਹ ਪੰਛੀ ਬਣ ਕੇ ਉੱਡਦਾ ਰਿਹਾ, ਜਿੱਥੇ ਇਲਤਾਂ ਕੀਤੀਆਂ, ਹਿੰਡਾਂ ਪੁਗਾਈਆਂ। ਪਿੰਡ ਰਹਿੰਦੇ ਆੜੀਆਂ ਨੇ ਤੇ ਪਿੰਡ ਨੇ ਉਸ ਨੂੰ ਬਹੁਤ ਕੁਝ ਸਿਖਾਇਆ ਹੈ। ਕਵੀ ਪਿੰਡ ਨੂੰ ਆਪਣਾ ਉਸਤਾਦ ਮੰਨਦਾ ਹੈ। ਪਿੰਡ ਨੇ ਹੀ ਉਸ ਨੂੰ ਸਿੱਖਿਆ ਦਿੱਤੀ ਹੈ ਕਿ ਦਰਵੇਸ਼ ਲੋਕ ਕਿਤੇ ਰੁਕਦੇ ਨਹੀਂ। ਹਵਾਵਾਂ ਵਾਂਗ ਹਰ ਇੱਕ ਦੇ ਤਨ ਨੂੰ ਠੰਢਾ ਬੁੱਲਾ ਦੇਣ ਲਈ ਅੱਗੇ ਵਧਦੇ ਰਹਿੰਦੇ ਹਨ। ਇਸੇ ਤਰ੍ਹਾਂ ਕਵੀ ਰਿਸ਼ਤਿਆਂ ਦੀ ਧਰਾਤਲ 'ਤੇ ਰਹਿੰਦਿਆਂ ਰਿਸ਼ਤਿਆਂ ਦੀ ਆਪਸੀ ਸਾਂਝ ਦਾ ਖ਼ੂਬਸੂਰਤ ਚਿਤਰਨ ਕਰਦਾ ਹੈ। ਕਵੀ ਆਪਣੀ ਹਰ ਕਵਿਤਾ ਵਿੱਚ ਮਨੁੱਖ ਨੂੰ ਉਸ ਦੇ ਫਰਜ਼ਾਂ ਪ੍ਰਤੀ ਸੁਚੇਤ ਕਰਦਾ ਨਜ਼ਰ ਆਉਂਦਾ ਹੈ। ਉਹ ਗੁਰੂ ਨੂੰ ਵਡਿਆਉਂਦਾ ਹੈ। ਮੁਹੱਬਤ ਦੀ ਵਰਖਾ ਦੀਆਂ ਬੂੰਦਾਂ ਨੂੰ ਸਵਾਤੀ ਬੂੰਦਾਂ ਸਮਝਦਾ ਹੈ। ਮਨੁੱਖ ਨੂੰ ਆਪਣੇ ਅੰਦਰਲੇ ਈਰਖਾ ਤੇ ਸਾੜੇ ਨੂੰ ਤਿਆਗ ਪਿਆਰ, ਸਾਂਝੀਵਾਲਤਾ, ਇੱਕ-ਦੂਜੇ ਲਈ ਜਿਉਣ ਦਾ ਸਬਕ ਸਿੱਖਣ ਲਈ ਕਹਿੰਦਾ ਹੈ। ਇਹ ਪੁਸਤਕ ਦੀਆਂ ਸਾਰੀਆਂ ਹੀ ਕਵਿਤਾਵਾਂ ਬਹੁਤ ਖ਼ੂਬਸੂਰਤ ਤੇ ਫੁੱਲਾਂ ਦੀ ਸੁਗੰਧੀ ਨਾਲ ਭਰਪੂਰ ਹਨ। ਖ਼ੂਬਸੂਰਤ ਕਾਵਿ ਸਿਰਜਣਾ ਵਾਲੇ ਕਾਵਿ ਸੰਗ੍ਰਹਿ ਦਾ ਭਰਪੂਰ ਸਵਾਗਤ ਤੇ ਮੁਬਾਰਕਬਾਦ।

**- ਰਾਮਪਾਲ ਸ਼ਾਹਪੁਰੀ (ਡਾ.)**

## ਰਾਹਾਂ ਦੀ ਤਲਾਸ਼

**ਸੰਜੀਵ ਸਿੰਘ ਸੈਣੀ**
**ਪੰਨੇ-100, ਮੁੱਲ-200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

'ਰਾਹਾਂ ਦੀ ਤਲਾਸ਼' ਪੁਸਤਕ ਦਾ ਰਚੇਤਾ ਸੰਜੀਵ ਸਿੰਘ ਸੈਣੀ ਹੈ। ਇਸ ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਲੇਖ ਹਨ। ਪੁਸਤਕ ਵਿਚਲੇ ਸਾਰੇ ਲੇਖ ਵਰਤਮਾਨ ਸਮੇਂ ਦੀਆਂ ਸਮੱਸਿਆਵਾਂ ਨੂੰ ਦਰਸਾਉਂਦੇ ਹੀ ਨਹੀਂ, ਸਗੋਂ ਉਹਨਾਂ ਸਮੱਸਿਆਵਾਂ ਦਾ ਹੱਲ ਕਰਦੇ ਹੋਏ ਨਜ਼ਰ ਆਉਂਦੇ ਹਨ। ਅਜੋਕੇ ਸਮੇਂ ਅਸੀਂ ਦੇਖਦੇ ਆਂ ਕਿ ਸਾਡੇ ਨੌਜਵਾਨ ਬੱਚੇ, ਰਿਸ਼ਤੇ, ਸੱਭਿਆਚਾਰ ਆਦਿ ਕਿਧਰੇ ਗਵਾਚ ਗਏ ਨਜ਼ਰ ਆਉਂਦੇ ਹਨ ਤੇ ਲੇਖਕ ਨੇ ਪੁਸਤਕ ਵਿਚਲੇ ਲੇਖਾਂ ਵਿੱਚ ਇਹਨਾਂ ਨੂੰ ਖ਼ੂਬ ਉਭਾਰਿਆ ਹੈ। ਪੁਸਤਕ ਵਿਚਲਾ ਪਹਿਲਾ ਲੇਖ 'ਕਿਤੇ ਤੁਸੀਂ ਗੈਸ ਲਾਈਟਿੰਗ ਦਾ ਸ਼ਿਕਾਰ ਤਾਂ ਨਹੀਂ ਹੋ' ਵਿੱਚ ਮਨੋਵਿਗਿਆਨਕ ਧੋਖੇ ਦਾ ਬਹੁਤ ਹੀ ਬਾਰੀਕੀ ਨਾਲ ਜ਼ਿਕਰ ਕੀਤਾ ਗਿਆ ਹੈ। 'ਮਾਂ ਪਿਓ ਬੱਚਿਆਂ ਦੇ ਆਦਰਸ਼ ਬਣਨ' ਲੇਖ ਵਿੱਚ ਮਾਪਿਆਂ ਨੂੰ ਬੱਚਿਆਂ ਦੀ ਗਲਤੀ ਤੇ ਸਮਝਾਉਣ ਲਈ ਕਿਹਾ ਗਿਆ ਹੈ। 'ਜੀਵਨ ਨੂੰ ਸਹਿਣਸ਼ੀਲ ਤੇ ਤਜਰਬੇਕਾਰ ਬਣਾਉਂਦੀਆਂ ਨੇ ਸਮੱਸਿਆਵਾਂ' ਵਿੱਚ ਲੇਖਕ ਨੇ ਦੱਸਿਆ ਹੈ ਕਿ ਇਨਸਾਨ ਨੂੰ ਸਮੱਸਿਆਵਾਂ ਦਾ ਟਾਕਰਾ ਕਰਦੇ ਰਹਿਣਾ ਚਾਹੀਦਾ ਹੈ। ਇਸੇ ਤਰ੍ਹਾਂ ਪੁਸਤਕ ਵਿੱਚ ਹੋਰ ਵੀ ਲੇਖ ਹਨ, ਜੋ ਕਿ ਨਵੀਨ ਸਮੱਸਿਆਵਾਂ ਨੂੰ ਉਜਾਗਰ ਕਰਦੇ ਹਨ, ਜਿਵੇਂ ਸਮੇਂ ਦੀ ਮੁੱਖ ਲੋੜ ਹੈ ਪੁਲਸ ਵਿਭਾਗ ਵਿੱਚ ਸੁਧਾਰ, ਪਾਣੀ ਦਾ ਡੂੰਘਾ ਹੋ ਰਿਹਾ ਸੰਕਟ, ਮੰਜ਼ਲਾਂ ਉਮਰਾਂ ਦੀਆਂ ਮੁਹਤਾਜ ਨਹੀਂ ਹੁੰਦੀਆਂ, ਰਾਸ਼ਟਰੀ ਤਰੱਕੀ ਵਿਚ ਨੌਜਵਾਨ ਵਰਗ ਦੀ ਅਹਿਮ ਭੂਮਿਕਾ, ਆਨਲਾਈਨ ਗੇਮ 'ਤੇ ਲੱਗੇ ਪੂਰਨ ਪਾਬੰਦੀ, ਵਰਤਮਾਨ ਨੂੰ ਮਾਣੋ, ਭਵਿੱਖ ਨੂੰ ਸ਼ਿੰਗਾਰੋ, ਸੁੱਖ, ਚੈਨ ਤੇ ਸਕੂਨ ਕਿੱਥੇ ਚਲਾ ਗਿਆ ਆਦਿ ਲੇਖ ਬਹੁਤ ਹੀ ਪ੍ਰਭਾਵਸ਼ਾਲੀ ਹਨ। ਸਾਰੇ ਲੇਖ ਪੜ੍ਹ ਕੇ ਇੰਜ ਮਹਿਸੂਸ ਹੁੰਦਾ ਹੈ, ਜਿਵੇਂ ਸੱਚਮੁੱਚ ਹੀ ਮਨੁੱਖ ਹੁਣ ਕਿਧਰੇ ਗਵਾਚ ਗਿਆ ਹੈ ਤੇ ਉਹ ਸੁਆਰਥੀ ਕਿਸਮ ਦਾ ਹੋ ਗਿਆ ਹੈ। 'ਸੱਚ ਦਾ ਸਾਹਮਣਾ' ਲੇਖ ਵਿੱਚ ਲੇਖਕ ਨੇ ਜ਼ਿੰਦਗੀ ਦੇ ਸੱਚ ਨੂੰ ਸਾਡੇ ਸਾਹਮਣੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਲੇਖਕ ਨੇ ਦੱਸਿਆ ਹੈ ਕਿਸੇ ਨੇ ਇਸ ਸੰਸਾਰ ਵਿੱਚ ਨਹੀਂ ਰਹਿਣਾ, ਹਰ ਇੱਕ ਨੇ ਆਪਣੇ ਕਰਮਾਂ ਅਨੁਸਾਰ ਚਲੇ ਜਾਣਾ ਹੁੰਦਾ ਹੈ। ਇਸ ਲਈ ਸਾਨੂੰ ਹਮੇਸ਼ਾ ਚੰਗੇ ਕੰਮ ਕਰਨੇ ਚਾਹੀਦੇ ਹਨ। ਇਸ ਲੇਖ ਨੂੰ ਲੇਖਕ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਹੈ। 'ਪਰਮਾਤਮਾ ਵੱਲੋਂ ਮਿਲਿਆ ਤੋਹਫਾ ਹੈ ਜ਼ਿੰਦਗੀ' ਲੇਖ ਵਿੱਚ ਇਨਸਾਨ ਨੂੰ ਵਿਅਸਤ ਰਹਿਣ, ਚੰਗੇ ਕੰਮ ਕਰਨ ਦੀ ਸਲਾਹ ਦਿੱਤੀ ਹੈ। 'ਆਪਣੀਆਂ ਖਾਮੀਆਂ ਤੇ ਊਣਤਾਈਆਂ ਨੂੰ ਦੂਰ ਕਰਕੇ ਅੱਗੇ ਵਧੋ' ਲੇਖ ਨਿਮਰ, ਸਹਿਜ, ਹੰਕਾਰ ਤੋਂ ਦੂਰ ਰਹਿਣ ਦੀ ਸਿੱਖਿਆ ਦਿੰਦਾ ਹੈ। 'ਆਓ ਜਾਣੀਏ ਖ਼ੁਸ਼ ਕਿੰਝ ਰਹਿਣਾ ਹੈ' ਵਿੱਚ ਲੇਖਕ ਨੇ ਅਸਲੀ ਖ਼ੁਸ਼ੀ ਸਕੂਨ, ਪਰਮਾਤਮਾ ਦੀ ਬੰਦਗੀ, ਲੋੜਵੰਦਾਂ ਦੀ ਮਦਦ, ਸਾਦਾ ਜੀਵਨ ਜਿਉਣ ਵਿੱਚ ਦੱਸੀ ਹੈ। ਰਿਸ਼ਤਿਆਂ ਨੂੰ ਨਿਭਾਉਣ ਲਈ ਆਪਸੀ ਮਤਭੇਦ ਭੁਲਾਈਏ ਲੇਖ ਰਿਸ਼ਤਿਆਂ ਦੀ ਸਹੀ ਪਰਿਭਾਸ਼ਾ ਨੂੰ ਦਰਸਾਉਂਦਾ ਹੈ। 'ਵਾਹਨਾਂ 'ਤੇ ਲੱਗੀਆਂ ਨੰਬਰ ਪਲੇਟਾਂ ਦੀ ਹੋ ਰਹੀ ਦੁਰਵਰਤੋਂ' ਵਿੱਚ ਲੇਖਕ ਨੇ ਅੱਜ ਦੀ ਪੀੜ੍ਹੀ ਨੂੰ ਤਾੜਿਆ ਹੈ ਤੇ ਵਾਹਨਾਂ ਪ੍ਰਤੀ ਹੋ ਰਹੀ ਲਾਪਰਵਾਹੀ ਬਾਰੇ ਖ਼ੂਬ ਚਾਨਣਾ ਪਾਇਆ ਹੈ। ਇਸੇ ਤਰ੍ਹਾਂ ਹੋਰ ਵੀ ਅਜਿਹੇ ਲੇਖ ਹਨ, ਜਿਹਨਾਂ ਵਿੱਚ ਲੇਖਕ ਨੇ ਵਧੀਆ ਤਰੀਕੇ ਨਾਲ ਇਨਸਾਨ ਨੂੰ ਸਿੱਖਿਆ ਦਿੱਤੀ ਹੈ ਕਿ ਉਸ ਨੂੰ ਬਜ਼ੁਰਗਾਂ ਪ੍ਰਤੀ ਪਿਆਰ, ਦੋਸਤਾਂ-ਮਿੱਤਰਾਂ ਪ੍ਰਤੀ ਚੰਗਾ ਰਵੱਈਆ, ਸੜਕੀ ਨਿਯਮਾਂ ਦੀ ਉਲੰਘਣਾ, ਲਾਇਬਰੇਰੀ ਸੱਭਿਆਚਾਰ ਦੀ ਸੰਭਾਲ, ਵਧ ਰਹੀ ਸਕਰੀਨ ਦੀ ਵਰਤੋਂ, ਇਕਹਿਰੇ ਪਰਵਾਰ ਬਾਰੇ, ਵਿਦਿਅਕ ਢਾਂਚੇ ਵਿੱਚ ਸੁਧਾਰ ਆਦਿ ਬਾਰੇ ਸੋਚਣ ਦੀ ਲੋੜ ਹੈ। ਜੇ ਅਸੀਂ ਹੁਣ ਲਾਪਰਵਾਹੀ ਵਰਤੀ ਤਾਂ ਇਸ ਦੇ ਨਤੀਜੇ ਖਤਰਨਾਕ ਹੋ ਸਕਦੇ ਹਨ। ਸੋ ਇਹ ਪੁਸਤਕ ਵਰਤਮਾਨ ਸਮੇਂ ਦੇ ਹਾਲਾਤ ਪ੍ਰਤੀ ਚੰਗਾ ਹੁੰਗਾਰਾ ਭਰਨ ਵਿੱਚ ਸਫਲ ਹੈ। ਲੇਖਕ ਦੀ ਸ਼ੈਲੀ ਇੰਨੀ ਪ੍ਰਭਾਵਸ਼ਾਲੀ ਹੈ ਕਿ ਜੇ ਇੱਕ ਵਾਰ ਇਸ ਦੀ ਰਚਨਾ ਪੜ੍ਹ ਬੈਠਿਆ ਜਾਵੇ ਤਾਂ ਅਸੀਂ ਅੱਧ ਵਿਚਾਲੇ ਨਹੀਂ ਛੱਡ ਸਕਦੇ। ਲੇਖਕ ਨੇ ਸਾਰੇ ਲੇਖਾਂ ਵਿੱਚ ਨਵੇਂ-ਨਵੇਂ ਤਰੀਕਿਆਂ ਨੂੰ ਦਰਸਾਇਆ ਹੈ। ਲੇਖਕ ਅਨੁਸਾਰ ਮਨੁੱਖ ਨੂੰ ਆਪਣਾ ਜੀਵਨ ਸੁਚੱਜਾ ਬਣਾਉਣਾ ਚਾਹੀਦਾ ਹੈ। ਕੁਦਰਤ ਨਾਲ ਪਿਆਰ ਰੱਖਣਾ ਚਾਹੀਦਾ ਹੈ। ਵਾਤਾਵਰਨ ਦੀ ਸੰਭਾਲ ਕਰਨੀ ਚਾਹੀਦੀ ਹੈ। ਲੇਖਕ ਕੋਲ ਸ਼ਬਦਾਂ ਦਾ ਵਿਸ਼ਾਲ ਭੰਡਾਰ ਹੈ। ਲੇਖਕ ਨੇ ਅਜੋਕੀ ਨਵੀਂ ਪੀੜ੍ਹੀ ਨਾਲ ਸੰਬੰਧਤ ਹਰ ਇੱਕ ਵਿਸ਼ੇ 'ਤੇ ਭਰਪੂਰ ਵਿਚਾਰ-ਚਰਚਾ ਕੀਤੀ ਹੈ। ਇਹ ਪੁਸਤਕ ਵਰਤਮਾਨ ਪੀੜ੍ਹੀ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ।




**- ਇੰਦਰਪ੍ਰੀਤ ਕੌਰ**
ਮੋਬਾ. 98886-90280

# 'ਵਨ ਉਪਵਨ' ਲੋਕ ਅਰਪਣ ਤੇ ਕਾਵਿ-ਚੇਤਨਾ ਨੂੰ ਸਮਰਪਿਤ ਗੋਸ਼ਟੀ

**ਚੰਡੀਗੜ੍ਹ** : ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਨਾਦ ਪ੍ਰਗਾਸੁ, ਸ੍ਰੀ ਅੰਮ੍ਰਿਤਸਰ ਵੱਲੋਂ ਸਾਂਝੇ ਤੌਰ 'ਤੇ ਪ੍ਰਸਿੱਧ ਕਵੀ ਸਵ. ਪ੍ਰਕਾਸ਼ ਪ੍ਰਭਾਕਰ ਦੀ ਕਾਵਿ-ਰਚਨਾ 'ਤੇ ਕੇਂਦਰਿਤ ਪੁਸਤਕ ਲੋਕ ਅਰਪਣ ਅਤੇ ਗੋਸ਼ਟੀ ਦਾ ਆਯੋਜਨ ਪੰਜਾਬ ਯੂਨੀਵਰਸਿਟੀ ਦੇ ਆਈ.ਸੀ.ਐੱਸ.ਐੱਸ.ਆਰ. ਹਾਲ ਵਿਖੇ ਕੀਤਾ ਗਿਆ। ਇਸ ਮੌਕੇ ਪ੍ਰਕਾਸ਼ ਪ੍ਰਭਾਕਰ ਦੀਆਂ ਕਵਿਤਾਵਾਂ ਦੀ ਸੰਪਾਦਿਤ ਪੁਸਤਕ 'ਵਨ ਉਪਵਨ' ਨੂੰ ਲੋਕ ਅਰਪਣ ਕੀਤਾ ਗਿਆ।

ਪ੍ਰੋਗਰਾਮ ਦੇ ਆਰੰਭ ਵਿੱਚ ਪ੍ਰੋ. ਪਰਮਜੀਤ ਕੌਰ ਸਿੱਧੂ, ਮੁਖੀ, ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਸਮੂਹ ਮਹਿਮਾਨਾਂ, ਵਿਦਵਾਨਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਪ੍ਰਕਾਸ਼ ਪ੍ਰਭਾਕਰ ਦੀ ਕਵਿਤਾ ਆਪਣੀ ਸਹਿਜਤਾ, ਵਿਲੱਖਣਤਾ ਅਤੇ ਡੂੰਘੀ ਸੰਵੇਦਨਾ ਕਰਕੇ ਪਾਠਕ ਨੂੰ ਆਪਣੇ ਨਾਲ ਜੋੜਦੀ ਹੈ। ਉਨ੍ਹਾਂ ਕਿਹਾ ਕਿ ਲੰਮੇ ਅੰਤਰਾਲ ਤੋਂ ਬਾਅਦ ਉਨ੍ਹਾਂ ਦੀ ਕਵਿਤਾ 'ਤੇ ਹੋ ਰਹੀ ਇਹ ਚਰਚਾ ਉਨ੍ਹਾਂ ਦੀ ਕਾਵਿ-ਵਿਰਾਸਤ ਨੂੰ ਨਵੇਂ ਸੰਦਰਭਾਂ ਵਿੱਚ ਸਮਝਣ ਦਾ ਮੌਕਾ ਪ੍ਰਦਾਨ ਕਰੇਗੀ। ਇਸ ਉਪਰੰਤ ਸਵ. ਪ੍ਰਕਾਸ਼ ਪ੍ਰਭਾਕਰ ਦੀ ਧਰਮਪਤਨੀ ਨੇ ਉਨ੍ਹਾਂ ਦੇ ਜੀਵਨ ਨਾਲ ਜੁੜੇ ਭਾਵੁਕ ਪਲਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਕਾਵਿਕ ਸਫ਼ਰ ਅਤੇ ਰਚਨਾਤਮਕ ਜੀਵਨ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ। 'ਵਨ ਉਪਵਨ' ਦੇ ਸੰਪਾਦਕ ਸੰਦੀਪ ਸ਼ਰਮਾ ਨੇ ਪੁਸਤਕ ਦੀ ਸੰਪਾਦਨਾ ਦੀ ਪ੍ਰਕਿਰਿਆ ਅਤੇ ਪ੍ਰਕਾਸ਼ ਪ੍ਰਭਾਕਰ ਦੀ ਕਵਿਤਾ ਦੇ ਵੱਖ-ਵੱਖ ਪੱਖਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਦੱਸਿਆ ਕਿ ਇਸ ਪੁਸਤਕ ਰਾਹੀਂ ਪ੍ਰਭਾਕਰ ਦੀ ਕਾਵਿ-ਦ੍ਰਿਸ਼ਟੀ ਅਤੇ ਰਚਨਾਤਮਕ ਵਿਰਾਸਤ ਨੂੰ ਨਵੇਂ ਪਾਠਕਾਂ ਤੱਕ ਪਹੁੰਚਾਉਣ ਦਾ ਯਤਨ ਕੀਤਾ ਗਿਆ ਹੈ।



ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਪ੍ਰੋ. ਗੁਰਪਾਲ ਸਿੰਘ ਸੰਧੂ ਨੇ ਕਿਹਾ ਕਿ ਪ੍ਰਕਾਸ਼ ਪ੍ਰਭਾਕਰ ਦੀ ਕਵਿਤਾ ਵਿੱਚ ਸਿਧਾਂਤ ਅਤੇ ਨੇਮਾਂ ਨਾਲ ਜੁੜੇ ਅਨੇਕਾਂ ਸਵਾਲਾਂ ਦੇ ਜਵਾਬ ਤਲਾਸ਼ੇ ਜਾ ਸਕਦੇ ਹਨ। ਉਨ੍ਹਾਂ ਨੇ ਪ੍ਰਭਾਕਰ ਜੀ ਨਾਲ ਆਪਣੀ ਨਿੱਜੀ ਸਾਂਝ ਅਤੇ ਯਾਦਾਂ ਨੂੰ ਵੀ ਸਾਂਝਾ ਕੀਤਾ। ਪ੍ਰੋ. ਯੋਗਰਾਜ ਅੰਗਰਿਸ਼ ਨੇ ਪ੍ਰਭਾਕਰ ਦੀ ਕਵਿਤਾ ਵਿੱਚ ਮੌਜੂਦ ਮਾਸੂਮੀਅਤ ਅਤੇ ਰੂਹਾਨੀਅਤ ਨੂੰ ਰੇਖਾਂਕਿਤ ਕਰਦਿਆਂ ਇਸ ਦੇ ਵਿਲੱਖਣ ਕਾਵਿ-ਸੁਭਾਅ ਬਾਰੇ ਵਿਚਾਰ ਪ੍ਰਗਟ ਕੀਤੇ। ਪ੍ਰੋ. ਸਰਬਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਕਵਿਤਾ ਆਧੁਨਿਕ ਤੇਵਰ ਵਾਲੀ ਕਵਿਤਾ ਹੈ, ਜੋ ਪਾਠਕ ਨੂੰ ਅਰਥਾਂ ਦੀ ਸਿਰਜਣਾ ਲਈ ਵੱਡੀ ਆਜ਼ਾਦੀ ਪ੍ਰਦਾਨ ਕਰਦੀ ਹੈ। ਡਾ. ਪ੍ਰਵੀਨ ਕੁਮਾਰ ਨੇ ਪ੍ਰਭਾਕਰ ਦੀ ਕਵਿਤਾ ਨੂੰ 'ਪ੍ਰੇਮ ਦੀ ਕਵਿਤਾ' ਦੱਸਦਿਆਂ ਇਸ ਵਿੱਚ ਮੌਜੂਦ ਮਨੁੱਖੀ ਸੰਵੇਦਨਾ ਨੂੰ ਉਜਾਗਰ ਕੀਤਾ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪਹੁੰਚੇ ਪ੍ਰੋ. ਰਜਿੰਦਰਪਾਲ ਬਰਾੜ ਨੇ ਪ੍ਰਕਾਸ਼ ਪ੍ਰਭਾਕਰ ਨਾਲ ਜੁੜੀਆਂ ਆਪਣੀਆਂ ਜੀਵਨ-ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਉਹ ਕਿਸੇ ਖਾਸ ਸਮੇਂ ਜਾਂ ਵਕਤ ਦੇ ਕਵੀ ਨਹੀਂ ਸਨ, ਸਗੋਂ ਸ਼ਖ਼ਸੀਅਤ ਅਤੇ ਕਾਵਿ-ਦ੍ਰਿਸ਼ਟੀ ਪੱਖੋਂ ਪਰਪੱਕ ਕਵੀ ਸਨ। ਵਿਚਾਰ-ਚਰਚਾ ਦੌਰਾਨ ਡਾ. ਇਮਰਤਪਾਲ ਸਿੰਘ, ਡਾ. ਅਮਰਜੀਤ ਸਿੰਘ, ਅਲਮਿੱਤਰਾ ਪ੍ਰਭਾਕਰ, ਇਸਿਜ ਪ੍ਰਭਾਕਰ, ਡਾ. ਦਵਿੰਦਰ ਸਿੰਘ ਅਤੇ ਹੀਰਾ ਸਿੰਘ ਨੇ ਵੀ ਸਰਗਰਮੀ ਨਾਲ ਭਾਗ ਲੈਂਦਿਆਂ ਪ੍ਰਕਾਸ਼ ਪ੍ਰਭਾਕਰ ਦੀ ਕਵਿਤਾ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਨਾਲ ਜੁੜੇ ਵੱਖ-ਵੱਖ ਪੱਖਾਂ 'ਤੇ ਆਪਣੇ ਵਿਚਾਰ ਪੇਸ਼ ਕੀਤੇ।ਪ੍ਰੋਗਰਾਮ ਦੇ ਅੰਤ ਵਿੱਚ ਪ੍ਰੋ. ਜਗਦੀਸ਼ ਸਿੰਘ, ਡਾਇਰੈਕਟਰ, ਨਾਦ ਪ੍ਰਗਾਸੁ, ਸ੍ਰੀ ਅੰਮ੍ਰਿਤਸਰ ਨੇ ਸਮਾਗਮ ਵਿੱਚ ਸ਼ਾਮਲ ਸਮੂਹ ਵਿਦਵਾਨਾਂ, ਖੋਜਾਰਥੀਆਂ, ਵਿਦਿਆਰਥੀਆਂ ਅਤੇ ਪਰਿਵਾਰਕ ਮੈਂਬਰਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਡਾ. ਹਰਕਮਲਪ੍ਰੀਤ ਸਿੰਘ ਨੇ ਬਾਖੂਬੀ ਨਿਭਾਈ।ਇਸ ਸਾਹਿਤਕ ਸਮਾਗਮ ਵਿੱਚ ਖੋਜਾਰਥੀਆਂ ਅਤੇ ਵਿਦਿਆਰਥੀਆਂ ਤੋਂ ਇਲਾਵਾ ਸਵ. ਪ੍ਰਕਾਸ਼ ਪ੍ਰਭਾਕਰ ਦੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਸਾਹਿਤ-ਪ੍ਰੇਮੀਆਂ ਨੇ ਵੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। 'ਵਨ ਉਪਵਨ' ਦੇ ਲੋਕ ਅਰਪਣ ਨਾਲ ਪ੍ਰਕਾਸ਼ ਪ੍ਰਭਾਕਰ ਦੀ ਕਾਵਿ-ਵਿਰਾਸਤ ਨੂੰ ਮੁੜ ਸਾਹਿਤਕ ਸੰਵਾਦ ਦੇ ਕੇਂਦਰ ਵਿੱਚ ਲਿਆਉਣ ਦਾ ਇੱਕ ਮਹੱਤਵਪੂਰਨ ਉਪਰਾਲਾ ਹੋਇਆ।

# ਸਾਹਿਤ ਸਭਾ ਜਗਰਾਉਂ ਦੀ ਮਾਸਿਕ ਇਕੱਤਰਤਾ



**ਜਗਰਾਉਂ** : ਸਾਹਿਤ ਸਭਾ ਜਗਰਾਉਂ ਦੀ ਮਾਸਿਕ ਇਕੱਤਰਤਾ ਚ ਸਭਾ ਦੇ ਸਮੂਹ ਮੈਂਬਰਾਂ ਨੇ ਸ਼ਿਰਕਤ ਕੀਤੀ। ਸਭਾ ਦਾ ਆਗਾਜ਼ ਜਨਰਲ ਸਕੱਤਰ ਪ੍ਰੋ: ਐਚ ਐੱਸ ਡਿੰਪਲ ਵਲੋਂ ਆਰੰਭਕ ਸ਼ਬਦ ਬੋਲਣ ਨਾਲ ਹੋਇਆ, ਜਿਸ ਉਪਰੰਤ ਸਭਾ ਪ੍ਰਧਾਨ ਸ੍ਰ: ਮੇਜਰ ਸਿੰਘ ਛੀਨਾ ਨੇ ਸਮਾਜ ਵਿੱਚ ਸਾਹਿਤ ਦੀ ਭੂਮਿਕਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਤੇ ਪਿਛਲੇ ਦਿਨੀਂ ਅਕਾਲ ਚਲਾਣਾ ਕਰਨ ਵਾਲੇ ਸਾਹਿਤਕ *ਫੋਟੋਗ੍ਰਾਫ਼ਰ ਜਨਾਬ ਹਰਿਭਜਨ ਬਾਜਵਾ ਪ੍ਰਤੀ ਦੁੱਖ* ਦਾ ਪ੍ਰਗਟਾਵਾ ਕੀਤਾ ਗਿਆ। ਇਸਦੇ ਇਲਾਵਾ ਚੋਣਾਂ ਦੀ ਵਿਸ਼ੇਸ਼ ਤੀਖਣ ਸੁਧਾਈ ਬਾਰੇ ਨਿੱਠ ਕੇ ਵਿਚਾਰ-ਚਰਚਾ ਹੋਈ ਅਤੇ ਚੋਣ ਆਯੋਗ ਦੀ ਭੂਮਿਕਾ ਬਾਰੇ ਇੰਡੀਅਨ ਐਕਸਪ੍ਰੈਸ ਦੀ ਪੱਤਰਕਾਰ ਰਿੱਤੀਕਾ ਚੌਧਰੀ ਦੀ ਰਿਪੋਰਟ ਤੇ ਸੰਵਾਦ ਰਚਾਇਆ ਗਿਆ। ਪ੍ਰਵਾਸੀ ਮਜ਼ਦੂਰਾਂ ਦੇ ਮੁੱਦੇ ਨੂੰ ਵੀ ਵਿਚਾਰਿਆ ਗਿਆ। ਸ਼ਾਇਰ ਜਸਪ੍ਰੀਤ ਸਿੰਘ 'ਸਮਰਾ' ਇਸ ਸਮਾਗਮ ਵਿੱਚ ਮਹਿਮਾਨ ਵਜੋਂ ਮੌਜੂਦ ਰਹੇ।ਉਪਰੰਤ ਸ਼ਾਇਰੀ ਦੀ ਮਜਲਿਸ ਸਜਾਈ ਗਈ, ਜਿਸ ਵਿੱਚ ਹਰਕੋਮਲ ਬਰਿਆਰ, ਗੁਰਜੀਤ ਸਿੰਘ ਸਹੋਤਾ, ਹਰਬੰਸ ਸਿੰਘ ਅਖਾੜਾ, ਅਵਤਾਰ ਜਗਰਾਉਂ, ਰਾਜਦੀਪ ਤੂਰ, ਅਜੀਤ ਪਿਆਸਾ, ਸਭਾ ਦੇ ਪ੍ਰਧਾਨ ਮੇਜਰ ਸਿੰਘ ਛੀਨਾ, ਪ੍ਰੋ: ਐਚ ਐੱਸ ਡਿੰਪਲ ਨੇ ਕਵਿਤਾ ਪਾਠ ਕੀਤਾ। ਡਿੰਪਲ ਵਲੋਂ ਹਰੇਕ ਕਵੀ ਦੀ ਕਵਿਤਾ ਨੂੰ ਆਲੋਚਨਾ ਦੇ ਘੇਰੇ ਵਿੱਚ ਲਿਆ, ਜਦੋਂ ਕਿ ਸਭਾ ਦੀ ਇਹ ਬੈਠਕ ਇੱਕ ਵਰਕਸ਼ਾੱਪ ਦੇ ਰੂਪ ਵਿੱਚ ਉਣੀ-ਬੁਣੀ ਗਈ ਸੀ, ਜਿਸ ਵਿੱਚ ਉਸਤਾਦ ਕਵੀਆਂ ਵਲੋਂ ਨਵੇਂ-ਪੁਰਾਣੇ ਕਵੀਆਂ ਨੂੰ ਸੇਧਾਂ ਤੇ ਸਾਰਾਂ ਦਿੱਤੀਆਂ। ਡਾ: ਜਸਵੰਤ ਸਿੰਘ ਢਿੱਲੋਂ ਵਲੋਂ ਆਪਣੀਆਂ 'ਯਾਦਾਂ' ਨਾਲ ਸਾਂਝ ਪਵਾਈ ਗਈ।ਉਪਰੰਤ ਪ੍ਰਵਾਸੀ ਸ਼ਾਇਰਾ ਬਿੰਦੂ ਦਲਵੀਰ ਕੌਰ ਦੀ ਤੀਜੀ ਕਾਵਿ-ਕਿਤਾਬ 'ਮਨ-ਬਉਰਾ' ਨੂੰ ਇਸ ਮੌਕੇ ਲੋਕ-ਅਰਪਣ ਵੀ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਪ੍ਰਧਾਨ ਮੇਜਰ ਸਿੰਘ ਛੀਨਾ ਜੀ ਵਲੋਂ ਤਮਾਮ ਸਰੋਤਿਆਂ ਤੇ ਹਾਜ਼ਰੀਨ ਦਾ ਸ਼ੁਕਰੀਆ ਅਦਾ ਕੀਤਾ।

# ਸ਼ਬਦ : ਸੁਰਿੰਦਰ ਗੀਤ ਵਿਸ਼ੇਸ਼ ਅੰਕ ਲੋਕ-ਅਰਪਣ

**ਕੈਲਗਰੀ** : ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਕੋਸੋ ਹਾਲ ਵਿੱਚ ਉੱਘੇ ਸੁਹਿਰਦ ਤੇ ਹਰਮਨ ਪਿਆਰੇ ਪੱਤਰਕਾਰ ਪਰਮਵੀਰ ਬਾਠ ਦੀ ਪ੍ਰਧਾਨਗੀ ਵਿੱਚ ਹੋਈ। ਇਸ ਇਕੱਤਰਤਾ ਵਿੱਚ 'ਸ਼ਬਦ' ਮੈਗਜ਼ੀਨ ਦਾ 47ਵਾਂ ਅੰਕ ਜੋ ਸੁਰਿੰਦਰ ਗੀਤ ਨੂੰ ਸਮਰਪਿਤ ਵਿਸ਼ੇਸ਼ ਅੰਕ ਦੇ ਤੌਰ 'ਤੇ ਛਪਿਆ ਹੈ, ਲੋਕ-ਅਰਪਣ ਕੀਤਾ ਗਿਆ।ਰਵੀ ਸ਼ੇਰਗਿੱਲ ਦੇ ਹਵਾਲੇ ਨਾਲ ਇਹ ਅੰਕ ਸੁਰਿੰਦਰ ਗੀਤ ਦੀ ਰਚਨਾ ਨੂੰ ਇੱਕੋ ਕੋਣ ਤੋਂ ਦੇਖਣ ਦੀ ਥਾਂ ਵੱਖ-ਵੱਖ ਆਲੋਚਨਾਤਮਿਕ ਦ੍ਰਿਸ਼ਟੀ ਰਾਹੀਂ ਸਮਝਣ ਦਾ ਯਤਨ ਹੈ।ਇਸ ਵਿੱਚ ਮੁਲਾਕਾਤ, ਖੋਜ-ਪੱਤਰ ਅਤੇ ਆਲੋਚਨਾਤਮਿਕ ਲੇਖ ਉਸ ਦੀ ਸਿਰਜਣਾ ਦੇ ਸਮਾਜਿਕ, ਸੱਭਿਆਚਾਰਕ, ਨਾਰੀਵਾਦੀ, ਮਾਨਵੀ ਅਤੇ ਕਲਾਤਮਿਕ ਪੱਖਾਂ ਨੂੰ ਉਜਾਗਰ ਕਰਦੇ ਹਨ।



ਸਭਾ ਦੇ ਜਨਰਲ ਸਕੱਤਰ ਸ. ਗੁਰਦਿਆਲ ਸਿੰਘ ਖਹਿਰਾ ਨੇ ਸੁਰਿੰਦਰ ਗੀਤ ਦੇ ਰਚਨਾ ਸੰਸਾਰ ਅਤੇ ਮਿਲੇ ਮਾਣ-ਸਨਮਾਨਾਂ ਬਾਰੇ ਜਾਣਕਾਰੀ ਦਿੱਤੀ।ਪ੍ਰੋਗਰਾਮ ਦੀ ਸ਼ੁਰੂਆਤ ਸੁਰਿੰਦਰ ਗੀਤ ਦੀ ਇਕ ਗ਼ਜ਼ਲ ਨਾਲ ਕੀਤੀ ਗਈ। ਬਲਜਿੰਦਰ ਸੰਘਾ ਨੇ 'ਸ਼ਬਦ' ਮੈਗਜ਼ੀਨ, ਸੁਰਿੰਦਰ ਗੀਤ ਵਿਸ਼ੇਸ਼ ਅੰਕ ਬਾਰੇ ਬੋਲਦਿਆਂ ਕਿਹਾ ਕਿ ਅਜਿਹੇ ਅੰਕ ਲੇਖਕ ਦੀ ਸਮੁੱਚੀ ਲੇਖਣੀ ਅਤੇ ਸ਼ਖ਼ਸੀਅਤ ਨੂੰ ਜਾਨਣ ਵਿੱਚ ਬਹੁਤ ਸਹਾਈ ਹੁੰਦੇ ਹਨ। ਪੱਤਰਕਾਰ ਪਰਮਵੀਰ ਬਾਠ ਨੇ ਆਪਣੇ ਸਚਿਆਰੇ ਹੱਥਾਂ ਨਾਲ ਇਸ ਅੰਕ ਨੂੰ ਲੋਕ ਅਰਪਣ ਕੀਤਾ । ਉਹਨਾਂ ਕਿਹਾ ਕਿ ਜਿੰਦਰ ਇਕ ਤੀਖਣ ਬੁੱਧੀ ਦਾ ਮਾਲਕ ਹੈ, 'ਸ਼ਬਦ' ਮੈਗਜ਼ੀਨ ਦੇ ਵਿਸ਼ੇਸ਼ ਅੰਕ ਲਈ ਸੁਰਿੰਦਰ ਗੀਤ ਦੀ ਚੋਣ ਇਕ ਵਧੀਆ ਚੋਣ ਹੈ। ਜਗਦੇਵ ਸਿੱਧੂ ਹੁਰਾਂ ਨੇ ਕਿਹਾ ਕਿ ਇਹ ਹਥਲਾ, ਸੁਰਿੰਦਰ ਗੀਤ ਵਿਸ਼ੇਸ਼ ਅੰਕ ਬੜੀ ਮਿਹਨਤ ਅਤੇ ਸੁਚੱਜਤਾ ਨਾਲ ਤਿਆਰ ਕੀਤਾ ਗਿਆ ਹੈ। ਡਾ. ਨਰੇਸ਼ ਵੱਲੋਂ ਕੀਤੀ ਮੁਲਾਕਾਤ ਉੱਚ ਪਾਏ ਦੀ ਹੈ। ਜਗਦੇਵ ਸਿੱਧੂ ਨੇ ਦੱਸਿਆ ਕਿ ਇਸ ਵਿੱਚ ਛਪਿਆ ਹਰ ਲੇਖ ਨਵਾਂ ਹੈ । ਕੋਈ ਵੀ ਚੀਜ਼ ਇਧਰੋਂ ਉਧਰੋਂ ਨਹੀਂ ਚੁੱਕੀ ਗਈ । ਜਰਨੈਲ ਸਿੰਘ ਤੱਗੜ, ਸੋਹਣ ਸਿੰਘ ਭੁੱਚੋ, ਸੁਖਵਿੰਦਰ ਸਿੰਘ ਤੂਰ, ਮੁਨੱਵਰ ਅਹਿਮਦ, ਲਖਵਿੰਦਰ ਸਿੰਘ ਸਿੱਧੂ, ਸਰਵਨ ਸਿੰਘ, ਗੁਰਦੀਪ ਸਿੰਘ ਧਾਲੀਵਾਲ, ਇਕਬਾਲ ਕੌਰ ਭੁੱਲਰ, ਮਨਮੋਹਨ ਸਿੰਘ ਬਾਠ, ਜੈ ਸਿੰਘ ਅਤੇ ਸ੍ਰੀ ਸੁਭਾਸ਼ ਸ਼ਰਮਾ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਮੰਚ ਸੰਚਾਲਨ ਦੀ ਜ਼ੁੰਮੇਵਾਰੀ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਬੜੇ ਸੁਚੱਜੇ ਢੰਗ ਨਾਲ ਨਿਭਾਈ।

# ਭਾਰਤੀ ਸਾਹਿਤ ਅਕਾਦਮੀ ਵੱਲੋਂ 'ਖੇਡ ਸਾਹਿਤ ਦੀ ਪ੍ਰਸੰਗਿਕਤਾ' 'ਤੇ ਸਮਾਗਮ

**ਚੰਡੀਗੜ੍ਹ (ਸਰਜੀਤ ਸੁਮਨ)**–'ਕੌਮਾਂਤਰੀ ਪੱਧਰ ਉੱਤੇ ਖੇਡਾਂ ਵਿੱਚ ਤਮਗ਼ੇ ਜਿੱਤਣ ਲਈ ਖੇਡ ਸੱਭਿਆਚਾਰ ਪੈਦਾ ਕਰਨਾ ਸਮੇਂ ਦੀ ਲੋੜ ਹੈ ਅਤੇ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਵਿੱਚ ਖੇਡ ਸਾਹਿਤ ਸਭ ਤੋਂ ਮਹੱਤਵਪੂਰਨ ਯੋਗਦਾਨ ਪਾ ਸਕਦਾ ਹੈ।' ਇਹ ਗੱਲ ਓਲੰਪਿਕ ਗੋਲਡ ਮੈਡਲਿਸਟ, ਦਰੋਣਾਚਾਰਿਆ ਅਤੇ ਅਰਜੁਨਾ ਐਵਾਰਡੀ ਰਾਜਿੰਦਰ ਸਿੰਘ ਸੀਨੀਅਰ ਨੇ ਅੱਜ ਇੱਥੇ ਪੰਜਾਬ ਕਲਾ ਭਵਨ ਵਿਖੇ ਭਾਰਤੀ ਸਾਹਿਤ ਅਕਾਦਮੀ, ਦਿੱਲੀ ਵੱਲੋਂ ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਦੇ ਸਹਿਯੋਗ ਨਾਲ ਕਰਵਾਏ 'ਖੇਡ ਸਾਹਿਤ ਦੀ ਪ੍ਰਸੰਗਿਕਤਾ' ਵਿਸ਼ੇ 'ਤੇ ਸਮਾਗਮ ਦੌਰਾਨ ਕਹੀ।ਸਰਬਜੀਤ ਸਿੰਘ ਧਾਲੀਵਾਲ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਖੇਡ ਸਾਹਿਤ ਦੇ ਸੰਸਾਰ ਨਾਲ ਸਬੰਧਿਤ ਕਈ ਅਣਛੋਹੇ ਪੱਖਾਂ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਓਲੰਪਿਕ ਦੇ ਸ਼ੁਰੂਆਤੀ ਦੌਰ ਵਿੱਚ ਸਾਹਿਤ ਵੀ ਇਸ ਵੱਡ-ਆਕਾਰੀ ਖੇਡ ਮੇਲੇ ਦਾ ਹਿੱਸਾ ਹੁੰਦਾ ਸੀ ਅਤੇ ਬਕਾਇਦਾ ਸਾਹਿਤ ਦੇ ਮੁਕਾਬਲੇ ਕਰਵਾਏ ਜਾਂਦੇ ਸਨ। ਖੇਡ ਲੇਖਕ ਨਵਦੀਪ ਸਿੰਘ ਗਿੱਲ ਨੇ ਵਿਚਾਰ ਰੱਖਦਿਆਂ ਕਿਹਾ ਕਿ ਖੇਡਾਂ ਸਾਡੇ ਸੁਭਾਅ ਅਤੇ ਰਹਿਣੀ-ਬਹਿਣੀ ਵਿੱਚ ਸ਼ਾਮਲ ਹਨ।ਤਲਵਾਰਬਾਜ਼ੀ, ਨੇਜ਼ਾਬਾਜ਼ੀ, ਨਿਸ਼ਾਨੇਬਾਜ਼ੀ ਆਦਿ ਖੇਡਾਂ ਸਾਡੇ ਵਿਰਸੇ ਦਾ ਹਿੱਸਾ ਰਹੀਆਂ ਹਨ। ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਖੇਡ ਸਾਹਿਤ ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਖੇਡ ਸਾਹਿਤ ਨੇ ਖੇਡਾਂ ਅਤੇ ਖਿਡਾਰੀਆਂ ਦਾ ਇਤਿਹਾਸ ਸੰਭਾਲ ਕੇ ਰੱਖਣਾ ਹੁੰਦਾ ਹੈ।ਮਨਦੀਪ ਸਿੰਘ ਨੇ ਬੋਲਦਿਆਂ ਕਿਹਾ ਕਿ ਖੇਡਾਂ ਦੁਨੀਆ ਦੀਆਂ ਸਭ ਤੋਂ ਪ੍ਰਾਚੀਨ ਸਭਿਅਤਾਵਾਂ ਵਿੱਚੋਂ ਇੱਕ ਹਨ। ਖੇਡਾਂ ਸਾਨੂੰ ਸਹਿਯੋਗ ਅਤੇ ਰਲ਼-ਮਿਲ ਕੇ ਰਹਿਣਾ ਸਿਖਾਉਂਦੀਆਂ ਹਨ।ਇਸ ਮੌਕੇ ਪ੍ਰਧਾਨਗੀ ਮੰਡਲ ਵੱਲੋਂ ਓਲੰਪੀਅਨ ਰਾਜਿੰਦਰ ਸਿੰਘ ਸੀਨੀਅਰ ਦਾ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਸਮਾਗਮ ਦੇ ਕੋਆਰਡੀਨੇਟਰ ਜਗਦੀਪ ਸਿੱਧੂ ਨੇ ਕੀਤਾ। ਸਮਾਗਮ ਵਿੱਚ ਸੁਰਿੰਦਰ ਗਿੱਲ, ਪੀ., ਚਰਨਜੀਤ ਬਾਠ, ਭੁਪਿੰਦਰ ਮਲਿਕ, ਵਰਿੰਦਰ ਸਿੰਘ, ਅਵਤਾਰ ਸਿੰਘ ਪਤੰਗ, ਮਨਿੰਦਰ ਸਿੰਘ ਢਿੱਲੋਂ, ਪਵਨਦੀਪ, ਰਾਜਪਾਲ ਸਿੰਘ, ਸਰਬਜੀਤ ਸਿੰਘ ਪੱਡਾ ਆਦਿ ਨੇ ਸ਼ਿਰਕਤ ਕੀਤੀ।



# ਪੰਜਾਬੀ ਸਾਹਿਤ ਸਭਾ ਬਰਨਾਲਾ ਵੱਲੋਂ ਨਾਵਲ 'ਹਮ ਐਸੇ ਅਪਰਾਧੀ' 'ਤੇ ਗੋਸ਼ਟੀ



**ਬਰਨਾਲਾ** : ਪੰਜਾਬੀ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ ਵਿਖੇ ਨਾਵਲਕਾਰ ਬਸੰਤ ਕੁਮਾਰ ਰਤਨ ਨੂੰ ਸਮਰਪਿਤ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਹਰਿਭਗਵਾਨ ਸ਼ਰਮਾ ਨੇ ਬਸੰਤ ਕੁਮਾਰ ਰਤਨ ਨਾਲ ਆਪਣੀਆਂ ਯਾਦਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਉਹਨਾਂ ਨੇ ਸਾਰੀ ਉਮਰ ਸਾਦਗੀ ਭਰਿਆ ਜੀਵਨ ਜਿਉਂਦੇ ਹੋਏ ਰਾਹ-ਦਸੇਰੇ ਬਣ ਕੇ ਆਪਣੇ ਵਿਦਿਆਰਥੀਆਂ ਨੂੰ ਸਾਹਿਤ ਨਾਲ ਜੋੜਿਆ। ਵਿਨੋਦ ਅਨੀਕੇਤ ਨੇ ਜਿੱਥੇ ਬਸੰਤ ਕੁਮਾਰ ਰਤਨ ਨੂੰ ਯਾਦ ਕੀਤਾ, ਉੱਥੇ ਉਹਨਾਂ ਦੇ ਸਾਰੇ ਨਾਵਲਾਂ ਨੂੰ ਇਕ ਜਿਲਦ ਵਿੱਚ ਛਪਵਾਉਣ ਦਾ ਵਾਅਦਾ ਵੀ ਕੀਤਾ। ਸਮਾਗਮ ਦੇ ਅਗਲੇ ਪੜਾਅ ਵਿੱਚ ਨਾਵਲਕਾਰ ਅਜਮੇਰ ਸਿੰਘ ਦੀਵਾਨਾ ਦੇ ਨਾਵਲ 'ਹਮ ਐਸੇ ਅਪਰਾਧੀ' ਉੱਪਰ ਗੋਸ਼ਟੀ ਕਰਵਾਈ ਗਈ, ਜਿਸ ਉਪਰ ਡਾ. ਰਾਮਪਾਲ ਸਿੰਘ ਸ਼ਾਹਪੁਰੀ ਨੇ ਪ੍ਰੋ. ਪਰਮਪਾਲ ਸਿੰਘ ਬਾਦਲ ਦਾ ਲਿਖਿਆ ਹੋਇਆ ਪਰਚਾ ਪੜ੍ਹਿਆ। ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਨੇ ਨਾਵਲ ਬਾਰੇ ਬੋਲਦਿਆਂ ਕਿਹਾ ਕਿ ਇਸ ਨਾਵਲ ਵਿੱਚ ਜਿੱਥੇ ਇਤਿਹਾਸਕ ਅਤੇ ਮਿਥਿਹਾਸਕ ਜਾਣਕਾਰੀ ਮਿਲਦੀ ਹੈ, ਉੱਥੇ 1947 ਦੀ ਵੰਡ ਦੇ ਦੁਖਾਂਤ ਦਾ ਵੀ ਬਾਖੂਬੀ ਜ਼ਿਕਰ ਇਸ ਨਾਵਲ ਵਿੱਚ ਮਿਲਦਾ ਹੈ।ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਨਾਵਲ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਤਿਹਾਸ ਅਤੇ ਮਿਥਿਹਾਸ ਦੀ ਜਾਣਕਾਰੀ ਦੇ ਨਾਲ-ਨਾਲ ਇਸ ਨਾਵਲ ਵਿੱਚ ਬਹੁਤ ਸਾਰੀਆਂ ਮਿੱਥਾਂ ਨੂੰ ਤੋੜਿਆ ਗਿਆ ਹੈ। ਇਹਨਾਂ ਤੋਂ ਇਲਾਵਾ ਬੂਟਾ ਸਿੰਘ ਚੌਹਾਨ, ਡਾ. ਭੁਪਿੰਦਰ ਸਿੰਘ ਬੇਦੀ, ਕਹਾਣੀਕਾਰ ਪਵਨ ਪਰਿੰਦਾ, ਡਾ. ਅਮਨਦੀਪ ਸਿੰਘ ਟੱਲੇਵਾਲੀਆ, ਇੰਜ. ਗੁਰਜਿੰਦਰ ਸਿੰਘ ਸਿੱਧੂ, ਲਛਮਣ ਦਾਸ ਮੁਸਾਫਰ, ਡਾ. ਸੁਰਿੰਦਰ ਭੱਠਲ, ਅਰੁਣ ਕੁਮਾਰ ਸ਼ਰਮਾ, ਮਧੂ ਕੌਸ਼ਲ, ਸੁਮੇਧਾ ਰਤਨ ਅਤੇ ਡਾ. ਅਨਿਲ ਸ਼ੋਰੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਉਪਰੰਤ ਹੋਏ ਕਵੀ ਦਰਬਾਰ ਵਿੱਚ ਰਾਮ ਸਰੂਪ ਸ਼ਰਮਾ, ਤੇਜਿੰਦਰ ਚੰਡਿਹੋਕ, ਸੁਦਰਸ਼ਨ ਕੁਮਾਰ ਗੁੱਡੂ, ਲੈਕਚਰਾਰ ਗੁਰਚਰਨ ਸਿੰਘ, ਮੇਜਰ ਸਿੰਘ ਸਹੌਰ, ਰਾਮ ਸਿੰਘ ਬੀਹਲਾ, ਹਾਕਮ ਸਿੰਘ ਰੂੜੇਕੇ, ਪਾਲ ਸਿੰਘ ਲਹਿਰੀ, ਹਰਪ੍ਰੀਤ ਸਿੰਘ ਜਟਾਣਾ, ਰਮਨ ਧਾਲੀਵਾਲ, ਅੰਜਨਾ ਮੈਨਨ, ਪਰਮਜੀਤ ਸਿੰਘ ਰਾਜਗੜ੍ਹ ਅਤੇ ਕਰਮਿੰਦਰ ਸਿੰਘ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਨਾਵਲਕਾਰ ਅਜਮੇਰ ਸਿੰਘ ਦੀਵਾਨਾ ਅਤੇ ਬਸੰਤ ਕੁਮਾਰ ਰਤਨ ਦੇ ਪਰਵਾਰਕ ਮੈਂਬਰਾਂ ਨੂੰ ਸਭਾ ਵੱਲੋਂ ਸਨਮਾਨਿਤ ਕੀਤਾ ਗਿਆ।

# ਪੰਜਾਬੀ ਅਕੈਡਮੀ ਵੱਲੋਂ ਡਾ. ਰਤਨ ਸਿੰਘ ਜੱਗੀ ਗੀਡਿੰਗ ਹਾਲ ਦੀ ਉਸਾਰੀ ਆਰੰਭ

**ਲੁਧਿਆਣਾ**–ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਡਾ. ਰਤਨ ਸਿੰਘ ਜੱਗੀ ਦੀ ਵਿਸ਼ਾਲ ਸਾਹਿਤਕ ਵਿਰਾਸਤ ਨੂੰ ਸਦਾ ਲਈ ਜੀਵਤ ਰੱਖਣ ਦੇ ਉਦੇਸ਼ ਨਾਲ ਪਦਮਸ੍ਰੀ ਡਾ. ਰਤਨ ਸਿੰਘ ਜੱਗੀ ਮੈਮੋਰੀਅਲ ਚੈਰੀਟੇਬਲ ਫ਼ਾਊਂਡੇਸ਼ਨ ਦੀ ਬੇਨਤੀ ਨੂੰ ਮੁੱਖ ਰੱਖਦੇ ਹੋਏ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਡਾ. ਰਤਨ ਸਿੰਘ ਜੱਗੀ ਗੀਡਿੰਗ ਹਾਲ ਦੀ ਉਸਾਰੀ ਆਰੰਭ ਕੀਤੀ ਗਈ। ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ ਦੇ ਸਾਬਕਾ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ ਵੱਲੋਂ ਉਸਾਰੀ ਦਾ ਆਰੰਭ ਕੀਤਾ ਗਿਆ ਅਤੇ ਡਾ. ਹਰੀ ਸਿੰਘ ਜਾਚਕ ਵੱਲੋਂ ਅਰਦਾਸ ਕੀਤੀ ਗਈ। ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਨਵੇਂ ਉਸਾਰੇ ਜਾਣ ਵਾਲੇ ਆਧੁਨਿਕ ਸਹੂਲਤਾਂ ਵਾਲੇ ਗੀਡਿੰਗ ਹਾਲ ਦਾ ਨਾਂਅ "ਡਾ. ਰਤਨ ਸਿੰਘ ਜੱਗੀ ਗੀਡਿੰਗ ਹਾਲ" ਹੋਵੇਗਾ। ਉਨ੍ਹਾ ਦੱਸਿਆ ਕਿ ਪ੍ਰਬੰਧਕੀ ਬੋਰਡ ਵੱਲੋਂ ਸਰਬਸੰਮਤੀ ਨਾਲ ਹੋਏ ਫ਼ੈਸਲੇ ਅਨੁਸਾਰ ਉਪਰੋਕਤ ਕਾਰਜ ਦਾ ਆਰੰਭ ਹੋਇਆ ਹੈ। ਉਨ੍ਹਾਂ ਦੱਸਿਆ ਕਿ ਹਾਲ ਵਿਚ ਡਾ. ਰਤਨ ਸਿੰਘ ਜੱਗੀ ਦੀ ਤਸਵੀਰ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਵੀ ਇਕ ਦੀਵਾਰ 'ਤੇ ਦਰਸਾਇਆ ਜਾਵੇਗਾ ਤਾਂ ਜੋ ਆਉਣ ਵਾਲੇ ਸਕਾਲਰਾਂ ਨੂੰ ਭਵਿੱਖ ਵਿਚ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਮਿਲਦੀ ਰਹੇ। ਇਸ ਗੀਡਿੰਗ ਹਾਲ ਨੂੰ ਬਣਾਉਣ 'ਤੇ ਆਉਣ ਵਾਲਾ ਸਾਰਾ ਖ਼ਰਚਾ ਫ਼ਾਊਂਡੇਸ਼ਨ ਵੱਲੋਂ ਕੀਤਾ ਜਾਵੇਗਾ। ਅਕੈਡਮੀ ਦੀ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਦੱਸਿਆ ਕਿ ਅਕੈਡਮੀ ਵੱਲੋਂ ਹਰ ਸਾਲ ਪੁਸਤਕ ਮੇਲਾ ਅਤੇ ਸਾਹਿਤ ਉਤਸਵ ਦਾ ਆਯੋਜਨ ਕਰਵਾਇਆ ਜਾਂਦਾ ਹੈ। ਪ੍ਰਬੰਧਕੀ ਬੋਰਡ ਦੇ ਫ਼ੈਸਲੇ ਅਨੁਸਾਰ ਇਸ ਸਾਲ ਦਾ ਉਤਸਵ ਡਾ. ਰਤਨ ਸਿੰਘ ਜੱਗੀ ਨੂੰ ਸਮਰਪਿਤ ਕੀਤਾ ਜਾਵੇਗਾ। ਦੂਸਰੇ ਦਿਨ ਸਨਮਾਨ ਸਮਾਗਮ ਆਯੋਜਤ ਕੀਤਾ ਜਾਵੇਗਾ ਅਤੇ ਵਿਦਵਾਨਾਂ ਵੱਲੋਂ ਡਾ. ਜੱਗੀ ਬਾਰੇ ਖੋਜ ਪੱਤਰ ਪੜ੍ਹੇ ਜਾਣਗੇ।

# ਪਰਵਾਸ ਦਾ ਪਰਵੇਜ਼ ਸੰਧੂ ਵਿਸ਼ੇਸ਼ ਅੰਕ ਅਤੇ 'ਕੋਡ ਬਲੂ' ਲੋਕ ਅਰਪਨ



**ਲੁਧਿਆਣਾ** : ਪਰਵਾਸੀ ਸਾਹਿਤ ਅਧਿਐਨ ਕੇਂਦਰ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਵੱਲੋਂ ਤ੍ਰੈ-ਮਾਸਿਕ ਪੱਤ੍ਰਿਕਾ ਪਰਵਾਸ ਦਾ 49ਵਾਂ ਅਕਤੂਬਰ-ਦਸੰਬਰ 2026 ਅੰਕ ਅਤੇ ਪਰਵੇਜ਼ ਸੰਧੂ ਦਾ ਪੁਨਰ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ 'ਕੋਡ ਬਲੂ' ਲੋਕ ਅਰਪਨ ਕੀਤਾ ਗਿਆ। ਪ੍ਰੋ. ਗੁਰਭਜਨ ਸਿੰਘ ਗਿੱਲ ਵੱਲੋਂ ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕੀਤੀ ਗਈ। ਪ੍ਰੋਗਰਾਮ ਦੇ ਆਰੰਭ ਵਿਚ ਡਾ. ਸ.ਪ. ਸਿੰਘ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਉਨ੍ਹਾਂ ਦੱਸਿਆ ਕਿ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪੁਨਰ ਪ੍ਰਕਾਸ਼ਿਤ ਇਸ ਪੱਤ੍ਰਿਕਾ ਦਾ 49ਵਾਂ ਅੰਕ ਪਾਠਕਾਂ ਦੇ ਸਨਮੁੱਖ ਪੇਸ਼ ਕਰਦਿਆਂ ਉਨ੍ਹਾਂ ਨੂੰ ਅਥਾਹ ਖੁਸ਼ੀ ਹੈ। ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਸ.ਪ. ਸਿੰਘ ਨੇ ਪਰਵਾਸ ਪੱਤ੍ਰਿਕਾ ਦੀ ਸ਼ੁਰੂਆਤ ਕੀਤੀ, ਜੋ ਹੁਣ ਤੱਕ ਸਫ਼ਲਤਾਪੂਰਵਕ ਚੱਲ ਰਿਹਾ ਹੈ, ਜਿਸ ਵਿਚ ਪਰਵਾਸੀ ਸਾਹਿਤ, ਜੀਵਨ ਦੇ ਸਰੋਕਾਰਾਂ ਤੇ ਵਿਹਾਰਾਂ ਬਾਰੇ ਚਰਚਾ ਹੁੰਦੀ ਹੈ। ਡਾ. ਤੇਜਿੰਦਰ ਕੌਰ ਨੇ ਇਸ ਪੱਤ੍ਰਿਕਾ ਦੀਆਂ ਰਚਨਾਵਾਂ ਬਾਰੇ ਚਰਚਾ ਕੀਤੀ ਅਤੇ ਪਰਵੇਜ਼ ਸੰਧੂ ਦੇ ਕਹਾਣੀ ਸੰਗ੍ਰਹਿ 'ਬਲੂ ਕੋਡ' ਦੇ ਵਿਭਿੰਨ ਸਰੋਕਾਰਾਂ ਬਾਰੇ ਚਰਚਾ ਕੀਤੀ। ਪ੍ਰਿੰਸੀਪਲ ਪ੍ਰੋ. ਰਜਿੰਦਰ ਕੌਰ ਮਲਹੋਤਰਾ ਨੇ ਰਸਮੀ ਤੌਰ 'ਤੇ ਸਭ ਦਾ ਧੰਨਵਾਦ ਕੀਤਾ ਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ। ਇਸ ਮੌਕੇ ਹਰਸ਼ਰਨ ਸਿੰਘ ਨਰੂਲਾ, ਡਾ. ਹਰਪ੍ਰੀਤ ਸਿੰਘ ਦੂਆ, ਪ੍ਰੋ. ਸ਼ਰਨਜੀਤ ਕੌਰ, ਡਾ. ਗੁਰਇਕਬਾਲ ਸਿੰਘ, ਗੁਰਪ੍ਰੀਤ ਸਿੰਘ ਭਾਟੀਆ, ਤ੍ਰੈਲੋਚਨ ਲੋਚੀ, ਡਾ. ਗੁਰਚਰਨ ਕੌਰ ਕੋਚਰ, ਬਲਵਿੰਦਰ ਸਿੰਘ, ਰਾਜਿੰਦਰ ਸਿੰਘ ਸੰਧੂ ਤੇ ਸਮੂਹ ਸਟਾਫ਼ ਹਾਜ਼ਰ ਰਹੇ। ਪ੍ਰੋਗਰਾਮ ਦਾ ਸੰਚਾਲਨ ਡਾ. ਹਰਮਨਪ੍ਰੀਤ ਸਿੰਘ ਗਰਚਾ ਵੱਲੋਂ ਕੀਤਾ ਗਿਆ।

# 'ਧਰਤ ਪਿਆਸੀ' ਪੁਸਤਕ 'ਤੇ ਗੋਸ਼ਟੀ



**ਬਠਿੰਡਾ** : ਸਾਹਿਤ ਸਿਰਜਣਾ ਮੰਚ (ਰਜਿ.) ਬਠਿੰਡਾ ਵੱਲੋਂ ਰੁਬਾਈਕਾਰ ਸੁਖਦਰਸ਼ਨ ਗਰਗ ਦੇ ਰੁਬਾਈ ਸੰਗ੍ਰਹਿ 'ਧਰਤ ਪਿਆਸੀ' 'ਤੇ ਇੱਥੋਂ ਦੇ ਟੀਚਰਜ਼ ਹੋਮ ਵਿਖੇ ਵਿਚਾਰ ਗੋਸ਼ਟੀ ਅਤੇ ਵਿਸ਼ਾਲ ਕਵੀ ਦਰਬਾਰ ਕਰਵਾਇਆ ਗਿਆ।ਇਸ ਵਿਚਾਰ ਗੋਸ਼ਟੀ ਦੀ ਪ੍ਰਧਾਨਗੀ ਜਸਵੰਤ ਜ਼ਫ਼ਰ ਨੇ ਕੀਤੀ ਅਤੇ ਪ੍ਰਿੰ. ਅਵਤਾਰ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਆਰੰਭ ਵਿੱਚ 'ਨਵਾਂ ਜ਼ਮਾਨਾ' ਦੇ ਸੰਪਾਦਕ ਚੰਦ ਫਤਿਹਪੁਰੀ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਪ੍ਰੋ. ਤਰਸੇਮ ਨਰੂਲਾ ਅਤੇ ਪ੍ਰੋ. ਜਸਕਰਨ ਜਸ ਨੇ 'ਧਰਤ ਪਿਆਸੀ' ਪੁਸਤਕ ਸੰਬੰਧੀ ਪਰਚੇ ਪੜ੍ਹਦਿਆਂ ਜਿੱਥੇ ਪੁਸਤਕ ਦੇ ਸਰੋਕਾਰਾਂ ਦੀ ਪ੍ਰਸ਼ੰਸਾ ਕੀਤੀ, ਉੱਥੇ ਰੁਬਾਈਆਂ ਦੇ ਕਲਾਤਮਿਕ ਪੱਖ ਵਿੱਚ ਰਹਿ ਗਈਆਂ ਕਮੀਆਂ ਨੂੰ ਸੁਧਾਰਨ ਦਾ ਜ਼ਿਕਰ ਵੀ ਕੀਤਾ। ਕਹਾਣੀਕਾਰ ਅਤਰਜੀਤ, ਗ਼ਜ਼ਲਗੋ ਸੁਰਿੰਦਰਪ੍ਰੀਤ ਘਣੀਆਂ, ਪ੍ਰੋ. ਜਸਪਾਲ ਜੱਸੀ, ਅਮਰਜੀਤ ਪੇਂਟਰ ਅਤੇ ਹਰਭਜਨ ਸਿੰਘ ਸੇਲਬਰਾਹ ਨੇ ਜਿੱਥੇ ਦੋਹਾਂ ਪਰਚਿਆਂ ਨੂੰ ਸੰਤੁਲਤ ਅਤੇ ਸਾਰਥਿਕ ਦੱਸਿਆ, ਉੱਥੇ ਅਮਰਜੀਤ ਪੇਂਟਰ ਅਤੇ ਬਾਲ ਕਲਾਕਾਰ ਅਮਾਇਰਾ ਦਿਲਰਾਜ ਕੌਰ ਵੱਲੋਂ ਬਣਾਏ ਗਏ ਸੁੰਦਰ ਅਤੇ ਭਾਵਪੂਰਤ ਸਕੈੱਚਾਂ ਦੀ ਵੀ ਪ੍ਰਸ਼ੰਸਾ ਕੀਤੀ। ਸਮੁੱਚੀ ਬਹਿਸ ਨੂੰ ਸਮੇਟਦਿਆਂ ਉੱਘੇ ਅਲੋਚਕ ਗੁਰਦੇਵ ਖੋਖਰ ਨੇ ਲੇਖਕ ਨੂੰ ਭਾਵਾਂ ਅਤੇ ਵਿਚਾਰਾਂ ਦੇ ਪ੍ਰਗਟਾਵੇ ਸਮੇਂ ਜ਼ਿਆਦਾ ਸਰਲ ਤੇ ਸਪਾਟ ਬਿਆਨੀ ਤੋਂ ਬਚਣ ਲਈ ਕਿਹਾ।ਪ੍ਰਧਾਨਗੀ ਭਾਸ਼ਣ ਵਿੱਚ ਜਸਵੰਤ ਜ਼ਫ਼ਰ ਨੇ ਕਿਹਾ ਕਿ ਕਿਸੇ ਵੀ ਸਾਹਿਤਕ ਕਿਰਤ ਦੀ ਸਮੀਖਿਆ ਕਰਦਿਆਂ ਉਸ ਦੇ ਨਕਾਰਾਤਮਿਕ ਪੱਖ ਨਾਲੋਂ ਸਕਾਰਾਤਮਿਕ ਪੱਖ ਨੂੰ ਜ਼ਿਆਦਾ ਉਭਾਰਨਾ ਚਾਹੀਦਾ ਹੈ। ਦੂਸਰੇ ਸੈਸ਼ਨ 'ਚ ਡਾ. ਜਸਪਾਲਜੀਤ, ਮੀਤ ਬਠਿੰਡਾ, ਅਮਰਜੀਤ ਜੀਤ, ਅਮਨਦੀਪ ਕੌਰ ਮਾਨ, ਵੀਰਪਾਲ ਕੌਰ ਮਾਨ, ਗੁਰਪ੍ਰੀਤ ਕੌਰ ਪ੍ਰੀਤ, ਕੁਲਦੀਪ ਸਿੰਘ ਦੀਪ, ਸੁਖਮੰਦਰ ਭਾਗੀਵਾਂਦਰ, ਅੰਮ੍ਰਿਤ ਬੰਗੇ, ਰਣਵੀਰ ਰਾਣਾ, ਹਰਮੇਰ ਪ੍ਰੀਤ, ਸਿਕੰਦਰ ਮਾਨਵ, ਰਣਜੀਤ ਗੌਰਵ, ਦਮਜੀਤ ਦਰਸ਼ਨ, ਗੁਰਸੇਵਕ ਬੀੜ, ਬਲਵਿੰਦਰ ਭੁੱਲਰ, ਕੁਲਦੀਪ ਬੰਗੀ, ਦਿਲਜੀਤ ਬੰਗੀ, ਜਸਵਿੰਦਰ ਖੁੱਡੀਆਂ, ਰੂਪ ਚੰਦ ਸ਼ਰਮਾ, ਸੁਖ਼ਨੂਰ ਖ਼ਿਆਲੀ, ਭੋਲਾ ਸਿੰਘ ਸ਼ਮੀਰੀਆ ਆਦਿ ਨੇ ਕਵਿਤਾਵਾਂ, ਗੀਤ ਅਤੇ ਗ਼ਜ਼ਲਾਂ ਪੇਸ਼ ਕਰਕੇ ਵਿਸ਼ੇਸ਼ ਵਾਹ-ਵਾਹ ਖੱਟੀ।ਲਛਮਣ ਮਲੂਕਾ ਨੇ ਟਿੱਪਣੀ ਕਰਦਿਆਂ ਕਵੀਆਂ ਨੂੰ ਆਪਣੀ ਕਲਮ ਨੂੰ ਹੋਰ ਪ੍ਰਚੰਡ ਕਰਨ ਦੀ ਅਪੀਲ ਕੀਤੀ।ਮੰਚ ਸੰਚਾਲਨ ਪ੍ਰਿੰ. ਜਗਦੇਵ ਸਿੰਘ ਜਠੌਲ ਅਤੇ ਮੀਤ ਬਠਿੰਡਾ ਨੇ ਕੀਤਾ। ਡਾ. ਅਜੀਤਪਾਲ ਸਿੰਘ ਨੇ ਸਭ ਦਾ ਧੰਨਵਾਦ ਕੀਤਾ।

# ਪਾਠਕਾਂ ਦੇ ਝਰੋਖੇ 'ਚੋਂ

## ਚੰਦ ਫਤਿਹਪੁਰੀ ਦੀ ਯਾਦ

27 ਸਤੰਬਰ ਦਾ 'ਨਵਾਂ ਜ਼ਮਾਨਾ' ਪੜ੍ਹਿਆ।ਦੁੱਖ ਹੋਇਆ ਕਿ ਅਖਬਾਰ ਦੇ ਸੰਪਾਦਕ ਇਨਕਲਾਬੀ ਵਿਚਾਰਾਂ ਵਾਲੇ ਤੇ ਗਹਿਰੇ ਚਿੰਤਕ ਕਾਮਰੇਡ ਚੰਦ ਫਤਿਹਪੁਰੀ ਜੋ ਵਿਛੜ ਗਏ।ਅਜੇ ਥੋੜ੍ਹਾ ਸਮਾਂ ਹੀ ਹੋਇਆ ਸੀ ਕਿ ਉਹ 'ਨਵਾਂ ਜ਼ਮਾਨਾ' ਦੇ ਸੰਪਾਦਕ ਦੀ ਸੇਵਾ ਕਰ ਰਹੇ ਸਨ।ਕਮਿਊਨਿਸਟ ਪਾਰਟੀ ਨਾਲ ਉਹ ਬਚਪਨ ਤੋਂ ਹੀ ਜੁੜ ਗਏ ਸਨ।ਫਤਹਿਪਰੀ ਜੀ ਦੀ ਸ਼ਖ਼ਸੀਅਤ ਦੇ ਕਈ ਪੱਖ ਅਖਬਾਰ ਨੇ ਸਾਹਮਣੇ ਲਿਆਂਦੇ।ਜਤਿੰਦਰ ਪੰਨੂੰ ਆਪਣੇ ਪਿਆਰੇ ਮਿੱਤਰ ਨੂੰ ਸ਼ਿੱਦਤ ਨਾਲ ਯਾਦ ਕੀਤਾ।ਇਕੋ ਅਦਾਰੇ ਵਿੱਚ ਕੰਮ ਕਰਦੇ ਸਾਰੇ ਅਖਬਾਰੀ ਕਾਮਿਆ ਦੀ ਸਾਂਝ ਆਪਣਿਆ ਵਾਂਗ ਹੋ ਜਾਂਦੀ ਹੈ। ਸਾਰੇ ਲੇਖਾਂ ਵਿੱਚ ਚੰਦ ਫਤਿਹਪੁਰੀ ਨੂੰ ਸ਼ਿੱਦਤ ਨਾਲ ਯਾਦ ਕੀਤਾ ਹੈ।ਕਿਤਾਬਾਂ ਵਿਚ ਡਾ. ਪਰਮਜੀਤ ਸਿੰਘ ਢੀਂਗਰਾ ਦੀ ਕਿਤਾਬ ਜਿਥੇ ਲਿਖਤ ਸਾਹ ਲੈਂਦੀ ਹੈ ਪਰਵੇਜ਼ ਸੰਧੂ ਦੀ ਕਹਾਣੀਆਂ ਕਿਤਾਬ 'ਟਾਹਣੀਓ ਟੁੱਟੇ', 'ਮਸੀਹਾ' ਤੇ 'ਯਾਦਾਂ ਦਾ ਗੁਲਦਸਤਾ' ਬਾਰੇ ਆਲੋਚਕਾ ਨੇ ਬਹੁਤ ਵਧੀਆ ਜਾਣਕਾਰੀ ਦਿੱਤੀ।

-ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਜੰਗਾਂ ਯੁੱਧਾਂ ਦੀ ਅਣਕਿਆਸੀ ਕੀਮਤ : ਡਾ. ਜਸਬੀਰ ਸਿੰਘ ਔਲਖ

ਕੁਦਰਤ ਦੀ ਗੋਦ : ਬਰੌਟ ਘਾਟੀ-3 : ਨਵਦੀਪ ਸਿੰਘ ਝੁਨੀਰ

'ਨਾਚ' : ਸਵਰਨਜੀਤ ਸਵੀ (ਫੋਕਸ) ਰਾਮਪਾਲ ਸ਼ਾਹਪੁਰੀ (ਡਾ.)

ਗ਼ਦਰ ਲਹਿਰ ਦੇ ਮੋਢੀ : ਗੁਰੂਦੱਤ ਕੁਮਾਰ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਹਿੰਦੀ ਪੱਤ੍ਰਕਾ 'ਰਚਨਾ ਸਮਯ' : ਕਥਾ ਮਹਾਂ ਵਿਸ਼ੇਸ਼ ਅੰਕ

ਮੱਧ ਪ੍ਰਦੇਸ਼ ਦੇ ਭੁਪਾਲ ਤੋਂ ਛਪਦੀ ਹਿੰਦੀ ਪੱਤ੍ਰਿਕਾ 'ਰਚਨਾ ਸਮਯ' ਨੇ ਵੱਡ ਅਕਾਰੀ 'ਕਥਾ ਮਹਾਂ ਵਿਸ਼ੇਸ਼ ਅੰਕ' ਪ੍ਰਕਾਸ਼ਤ ਕਰਕੇ ਹਿੰਦੂ ਸਾਹਿਤਕ ਪੱਤਰਕਾਰਤਾ ਵਿੱਚ ਆਪਣੀ ਚਰਚਾ ਛੇੜ ਦਿੱਤੀ ਹੈ। ਇਸ ਪੱਤ੍ਰਿਕਾ ਦੇ ਸੰਪਾਦਕ ਹਰਿ ਭਟਨਾਗਰ ਤੇ ਬ੍ਰਿਜਨਾਰਾਇਣ ਸ਼ਰਮਾ ਹਨ। ਤਿੰਨ ਮੈਂਬਰਾਂ ਦੀ ਹੋਰ ਟੀਮ ਹੈ। ਪਰ ਪੱਤ੍ਰਿਕਾ ਦਾ ਸਾਰਾ ਕੰਮ ਹਰਿ ਭਟਨਾਗਰ ਹੀ ਕਰਦਾ ਹੈ। ਸੰਪਾਦਕੀ ਪੰਨੇ ਵਿੱਚ ਅਲਬਰਟ ਕਾਮੂ ਦਾ ਜ਼ਿਕਰ ਕਰਦਾ ਹੈ ਕਿ ਕਾਮੂ ਨੋਬਲ ਪੁਰਸਕਾਰ ਮਿਲਣ ਉਪਰੰਤ ਆਪਣੇ ਅਧਿਆਪਕ ਨੂੰ ਚੇਤੇ ਕਰਦਾ ਹੈ। ਸੰਪਾਦਕ ਲਿਖਦਾ ਹੈ ਕਿ ਕਾਮੂ ਨੂੰ ਉਸ ਕੋਲੋਂ ਸਿੱਖਿਆ ਨਹੀਂ ਇਕ ਚੇਤਨਾ ਮਿਲੀ ਸੀ ਭਾਵ ਕਿ ਦ੍ਰਿਸ਼ਟੀ। ਸੰਪਾਦਕ ਅੱਗੇ ਲਿਖਦਾ ਹੈ ਕਿ 'ਰਚਨਾ ਸਮਯ' ਦੀ ਇਸ ਪੇਸ਼ਕਸ਼ ਪਿੱਛੇ ਇਸ ਚੇਤਨਾ ਦੀ ਅੱਗ ਨੂੰ ਪੇਸ਼ ਕਰਨਾ ਸਾਡਾ ਉਦੇਸ਼ ਹੈ।' ਵੱਡ ਅਕਾਰੀ ਅਕਾਰੀ 974 ਪੰਨਿਆਂ ਉੱਤੇ ਫੈਲਿਆ ਇਸ ਮਹਾਂ ਵਿਸ਼ੇਸ਼ ਅੰਕ ਵਿੱਚ 90 ਹਿੰਦੀ ਦੀਆਂ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਹਨ। ਇਹ 90 ਕਹਾਣੀਆਂ ਹਿੰਦੀ ਕਥਾ ਜਗਤ ਦੀਆਂ ਪ੍ਰਸਿੱਧ ਕਹਾਣੀਆਂ ਨੂੰ ਪੇਸ਼ ਕਰਦੀਆਂ ਹਨ। ਅੰਕ ਦੇ ਆਰੰਭ ਵਿੱਚ 7 ਤੋਂ 92 ਪੰਨਿਆਂ ਤੱਕ, ਪ੍ਰੋ. ਰਵੀ ਰੰਜਨ, ਰੋਹਿਣੀ ਅਗਰਵਾਲ ਤੇ ਸੁਧਾਂਸ਼ੂ ਗੁਪਤਾ ਦੇ ਹਿੰਦੀ ਕਹਾਣੀ ਦਾ ਵਿਸ਼ਲੇਸ਼ਣ ਕਰਦੇ ਤਿੰਨ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਇਕ ਲੇਖ ਇਸ ਅੰਕ ਵਿੱਚ ਪ੍ਰਕਾਸ਼ਤ ਕਹਾਣੀਆਂ ਉੱਤੇ ਕੇਂਦਰਿਤ ਹੈ। ਜਿਨ੍ਹਾਂ ਵਿੱਚ ਹਿੰਦੀ ਕਹਾਣੀ ਦਾ ਇਕ ਦ੍ਰਿਸ਼ ਪੜ੍ਹਨ ਨੂੰ ਮਿਲ ਜਾਂਦਾ ਹੈ। ਆਲੋਚਨਾ ਵਿਧੀਆਂ ਅਨੁਸਾਰ ਕਹਾਣੀਆਂ ਦੀ ਪੜਚੋਲ ਕੀਤੀ ਗਈ ਹੈ।




ਇਸ ਅੰਕ ਵਿੱਚ ਗਿਆਨ ਰੰਜਨ (ਘੰਟਾ), ਕਾਸ਼ੀਨਾਥ ਸਿੰਘ (ਅਕਾਲ-ਤੀਨ ਕਾਲ ਕਥਾ), ਮੁਰਦਲਾ ਗਰਗ (ਸਿਤਮ ਕੇ ਫੰਨਕਾਰ), ਮਮਤਾ ਕਾਲੀਆ (ਬੋਲਨੇ ਵਾਲੀ ਔਰਤ), ਨਾਸਿਰਾ ਸ਼ਰਮਾ (ਇਮਾਮ ਸਾਹਿਬ), ਸਤਿਅਨ ਕੁਮਾਰ (ਗੋਡੋ ਕੀ ਵਾਪਸੀ), ਮੰਜ਼ੂਰ ਅਹਿਤੇਸ਼ਾਮ (ਰਮਜ਼ਾਨ ਮੇਂ ਮੌਤ), ਗਿਆਨ ਚਤੁਰਵੇਦੀ (ਜੋ ਡੂਬਾ ਸੌ ਪਾਰ), ਨਵੀਨ ਸਾਗਰ (ਮੋਰ), ਉਦੇ ਪ੍ਰਕਾਸ਼ (ਤਿਰਿਛ) ਪ੍ਰਭੂ ਜੋਸ਼ੀ (ਨੰਦੀ ਨਿਆਯ), ਜਤਿੰਦਰ ਭਾਟੀਆ (ਅਮਰਨਾਥ ਕੀ ਮਾਂ), ਅਸ਼ੋਕ ਅਗਰਵਾਲ (ਆਹਾਰ ਘੋਂਸਲਾ), ਪ੍ਰਿਯਵੰਦ (ਦਿਲਰਸ), ਸ਼ਿਆਮ ਸੁੰਦਰ ਦੂਬੇ (ਬਿਗਨਾ), ਸਾਰਾ ਰਾਏ (ਅਬਾਬੀਲ ਕੀ ਉਡਾਨ), ਉਦਯਨ ਬਾਜਪੇਈ (ਮੈਟ੍ਰੋ), ਕ੍ਰਿਸ਼ਨ ਬਿਹਾਰੀ (ਜੰਗਰਇਤ), ਅਖਿਲੇਸ਼ (ਚਿੱਠੀ), ਅਵਦੇਸ਼ ਪ੍ਰੀਤ (ਨੁਛਾਂਸ), ਗੀਤਾਜਲੀ ਸ਼੍ਰੀ (ਇਤਿ), ਨਿਰਮਲ ਭੁਰਾੜਿਯਾ (ਸ਼ੈਤਾਨ ਕੇ ਸੰਗ), ਭਾਲਚੰਦਰ ਜੋਸ਼ੀ (ਜੰਗਲ), ਸੰਤੋਸ਼ ਚੌਬੇ (ਮੁਸ਼ਕਿਲ), ਅਸ਼ੋਕ ਸ਼ੁਕਲ (ਦੌੜ), ਸ਼ੁਧਾਂਸ਼ੂ ਗੁਪਤਾ (ਖੋਹ ਰਹੀ ਹੈ ਮਾਂ!), ਸੂਰਜ ਪ੍ਰਕਾਸ਼ (ਕਰੋੜਪਤੀ), ਮੁਕੇਸ਼ ਵਰਮਾ (ਗੋਮਤੀ), ਵੀਣਾ ਸਿਨਹਾ (ਚੁਨਮਾਈ), ਤਰੁਣ ਭਟਨਾਗਰ (ਦਾਦੀ, ਮੁਲਤਾਨ ਔਰ ਟਚ ਐਂਡ ਗੋ), ਸੁਭਾਸ਼ ਚੰਦਰ ਕੁਸ਼ਵਾਹਾ (ਲਾਲਾ ਹਰਪਾਲ ਕੇ ਜੂਤੇ), ਜੋਗਿੰਦਰ ਆਹੂਜਾ (ਇਤਨੇ ਸਾਰੇ ਸ਼ਬਦ), ਅਨਿਲ ਯਾਦਵ (ਦੰਗਾ ਭੇਜਿਓ ਮੌਲਾ), ਸੌਮਿਤ੍ਰ (ਸਬਸੇ ਪਹਿਲੇ ਸੰਦੇਸ਼), ਬਿਮਲ ਚੰਦਰ ਪਾਂਡੇ (ਊਬ ਮਹਾਸਾਗਰ), ਕਵਿਤਾ (ਸਿੰਹਵਾਹਿਨੀ), ਵੰਦਨਾ ਰਾਗ ( ਯੂਟੋਪਿਆ), ਪੰਕਜ ਸੁਬੀਰ (ਚੈਪੜੇ ਦੀ ਚੁੜੇਲੇਂ), ਮਨੋਜ ਕੁਮਾਰ ਪਾਂਡੇ (ਮਦੀਨਾ), ਗੀਤਾ ਸ਼੍ਰੀ (ਬਲਾਇੰਡ ਡੇਟ), ਸ਼ਰਮਿਲਾ ਜਾਲਾਨ (ਰਾਗ ਵਿਰਾਗ), ਕੈਲਾਸ਼ ਵਾਨਖੇੜੇ (ਜਸਟ ਡਾਂਸ), ਸ਼ਿਵੇਨਦਰ (ਜੋਮਬੀ), ਮਿਥਿਲੇਸ਼ ਪ੍ਰਿਯਾਦਰਸ਼ੀ (ਸਹਿਯਾ), ਦਿਵਯਾ ਵਿਜੇ (ਸਾਖ਼ਸਾਰ), ਸੰਦੀਪ ਮੀਲ (ਕੋਕਿਲਾ ਸਾਸ਼ਤਰ), ਵਰਤੁੱਲਾ ਸਿੰਘ (ਬਫਲਿਯਾਜ਼ ਦੀ ਕਨੀਜ਼), ਦੂਧਨਾਥ ਸਿੰਘ (ਚੂਹੇਦਾਨੀ), ਸ਼ਾਨੀ (ਯੁੱਧ), ਵਿਜੈ ਮੋਹਨ ਸਿੰਘ (ਚੇਰੋਖਸਵਾਰੋਂ ਕਾ ਗਾਂਵ), ਰਾਮਨਾਰਾਇਣ ਸ਼ੁਕਲ (ਡਾਬ), ਚਿਤਰਾ ਮੁਦਗਲ (ਤ੍ਰਿਸ਼ੰਕੂ), ਸੁਧਾ ਆਰੋੜਾ (ਅੰਨਾਪੁਰਣਾ ਮੰਡਲ ਕੀ ਆਖਿਰੀ ਚਿੱਠੀ), ਯਕਿਯਾ ਜੁਬੈਰੀ (ਮਾਰਿਯਾ), ਅਸਗ਼ਰ ਵਜਾਹਤ (ਤਮਾਸ਼ੋ ਮੇਂ ਡੂਬਾ ਦੇਸ਼), ਸਵੈਮ ਪ੍ਰਕਾਸ਼ (ਪਾਰਟੀਸ਼ਨ), ਸੁਬੋਧ ਕੁਮਾਰ ਸ੍ਰੀਵਾਸਤਰ (ਮਕਬੂਲ ਦੀ ਚੱਪਲ), ਅਰੁਣ ਪ੍ਰਕਾਸ਼ (ਭੈਯਾ ਅਕਸਪ੍ਰੈਸ), ਪ੍ਰਕਾਸ਼ ਕਾਂਤ (ਇਜਲਾਸ), ਮਧੂਸੂਦਨ ਆਨੰਦ (ਮਿੰਨੀ), ਸੰਜੀਵ (ਪੂਤ ਪੂਤ ਪੂਤ ਪੂਤ), ਸਸ਼ਾਂਕ (ਭੂਮਿਕਾ), ਰਣਏਂਦਰ (ਸਪਨੋਂ ਕੀ ਸਲਵਟੋਂ ਪਰ ਅਗਿਨ ਵਰਸ਼ਾ), ਰਾਜੇਂਦਰ ਦਾਨੀ (ਕਹਿਨੇ ਕੀ ਜ਼ਰੂਰਤ ਨਹੀਂ), ਧਰੇਂਦਰ ਅਸਥਾਨ (ਬਹਾਦਰ ਕੋ ਨੀਂਦ ਨਹੀਂ ਆਤੀ), ਜੈ ਸ਼ੰਕਰ (ਰਿਪੋਰਟ), ਮਨੋਜ਼ ਰੂਪੜਾ (ਦਹਨ), ਜੇਨਿੰਦਰ ਸ਼ਰਮਾ (ਕਬਰ ਕਾ ਮੁਨਾਫ਼ਾ), ਨਵੀਨ ਕੁਮਾਰ ਨੈਥਾਨੀ (ਪਾਰਸ), ਸੰਜੈ (ਮਾਪ), ਅਰਵਿੰਦ ਕੁਮਾਰ ਸਿੰਘ (ਬੱਲੂ ਚਾਚਾ ਉਵਾਚ), ਕੈਲਾਸ਼ ਬਨਵਾਸੀ (ਸਹੀ ਜਾਂ ਗ਼ਲਤ), ਆਨੰਦ ਹਰਪੁਲ (ਉਮੀਦ ਜਿਆਦਾ), ਹਰਿਯੱਸ਼ ਰਾਏ (ਦੂਰੀਆਂ), ਉਰਮਿਲਾ ਸ਼ਿਰੀਣ (ਹਰਾ ਪੱਤਾ), ਅਸ਼ੋਕ ਮਿਸ਼ਰ (ਦੀਨਾਨਾਥ ਕੀ ਚੱਕੀ), ਹਰਿ ਭਟਨਾਗਰ (ਛਾਯਾ), ਪ੍ਰਤਿਅਛਾ (ਮਛਲੀਮਾਰ), ਪੰਕਜ ਮਿਸ਼ਰ (ਬੇਚੂਲਾਲ ਦਾ ਭੂਤ ਉਰਫ਼ ਬੇ ਲਾ ਕਾ ਭੂ), ਕਿਰਣ ਸਿੰਘ (ਪਤਾ), ਸਤਿਆਨਰਾਇਣ ਪਟੇਲ (ਕੜੀਆਂ), ਓਮਾਸ਼ੰਕਰ ਚੌਧਰੀ (ਔਰ ਇਬਨਬਤੂਤਾ ਗਾਇਬ ਹੋ ਗਯਾ), ਵਿਵੇਕ ਮਿਸ਼ਰ (ਔਰ ਗਿਲਹਰਿਆਂ ਬੈਠ ਗਈ), ਪ੍ਰਗਾ ਰੋਹਿਣੀ (ਮਨਤ ਟੇਲਰਸ), ਪੰਕਜ਼ ਸਵਾਮੀ (ਭਿਖਾਰੀ ਦਾ ਪਰਚਮ), ਵਿਮਲੇਸ਼ ਤ੍ਰਿਪਾਠੀ (ਪਰਦਾ), ਕੈਫ਼ੀ ਹਾਸ਼ਮੀ (ਟਮਾਟਰ ਹੋਤਾ ਹੈ ਫ਼ਲ), ਯੋਗਿਤਾ ਯਾਦਵ (ਨਹੀਂ ਦੇਹ ਮੇਂ ਨਯੇ ਦੇਸ ਮੇਂ), ਵਿਵੇਕ ਅੰਸਾਰੀ (ਮੈਂ ਮਾਂ ਕੀ ਅਨਲਕੀ ਬਿੱਲੀ ਹੂੰ) ਚਰਚਿਤ ਕਹਾਣੀਕਾਰਾਂ ਦੀਆਂ ਚਰਚਿਤ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਪੰਜਾਬੀ ਕਹਾਣੀਕਾਰਾਂ ਨੂੰ ਇਹ ਅੰਕ ਜ਼ਰੂਰ ਪੜ੍ਹਨਾ ਚਾਹੀਦਾ ਹੈ। ਤਾਂ ਕਿ ਉਨ੍ਹਾਂ ਨੂੰ ਪਤਾ ਲੱਗ ਸਕੇ ਕਿ ਹਿੰਦੀ ਵਿੱਚ ਕਿਸ ਤਰ੍ਹਾਂ ਦੀ ਕਹਾਣੀ ਲਿਖੀ ਜਾ ਰਹੀ ਹੈ। ਇਹ ਅੰਕ ਡਾਕ ਰਾਹੀਂ ਤੁਹਾਨੂੰ 700 ਰੁਪਏ ਵਿੱਚ ਪ੍ਰਾਪਤ ਹੋ ਸਕਦਾ ਹੈ। ਪੱਤ੍ਰਿਕਾ ਦੇ ਸੰਪਾਦਕ ਹਰਿ ਭਟਨਾਗਰ ਨੂੰ ਫੋਨ ਕਰਕੇ ਉਸਦੇ ਵਟਸ ਐੱਪ ਨੰਬਰ ਉੱਤੇ ਆਪਣਾ ਐਡਰਸ ਭੇਜੋ ਤੇ ਪੱਤ੍ਰਿਕਾ ਤੁਹਾਡੇ ਘਰ ਪੁੱਜ ਜਾਵੇਗੀ। ਸੰਪਾਦਕ ਹਰਿ ਭਟਨਾਗਰ, ਰਚਨਾ ਸਮਯ, ਮੁੱਲ : 600 ਰੁਪਏ, ਸਫ਼ੇ : 944, ਪਤਾ : 197, ਸੈਕਟਰ-ਬੀ, ਸਰਵਧਰਮ ਕਾਲੋਨੀ, ਕੋਲਾਰ ਰੋਡ, ਭੁਪਾਲ-462042, ਮੱਧ ਪ੍ਰਦੇਸ਼, Haribhatnagar (Mob. 94244-18567, 98262-44291), e-mail: haribhatnagar@gmail.com

## ਏਕਮ : ਅਕਤੂਬਰ-ਦਸੰਬਰ, 2026

ਏਕਮ ਦਾ ਨਵਾਂ ਅੰਕ ਪ੍ਰਕਾਸ਼ਤ ਹੋ ਕੇ ਪੁੱਜ ਗਿਆ ਹੈ। ਹੱਥਲੇ ਅੰਕ ਵਿੱਚ ਸਿੱਪੀਆਂ ਵਿੱਚ 'ਵਿੱਦਿਆ ਦੇ ਖੇਤਰ ਵਿੱਚ ਕੁਝ ਵੱਖਰੇ ਕਦਮ' ਤੁਸੀਂ ਪੜ੍ਹ ਸਕਦੇ ਹੋ। ਸਰਵਰਕ ਤੇ ਅਵਤਾਰ ਸਿੰਘ ਦੀ ਪੇਂਟਿੰਗ ਹੈ। 'ਸਮਾਜ ਦੇ ਬਦਲੇ ਹੋਏ ਚਿਹਰੇ ਦੌਰਾਨ' ਤੇ ਅਰਤਿੰਦਰ ਸੰਧੂ ਦੀ ਸੰਪਾਦਕੀ ਹੈ। ਸ਼ਾਇਰ ਵਿਸ਼ੇਸ਼ ਵਜੋਂ ਤਰਸੇਮ ਦੀਆਂ ਨਵੀਆਂ ਕਵਿਤਾਵਾਂ ਹਾਜ਼ਰ ਹਨ। ਜਸਵੀਰ ਭੁੱਲਰ, ਤੇਲੂ ਰਾਮ ਕੁਹਾੜਾ, ਹਰਦੀਪ ਸੱਭਰਵਾਲ, ਬਲਵਿੰਦਰ ਬਾਲਮ, ਹਰਵਿੰਦਰ ਸਿੰਘ ਸਿੱਧੂ, ਰਾਮਪਾਲ ਸ਼ਾਹਪੁਰੀ, ਅਮਰਜੀਤ ਸਨ੍ਹੇਰਵੀ, ਨੀਤਿਕਾ ਗਰਗ, ਐਸ. ਪ੍ਰਸ਼ੋਤਮ, ਬਰਕਤ ਸਿੰਘ ਵੋਹਰਾ, ਅਮਰਜੀਤ ਟਾਂਡਾ, ਦਵਿੰਦਰ ਕੌਰ ਸੰਧੂ, ਤਰਲੋਕ ਬੀਰ, ਹਰਮਿੰਦਰ ਸਿੰਘ ਕੋਹਾਰਵਾਲਾ, ਸ਼ੁਭਕਿਰਨ, ਸਰਬਜੀਤ ਸਿੰਘ ਸੰਧੂ, ਮਲਕੀਤ ਰਾਸੀ, ਬਿੱਕਰ ਸੋਹੀ, ਇਕਬਾਲ ਸਿੰਘ ਬਰਾੜ ਦੀਆਂ ਕਵਿਤਾਵਾਂ, ਗ਼ਜ਼ਲਾਂ ਪ੍ਰਕਾਸ਼ਤ ਹੋਈਆਂ ਹਨ। ਇਸ ਵਾਰ ਅਰਤਿੰਦਰ ਸੰਧੂ (ਇਕ ਅੜਿਆ ਹੋਇਆ ਪੇਚ), ਇੰਦਰਜੀਤ ਪਾਲ ਕੌਰ (ਬਦਲਦੇ ਸਮੀਕਰਨ), ਮੁਹੰਮਦ ਇਮਤਿਆਜ਼ (ਖੈਰ ਦੀਨ), ਰਘਬੀਰ ਸਿੰਘ ਕਲੋਆ (ਸਿਰ ਦੀ ਛੱਤ), ਸੋਮਾ ਸਬਲੋਕ (ਪਿੰਡ ਦਾਨ), ਰਵਿੰਦਰ ਸਿੰਘ ਸੋਢੀ ਦੀ ਮਿੰਨੀ ਕਹਾਣੀਆਂ , ਮੁਨਸ਼ੀ ਪ੍ਰੇਮ ਚੰਦ (ਆਤਮਾ ਰਾਮ ਦੀ ਵਾਟਿਕਾ), ਡਾ. ਮਨਦੀਪ ਗੌੜ (ਅੱਪਸੈਟ) ਤੇ ਤ੍ਰਿਲੋਕ ਢਿੱਲੋਂ (ਅਦਿੱਖ ਨੀਂਹ ਦੀਆਂ ਇੱਟਾਂ) ਦੀਆਂ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਗੁਰਬਚਨ ਸਿੰਘ ਭੁੱਲਰ (ਪੰਜਾਬੀ ਵਿਚ ਪਾਏ ਜਾ ਰਹੇ ਸੱਤਿਆਨਾਸੀ ਵਿਗਾੜ) ਅਤੇ ਬਲਦੇਵ ਸਿੰਘ ਧਾਲੀਵਾਲ (ਦੂਜਾ ਘਰ ਯਾਰ ਦਾ) ਦੇ ਨਿਬੰਧ ਛਪੇ ਹਨ। ਜਗਤਾਰਜੀਤ ਸਿੰਘ ਦੇ 'ਡਾਇਰੀ ਦੇ ਵਰਕੇ' ਵੀ ਛਪੇ ਹਨ। ਅੰਤ ਵਿੱਚ ਕੁਝ ਪੁਸਤਕਾਂ ਦੀ ਅਰਤਿੰਦਰ ਸੰਧੂ, ਸ਼ੁਭਕਿਰਨ, ਇੰਦਰਪ੍ਰੀਤ ਕੌਰ, ਰਵਿੰਦਰ ਸੋਢੀ, ਕਵਲਪ੍ਰੀਤ ਕੌਰ, ਡਾ. ਚੰਦਰ ਪ੍ਰਕਾਸ਼, ਮਲਕੀਤ ਬਾਸੀ ਤੇ ਤੇਜਾ ਸਿੰਘ ਤਿਲਕ ਵੱਲੋਂ ਚਰਚਾ ਕੀਤੀ ਗਈ ਹੈ।




ਸੰਪਰਕ: ਸੰਪਾਦਕ ਏਕਮ (98153-02081), ਮੁੱਲ : 100 ਰੁਪਏ, ਸਫ਼ੇ : 80, ਪਤਾ : 404, ਤਿਲਕ ਨਗਰ, ਅੰਮ੍ਰਿਤਸਰ-143001

# ਅਵਤਾਰਜੀਤ ਦੀਆਂ ਨਵੀਆਂ ਕਵਿਤਾਵਾਂ



## ਵਕਤ ਦੇ ਸਫ਼ੇ 'ਤੇ....

ਵਕਤ ਦਾ ਇਹ ਕੋਰਾ,
ਬੇਦਾਗ਼ ਸਫ਼ਾ,
ਕਿਸੇ ਸ਼ਾਂਤ ਮਕਬਰੇ ਦੀ
ਸੰਗਮਰਮਰੀ ਹਿੱਕ ਨਹੀਂ,
ਇਹ ਤਾਂ ਲਹੂ-ਤੱਤ ਦੀ
ਮੰਗ ਕਰਦਾ ਜੰਗ ਦਾ ਮੈਦਾਨ....

ਜਿੱਥੇ ਹਰਫ਼ਾਂ ਨੇ ਤਣਨਾ ਸੀ ਤੀਰਾਂ ਵਾਂਗ,
ਅਰਥਾਂ ਨੇ ਵਗਣਾ ਸੀ ਸ਼ਮਸ਼ੀਰਾਂ ਵਾਂਗ

ਰਣਭੂਮੀ ਦੇ ਨੁੱਕਰ 'ਤੇ ਖੜ੍ਹੇ,
ਸਦੀ ਦੇ ਮਹਾਨ ਚਿੰਤਕ,
ਮਹਾਂਰਥੀ ਵਿਦਵਾਨ,
ਜ਼ਿਹਨ ਵਿੱਚ ਸ਼ਬਦਾਂ ਦੇ ਤਰਕਸ਼ ਸਾਂਭੀ,
ਹੱਥਾਂ ਵਿੱਚ ਮਰੀਆਂ ਕਲਮਾਂ ਦੀ ਲਾਸ਼ ਚੁੱਕੀ

ਵਕਤ ਦੇ ਬਦਲਦੇ ਤੇਵਰ ਦੇਖ,
ਸੱਚ ਦੀ ਸੂਲੀ ਤੋਂ ਪੈਰ ਪਿਛਾਂਹ ਖਿੱਚਦੇ,
ਚੁੱਪਚਾਪ ਗਲੀਆਂ ਦੇ ਅੰਧਕਾਰ ਵਿੱਚ ਗੁਆਚਦੇ....

ਕਲਮ ਦਾ ਧਰਮ
ਨਿੱਜ ਦੇ ਨੇਜ਼ੇ 'ਤੇ ਟੰਗ ਕੇ,
ਆਪਣੀ ਹੀ ਸਿਆਣਪ ਦੇ ਜਾਲ ਵਿੱਚ ਉਲਝੇ,
ਬੁਲਾਰੇ,
ਇਤਿਹਾਸ ਦੇ ਇਲਤੀ ਰਾਖੇ,
ਮੈਦਾਨ ਛੱਡ,
ਘਰਾਂ ਦੀ ਓਟ ਵੱਲ ਪਰਤ ਗਏ....

(2)

ਖ਼ਾਲੀ ਪੰਨੇ ਦੀ
ਚਿੱਟੀ ਚਮੜੀ 'ਤੇ,
ਹੁਣ ਕੋਈ ਸ਼ਬਦ ਨਹੀਂ ਉੱਗਦਾ,
ਸਿਰਫ਼ ਇੱਕ ਭਿਆਨਕ ਸੰਨਾਟਾ ਪਸਰਦਾ....

ਗੂੜ੍ਹੇ ਨਿਰਾਸ਼ ਮੌਨ ਦੇ ਅੰਦਰ,
ਧੜਕਣ, ਇੱਕ ਖ਼ੌਫ਼ਨਾਕ ਗੂੰਜ-
ਘੋੜਿਆਂ ਦੇ ਟਾਪਾਂ ਦੀ ਆਵਾਜ਼!

ਆਵਾਜ਼, ਜੋ ਨੀਂਦਾਂ ਨੂੰ ਨੋਚਦੀ,
ਚੇਤਨਾ ਦੇ ਬੰਦ ਕਿੱਲਿਆਂ ਨੂੰ ਹਿਲਾਉਂਦੀ
ਵਾਪਸ ਪਰਤ ਗਏ
ਪੈਰਾਂ ਦੇ ਨਿਸ਼ਾਨਾਂ 'ਤੇ,
ਸਮਕਾਲ ਦਾ ਹਾਸਾ ਤੈਰਦਾ
ਜਿਨ੍ਹਾਂ ਨਿਭਾਉਣਾ
ਬੁੱਧ ਹੋਣ ਦਾ ਅਸਲ ਸਦਕਾ,
ਉਹ ਦਰਬਾਰੀ ਮੁਸਕਾਨਾਂ ਦੇ
ਖ਼ਰੀਦਦਾਰ ਬਣੇ

ਸਫ਼ਾ ਅਜੇ ਵੀ ਉਡੀਕਦਾ,
ਬਿਨਾਂ ਲਿਖੇ ਸ਼ਬਦਾਂ ਦੇ ਕੁਰਲਾਹਟ ਸਹਿੰਦਾ,
ਇਹ ਭਗੌੜੇ ਦਾਨਿਸ਼ਮੰਦ,
ਵਕਤ ਦੀ ਹਿੱਕ 'ਤੇ ਕਾਇਰਤਾ ਦੀ ਇਬਾਰਤ ਲਿਖ,
ਆਪਣੀ ਹੀ ਚੁੱਪ ਦੇ ਕਫ਼ਨ ਵਿੱਚ ਸੌਂਦੇ

(3)

ਗਲੋਬਲ ਸਲੱਮ
ਤੇ ਬੌਧਿਕ ਮਾਰੂਥਲ
ਵਕਤ ਦਾ ਇਹ ਕੋਰਾ
ਬੇਦਾਗ਼ ਸਫ਼ਾ,
ਕਿਸੇ ਨੀਓਨ-ਲਾਈਟ ਦੀ ਚਮਕ ਜਿਹਾ,
ਨਸ਼ੇੜੀ ਸੱਭਿਅਤਾ ਦੀ ਹਿੱਕ 'ਤੇ ਤਣਿਆ
ਜੰਗ ਦਾ ਮੈਦਾਨ

ਜਿੱਥੇ ਪਿਘਲਦੇ ਗਲੇਸ਼ੀਅਰਾਂ ਦੇ ਹੰਝੂ,
ਤੇ ਪ੍ਰਦੂਸ਼ਿਤ ਹਵਾਵਾਂ ਦੀ ਜ਼ਹਿਰੀਲੀ ਸਾਜ਼ਿਸ਼,
ਕਲਮ ਦੀ ਨੋਕ ਤੋਂ
ਖ਼ੂਨ ਬਣ ਕੇ ਵਗਣ ਦੀ ਮੰਗ ਕਰਦੇ
ਪ੍ਰਮਾਣੂ ਛਤਰੀਆਂ ਹੇਠ ਸਿਸਕਦੀ ਮਨੁੱਖਤਾ
ਤੇ ਸਕ੍ਰੀਨਾਂ 'ਤੇ ਵਿਕਦੇ ਵਰਚੁਅਲ ਸੁਪਨੇ
ਸਿਆਹੀ ਤੋਂ ਹਿਸਾਬ ਮੰਗਦੇ

ਡਿਜੀਟਲ ਦੁਨੀਆ ਦੇ ਵਾਤਾਨੁਕੂਲਿਤ ਕਮਰਿਆਂ ਵਿੱਚ ਬੈਠੇ

ਸੰਸਾਰ-ਪ੍ਰਸਿੱਧ ਕਿਤਾਬਾਂ ਖਿਤਾਬਾਂ ਦੇ ਵਪਾਰੀ
ਐਵਾਰਡਾਂ ਦੀ ਲਿਸ਼ਕਵੀਂ ਸੂਚੀ 'ਚ ਨਾਂਅ ਟੋਲਦੇ
ਗਲੋਬਲ ਵਾਰਮਿੰਗ ਦੇ ਸੇਕ ਤੋਂ ਡਰਦੇ
ਯੁੱਧਾਂ ਦੀ ਅੱਗ 'ਚ ਸੜਦੇ
ਬੱਚਿਆਂ ਦੀਆਂ ਚੀਕਾਂ ਤੋਂ ਅੱਖਾਂ ਚੁਰਾਉਂਦੇ
ਮੰਡੀ ਦੇ ਨਵੇਂ ਨਸਤਰਾਂ ਨਾਲ
ਸਿਆਣਪ ਦਾ ਮੁੱਲ ਵੱਟਦੇ

ਖ਼ਾਲੀ ਪੰਨੇ ਦੀ ਚੁਣੌਤੀ ਦੇਖ
ਵਕਤ ਦੇ ਤੇਵਰਾਂ ਤੋਂ ਘਬਰਾ ਕੇ
ਓਟ ਲਈ ਸਾਈਬਰ-ਸਪੇਸ ਦੇ ਅੰਧਕਾਰ ਵੱਲ ਵਾਪਸ ਪਰਤਦੇ

(4)

ਕਲਪਿਤ ਰਿਸ਼ਤਿਆਂ ਦੇ
ਗਲੋਬਲ ਜਾਲ 'ਚ ਉਲਝੀ,
ਇਹ ਆਧੁਨਿਕ ਮਨੁੱਖੀ ਨਸਲ,

ਆਪਣੇ ਹੀ ਹੱਥੀਂ ਸਿਰਜੇ
ਆਰਟੀਫੀਸ਼ੀਅਲ ਯੁੱਗ ਦੀ ਗੁਲਾਮ
ਸਫ਼ੇਦ ਪੰਨੇ 'ਤੇ ਉੱਗਣ ਦੀ ਬਜਾਏ,
ਸ਼ਬਦ ਹੁਣ
ਕਾਰਪੋਰੇਟ ਫਾਈਲਾਂ ਦੇ ਗੁਦਾਮਾਂ 'ਚ ਦਮ ਤੋੜਦੇ

ਡੂੰਘੇ ਬੌਧਿਕ ਮੌਨ ਦੇ ਆਰ-ਪਾਰ
ਘੋੜਿਆਂ ਦੇ ਟਾਪਾਂ ਦੀ ਆਵਾਜ਼
ਤੀਜੀ ਅੱਖ ਦੇ ਬੇਲਗਾਮ ਘੋੜੇ
ਜੋ ਕੁਦਰਤ,
ਕਾਲ ਤੇ ਰੂਹਾਂ ਨੂੰ ਲਤਾੜਦੇ ਅੱਗੇ ਵਧਦੇ

ਵਾਪਸ ਪਰਤ ਗਏ
ਚਿੰਨ੍ਹਾਂ ਦੇ ਆਈ-ਪੈਡਾਂ 'ਤੇ
ਹੁਣ ਸਿਰਫ਼ ਡਾਲਰਾਂ ਤੇ
ਲਾਈਕਸ ਦੇ ਅੰਕੜੇ ਤੈਰਦੇ

ਜਿਨ੍ਹਾਂ ਨਿਭਾਉਣਾ
ਬ੍ਰਹਿਮੰਡੀ ਚੇਤਨਾ ਦਾ ਸਦਕਾ
ਉਹ ਮੈਟਾਵਰਸ ਭੁਲੇਖਿਆਂ 'ਚ ਗੁਆਚੇ
ਕਾਇਰਤਾ ਦੇ ਗਲੋਬਲ ਵੀਜ਼ੇ 'ਤੇ
ਸਫ਼ਰ ਕਰਦੇ ਇਹ ਦਾਨਿਸ਼ਮੰਦ

ਆਪਣੀ ਹੀ ਸਵੈ-ਕੇਂਦਰਿਤ ਚੁੱਪ ਦੇ
ਕਫ਼ਨ 'ਚ ਸੌਂਦੇ
ਤੇ ਵਕਤ ਦਾ ਸਫ਼ਾ ਅਜੇ ਵੀ ਖ਼ਾਲੀ

ਬਚਨ ਤੋਂ ਕੋਰਾ,
ਇਤਿਹਾਸ ਦੇ ਅਗਲੇ
ਮਹਾਂ-ਯੁੱਧ ਦੀ ਉਡੀਕ ਕਰਦਾ
ਅਨਾਦਿ ਸ਼ੂਨ ਤੇ ਹੋਂਦ ਦਾ ਰਣਖੇਤਰ

(5)

ਵਕਤ ਦਾ ਇਹ ਕੋਰਾ
ਬੇਦਾਗ਼ ਸਫ਼ਾ

ਕਿਸੇ ਪੱਥਰ ਹੋ ਚੁੱਕੇ ਗਲੇਸ਼ੀਅਰ ਦੀ
ਆਖਰੀ ਚੀਕ,
ਹੋਂਦ ਤੇ ਅਣਹੋਂਦ ਦੇ ਆਰ-ਪਾਰ ਪਸਰਿਆ ਪ੍ਰਕਿਰਤੀ ਦਾ ਮਹਾਂ- ਉੱਤਸਵ

ਜਿੱਥੇ ਮਿੱਟੀ ਦੇ ਕਣ-ਕਣ 'ਚੋਂ
ਉੱਠਦਾ ਸਦੀਵੀ ਸਵਾਲ,
ਲੋਹ-ਗਰਭੀ ਸ਼ਹਿਰਾਂ ਦੇ
ਧੂੰਏਂ 'ਚ ਦਮ ਤੋੜਦੀ ਬਨਸਪਤੀ,

ਤੇ ਨਦੀਆਂ ਦੇ ਸੁੱਕ ਰਹੇ ਲਹੂ ਦੀ ਇਬਾਰਤ,
ਸ਼ਬਦ ਦੀ ਆਖਰੀ ਬ੍ਰਹਿਮੰਡੀ ਗਵਾਹੀ ਮੰਗਦੇ
ਧਰਤੀ ਦੀ ਹਿੱਕ 'ਤੇ ਉੱਕਰਿਆ
ਇਹ ਜੰਗ ਦਾ ਮੈਦਾਨ,
ਮਨੁੱਖੀ ਹੱਦਬੰਦੀ ਦਾ ਮੁਹਤਾਜ ਨਹੀਂ,
ਤਾਂ ਬ੍ਰਹਿਮੰਡੀ ਚੇਤਨਾ ਦੀ
ਧਾਰ 'ਤੇ ਤਣਿਆ ਸ਼ਬਦ ਰਣਖੇਤਰ

ਪ੍ਰਗਤੀ ਦੇ ਪੋਸਟ-ਮਾਡਰਨ ਭੁਲੇਖਿਆਂ 'ਚ ਉਲਝੇ ਸੂਖਮ-ਬੋਧ
ਕੁਦਰਤ ਨਾਲੋਂ ਟੁੱਟੇ
ਆਪਣੇ ਹੀ ਬਣਾਏ
ਕੱਚ ਦੇ ਘਰਾਂ 'ਚ ਕੈਦ
ਅਰਥਾਂ ਦੇ ਮਾਰੂਥਲ 'ਚ
ਸਿਧਾਂਤਾਂ ਦੀ ਰੇਤ ਫੋਲਦੇ

ਜਦੋਂ ਬ੍ਰਹਿਮੰਡ ਨੇ ਹੋਂਦ ਦੀ ਅਸਲ ਕੀਮਤ ਮੰਗੀ
ਜਦੋਂ ਰੂਹਾਂ ਦੇ ਉਜਾੜੇ ਨੇ ਲਲਕਾਰਿਆ,
ਤਾਂ ਉਹ ਅਕਾਦਮਿਕ ਬਹਿਸਾਂ ਦੇ
ਸੁਰੱਖਿਅਤ ਦਰਵਾਜ਼ੇ ਭੇੜ
ਆਪਣੀ ਹੀ ਸਿਆਣਪ ਦੇ
ਸੌੜੇ ਕੋਣਾਂ ਵੱਲ ਚੁੱਪਚਾਪ ਪਰਤਦੇ

ਕੁਦਰਤ ਦੇ ਅਧਿਆਤਮਕ
ਰਿਸ਼ਤੇ ਤੋਂ ਮੁੱਖ ਮੋੜ
ਮਹਿਜ਼ ਸਵੈ-ਚਿੱਤ ਹੋਂਦ ਦੇ
ਖ਼ੋਲ 'ਚ ਸੁੰਗੜਦੇ

(6)

ਕਲਪਿਤ ਰਿਸ਼ਤਿਆਂ ਤੇ
ਡਿਜੀਟਲ ਮਾਇਆ ਦੇ ਜਾਲ 'ਚ
ਸਿਸਕਦੀ ਇਹ ਨਸਲ,
ਆਪਣੇ ਹੀ ਹੱਥੀਂ ਸਿਰਜੀ ਮਸ਼ੀਨ ਦੀ ਗੁਲਾਮ,
ਚੇਤਨਾ ਦੇ ਸਿਖਰ 'ਤੇ ਬੈਠੀ ਵੀ
ਅੰਦਰੋਂ ਕੋਰੀ ਸੱਖਣੀ

ਸਫ਼ੇਦ ਪੰਨੇ 'ਤੇ
ਪ੍ਰਕਿਰਤੀ ਦੇ ਰੰਗ ਉਗਾਉਣ ਦੀ ਬਜਾਏ
ਸ਼ਬਦ ਹੁਣ ਅਮੂਰਤ ਫ਼ਲਸਫ਼ਿਆਂ ਦੇ ਮਕਬਰਿਆਂ 'ਚ ਦਮ ਤੋੜਦੇ

ਡੂੰਘੇ ਬੌਧਿਕ ਸਨਾਟੇ ਦੇ ਆਰ-ਪਾਰ
ਘੋੜਿਆਂ ਦੇ ਟਾਪਾਂ ਦੀ ਆਵਾਜ਼!
ਆਵਾਜ਼
ਕਿਸੇ ਬਾਹਰੀ ਲਸ਼ਕਰ ਦੀ ਨਹੀਂ,

ਵਕਤ ਦੇ ਬੇਲਗਾਮ ਘੋੜੇ,
ਜੋ ਮਨੁੱਖੀ ਸੰਵੇਦਨਾ ਨੂੰ ਕੁਚਲਦੇ,
ਪ੍ਰਕਿਰਤੀ ਦੇ ਅਨਾਦਿ ਨਿਯਮਾਂ ਨੂੰ ਲਤਾੜਦੇ ਅੱਗੇ ਵਧਦੇ....
ਵਾਪਸ ਪਰਤ ਗਏ
ਕਦਮਾਂ ਦੇ ਨਿਸ਼ਾਨਾਂ 'ਤੇ
ਹੁਣ ਸਿਰਫ਼ ਸਵੈ-ਮੋਹ
ਤੇ ਵਰਚੁਅਲ ਅੰਕੜਿਆਂ ਦੀ ਧੂੜ ਉੱਡਦੀ

ਨਿਭਾਉਣਾ
ਬ੍ਰਹਿਮੰਡੀ ਚਾਨਣ ਦਾ ਅਸਲ ਧਰਮ
ਖ਼ੁਦ ਹੀ ਇਸ ਮਸ਼ੀਨੀ ਯੁੱਗ ਦੇ
ਬੇਜਾਨ ਪੁਰਜ਼ੇ ਬਣੇ
ਸਿਰਜਿਤ ਅਰਥਹੀਣਤਾ ਦੇ
ਕਫ਼ਨ 'ਚ ਸੌਂਦੇ ਇਹ ਸੂਖਮ-ਬੋਧ
ਇਤਿਹਾਸ ਦੇ ਅਗਲੇ ਮਹਾਂ-ਸ਼ੂਨ ਵੱਲ ਵਧਦੇ

ਤੇ ਵਕਤ ਦਾ ਸਫ਼ਾ
ਅਜੇ ਵੀ ਖ਼ਾਲੀ, ਬਿਲਕੁਲ ਕੋਰਾ
ਪ੍ਰਕਿਰਤੀ ਦੇ ਕਿਸੇ ਸੱਚੇ,
ਅਣਜੰਮੇ ਸ਼ਬਦ ਦੀ ਉਡੀਕ ਕਰਦਾ....

**ਸੰਪਰਕ** : 99142-03231

# ਕਿਵੇਂ ਹੋਵੇ ਸਿੱਖਿਆ ਵਿੱਚ ਸੁਧਾਰ

**ਮੱਖਣ ਸਿੰਘ ਕੁਹਾੜ**

ਇਸ ਵਕਤ ਦੇਸ਼ ਭਰ ਵਿੱਚ ਇਹ ਚਰਚਾ ਜ਼ੋਰਾਂ 'ਤੇ ਹੈ ਕਿ ਭਾਰਤ ਦੀ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਹੋਣਾ ਚਾਹੀਦਾ ਹੈ, ਪਰੰਤੂ ਇਹ ਕਿਵੇਂ ਹੋਵੇ? ਜ਼ਰਜ਼ਰ ਹੋ ਚੁੱਕੀ ਸਿੱਖਿਆ ਰੂਪੀ ਇਮਾਰਤ ਨੂੰ ਕਿਵੇਂ ਬਚਾਇਆ ਜਾਵੇ। ਪੱਕਾ ਇਲਾਜ ਤਾਂ ਇਹੋ ਹੈ ਕਿ ਇਸ ਨੂੰ ਮੁੱਢੋਂ-ਸੁੱਢੋਂ ਢਾਹ ਕੇ ਨਵੀਂ ਇਮਾਰਤ ਉਸਾਰੀ ਜਾਵੇ। ਮੁਰੰਮਤ ਤਾਂ ਇਸ ਦੀ ਬਹੁਤ ਵਾਰ ਹੋ ਚੁੱਕੀ ਹੈ, ਪਰ ਹੁਣ ਤਾਂ ਨੀਹਾਂ ਹੀ ਗਲ-ਸੜ ਗਈਆਂ ਹੋਈਆਂ ਹਨ। ਕੀ ਕੀਤਾ ਜਾਵੇ? ਨੀਟ ਪ੍ਰੀਖਿਆ ਵਿੱਚ ਪੇਪਰ ਲੀਕ ਹੋਣ ਵਿਰੁੱਧ ਦੇਸ਼ ਦੇ ਨੌਜਵਾਨਾਂ ਤੇ ਵਿਦਿਆਰਥੀਆਂ ਵੱਲੋਂ ਮੁਜ਼ਾਹਰਿਆਂ ਤੋਂ ਬਾਅਦ ਸਿੱਖਿਆ ਢਾਂਚੇ ਵਿੱਚ ਤਬਦੀਲੀ ਦੀ ਅੱਗ ਦੇਸ਼ ਭਰ ਵਿੱਚ ਭਾਂਬੜ ਬਣ ਕੇ ਬਲ ਚੁੱਕੀ ਹੈ।

ਭਾਰਤ ਦੇ ਚੀਫ਼ ਜਸਟਿਸ 'ਮਾਣਯੋਗ' ਸ੍ਰੀ ਸੂਰਿਆ ਕਾਂਤ ਦਾ ਸਾਰੇ ਦੇਸ਼ ਨੂੰ ਧੰਨਵਾਦੀ ਹੋਣਾ ਚਾਹੀਦਾ ਹੈ, ਜਿਨ੍ਹਾਂ ਨੇ ਬੇਰੋਜ਼ਗਾਰਾਂ ਨੂੰ ਕਾਕਰੋਚ ਤੇ ਪਰਜੀਵੀ ਕਹਿ ਕੇ, ਉਹਨਾਂ ਨੂੰ ਇੱਕਮੁੱਠ ਹੋਣ ਦਾ ਸੁਨਹਿਰੀ ਮੌਕਾ ਦਿੱਤਾ ਹੈ। ਭਾਵੇਂ ਇਹ ਕੇਂਦਰ ਦੀ ਮੋਦੀ ਸਰਕਾਰ ਦੀ ਭਾਵਨਾ ਦੀ ਤਰਜਮਾਨੀ ਹੀ ਉਨ੍ਹਾਂ ਕੀਤੀ ਸੀ ਤੇ ਇਸ ਤੋਂ ਪਹਿਲਾਂ ਪੱਛਮੀ ਬੰਗਾਲ ਵਿੱਚ 27 ਲੱਖ ਵੋਟਰਾਂ ਨੂੰ ਇਹ ਕਹਿ ਕੇ ਕਿ 'ਜੇ ਇਹ ਲੋਕ ਇਸ ਵਾਰ ਵੋਟਾਂ ਨਾ ਵੀ ਪਾਉਣਗੇ ਤਾਂ ਕੀ ਹੈ।' ਸਰਕਾਰ ਤੇ ਨਿਆਂਪਾਲਕਾ ਦੀ ਇੱਕਮਿਕਤਾ ਦਾ ਪ੍ਰਗਟਾਵਾ ਕਰ ਦਿੱਤਾ ਸੀ। ਪ੍ਰਧਾਨ ਮੰਤਰੀ ਸ੍ਰੀ ਮੋਦੀ ਵੱਲੋਂ 15 ਅਗਸਤ 2026 ਨੂੰ ਆਜ਼ਾਦੀ ਦਿਹਾੜੇ 'ਤੇ ਲਾਲ ਕਿਲ੍ਹੇ 'ਤੇ ਭਾਸ਼ਣ ਦੇਂਦਿਆਂ 'ਦਿਮਾਗ਼ੀ ਨਕਸਲੀਆਂ' ਤੋਂ ਸੁਚੇਤ ਰਹਿਣ ਦੇ ਸੁਨੇਹੇ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕਰ ਦਿੱਤਾ। ਇਸ ਨਾਲ ਮੋਦੀ ਸਰਕਾਰ ਦਾ ਸਿੱਖਿਆ ਦਾ ਉਦੇਸ਼ ਐਨ ਸਪੱਸ਼ਟ ਕਰ ਦਿੱਤਾ ਹੈ ਕਿ ਐਸੀ ਸਿੱਖਿਆ ਨਹੀਂ ਚਾਹੀਦੀ, ਜੋ ਦੇਸ਼ ਦੇ ਨਾਗਰਿਕ ਨੂੰ ਐਨਾ ਸੂਝਵਾਨ ਕਰੇ ਕਿ ਉਹ ਸਰਕਾਰ 'ਤੇ ਕੋਈ ਸਵਾਲ ਕਰਨ ਯੋਗ ਹੋਣ ਅਤੇ ਬੀ.ਜੇ.ਪੀ., ਆਰ.ਐੱਸ.ਐੱਸ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਕਰਨ। ਉਹਦਾ ਦਿਮਾਗ਼ ਖੱਬੇ ਪੱਖੀ ਤੇ ਖੋਜੀ ਬਿਰਤੀ ਵਾਲਾ ਤਾਂ ਹਰਗਿਜ਼ ਨਹੀਂ ਹੋਣਾ ਚਾਹੀਦਾ।

ਜੋ ਵੀ ਹੈ, ਇਸ ਵਕਤ ਇਹ ਸੋਚਣਾ ਬਣਦਾ ਹੈ ਕਿ ਸਿੱਖਿਆ ਵਿੱਚ ਕਿਵੇਂ ਸੁਧਾਰ ਹੋ ਸਕਦਾ ਹੈ। ਇਸ ਲਈ ਸਿੱਖਿਆ ਦੀ ਮੌਜੂਦਾ ਸਥਿਤੀ ਵੱਲ ਵੀ ਝਾਤ ਮਾਰਨੀ ਬਣਦੀ ਹੈ।

ਦੇਸ਼ ਦੀ ਆਜ਼ਾਦੀ ਬਾਅਦ ਹੁਣ ਤੱਕ ਕਈ ਸਿੱਖਿਆ ਆਯੋਗ (ਐਜੂਕੇਸ਼ਨ ਕਮਿਸ਼ਨ) ਬਣੇ ਹਨ। ਯੂਨੀਵਰਸਿਟੀ ਸਿੱਖਿਆ ਕਮਿਸ਼ਨ (1948-49), ਸੈਕੰਡਰੀ ਸਿੱਖਿਆ ਕਮਿਸ਼ਨ (1952-53), ਸਿੱਖਿਆ ਕਮਿਸ਼ਨ (1964-66), ਨੈਸ਼ਨਲ ਸਿੱਖਿਆ ਕਮਿਸ਼ਨ-2009, ਐਲੀਮੈਂਟਰੀ ਸਿੱਖਿਆ ਵਿੱਚ ਇਕਸਾਰਤਾ ਲਈ ਸਰਵ ਸਿੱਖਿਆ ਅਭਿਆਨ (ਐੱਸ.ਐੱਸ.ਏ.-2001) ਅਤੇ ਹੁਣ ਨਵੀਂ ਸਿੱਖਿਆ ਨੀਤੀ 2020 ਨਰੇਂਦਰ ਮੋਦੀ ਸਰਕਾਰ ਨੇ ਲਿਆਂਦੀ ਹੈ।

ਪਹਿਲੀ ਸਿੱਖਿਆ ਨੀਤੀ 1968 ਕੋਠਾਰੀ ਕਮਿਸ਼ਨ ਦੀ ਰਿਪੋਰਟ 'ਤੇ ਆਧਾਰਤ ਸੀ। ਫੇਰ 1986 ਵਿੱਚ ਰਾਜੀਵ ਗਾਂਧੀ ਦੀ ਸਰਕਾਰ ਵੱਲੋਂ ਸਿੱਖਿਆ ਨੀਤੀ ਲਿਆਂਦੀ ਗਈ ਤੇ ਹੁਣ 29 ਜੁਲਾਈ 2020 ਤੋਂ ਨਵੀਂ ਇਹ ਸਿੱਖਿਆ ਨੀਤੀ ਚਾਲੂ ਕੀਤੀ ਗਈ ਹੈ। ਪਹਿਲੀ ਸਿੱਖਿਆ ਨੀਤੀ ਜੋ ਕੋਠਾਰੀ ਕਮਿਸ਼ਨ 'ਤੇ ਆਧਾਰਤ ਸੀ, ਨਾਲ ਸਿੱਖਿਆ ਵਿੱਚ ਕਾਫ਼ੀ ਸੁਧਾਰ ਹੋਏ। ਨਿੱਜੀ ਸਕੂਲਾਂ ਨੂੰ ਠੱਲ੍ਹ ਪਈ ਤੇ ਜੋ ਖ਼ਾਲਸਾ, ਡੀ.ਏ.ਵੀ. ਜਾਂ ਮਿਸ਼ਨਰੀ ਸਕੂਲ ਆਦਿ ਚੱਲ ਰਹੇ ਸਨ, ਉਨ੍ਹਾਂ ਨੂੰ ਵੀ 95 ਫੀਸਦੀ ਸਹਾਇਤਾ ਦੇ ਕੇ ਇੱਕ ਤਰ੍ਹਾਂ ਸਰਕਾਰੀ (ਏਡਿਡ ਸਕੂਲ) ਬਣਾ ਦਿੱਤਾ। ਪਰੰਤੂ ਉਸ ਵੱਲੋਂ ਸਿੱਖਿਆ ਉੱਪਰ ਦੇਸ਼ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦਾ 6 ਫੀਸਦੀ ਖ਼ਰਚ ਕਰਨ ਦੀ ਸਲਾਹ ਕਦੇ ਵੀ ਪੂਰੀ ਨਹੀਂ ਹੋਈ। ਪਰ ਉਸ ਸਮੇਂ ਤੀਕ ਇਹ ਸਿੱਖਿਆ ਕੇਵਲ ਪ੍ਰਾਂਤਾਂ ਦਾ ਵਿਸ਼ਾ ਹੀ ਸੀ। ਕੇਂਦਰ ਦਾ ਸਿਵਾਏ ਜੀ.ਡੀ.ਪੀ. ਦੇ 6 ਫੀਸਦੀ ਹਿੱਸਾ ਦੇਣ ਦੇ ਯਤਨਾਂ ਦੇ ਹੋਰ ਕੋਈ ਦਬਾਅ ਨਹੀਂ ਸੀ ਪਰੰਤੂ ਐਮਰਜੈਂਸੀ ਦੌਰਾਨ 1976 ਨੂੰ ਸੰਵਿਧਾਨ ਦੀ 42ਵੀਂ ਸੋਧ ਰਾਹੀਂ ਸਿੱਖਿਆ ਨੂੰ ਸਮਵਰਤੀ ਸੂਚੀ ਵਿੱਚ ਸ਼ਾਮਲ ਕਰਨ ਨਾਲ ਭਾਰਤੀ ਸਿੱਖਿਆ ਵਿੱਚ ਵਿਗਾੜ ਸ਼ੁਰੂ ਹੋਏ, ਜੋ ਲਗਾਤਾਰ ਵਧਦੇ ਗਏ। ਏਸੇ ਦੌਰਾਨ 1982 ਨੂੰ ਕੇਂਦਰ ਸਰਕਾਰ ਨੇ ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈ.ਐੱਮ.ਐੱਫ਼) ਤੋਂ 5.8 ਅਰਬ ਅਮਰੀਕੀ ਡਾਲਰਾਂ ਦਾ ਕਰਜ਼ਾ ਲਿਆ, ਜਿਸ ਵਿੱਚ ਸਿੱਖਿਆ ਢਾਂਚੇ ਦੇ ਅਤੇ ਹੋਰ ਕਈ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਸ਼ਰਤ ਵੀ ਸੀ, ਜੋ ਮਨਜ਼ੂਰ ਕਰ ਲਈ ਗਈ।

1986 ਦੀ ਨਵੀਂ ਸਿੱਖਿਆ ਨੀਤੀ ਰਾਹੀਂ ਸਿੱਖਿਆ ਦੀਆਂ ਡਿਗਰੀਆਂ ਨਾਲੋਂ ਨੌਕਰੀਆਂ ਦਾ ਸੰਬੰਧ ਤੋੜ ਕੇ ਨਿਰੋਲ ਟੈਸਟ ਆਧਾਰਤ ਨੌਕਰੀਆਂ ਦਾ ਸਿਲਸਿਲਾ ਸ਼ੁਰੂ ਹੋਇਆ। ਸਰਕਾਰੀ ਸਕੂਲਾਂ ਦੀ ਅਹਿਮੀਅਤ ਘਟਣ ਲੱਗੀ। ਸਿੱਟੇ ਵਜੋਂ ਥਾਂ-ਥਾਂ ਕੋਚਿੰਗ ਸੈਂਟਰ ਤੇ ਅੰਗਰੇਜ਼ੀ ਮਾਧਿਅਮ ਦੇ ਨਿੱਜੀ ਸਕੂਲਾਂ ਦਾ ਦੌਰ ਚੱਲ ਪਿਆ। ਪਿੰਡ-ਪਿੰਡ ਸਰਕਾਰੀ ਸਕੂਲਾਂ ਦੇ ਬਰਾਬਰ ਪ੍ਰਾਈਵੇਟ ਸਕੂਲ ਧੜਾਧੜ ਖੁੱਲ੍ਹ ਗਏ। ਮਾਂ ਬੋਲੀ ਦੀ ਥਾਂ ਅੰਗਰੇਜ਼ੀ ਨੇ ਮੱਲ ਲਈ। ਨਿੱਜੀ ਸਕੂਲਾਂ ਦੀਆਂ ਚੰਗੀਆਂ ਇਮਾਰਤਾਂ ਤੇ ਹੋਰ ਸੁੱਖ ਸਹੂਲਤਾਂ ਵੇਖ ਕੇ ਅਮੀਰ ਲੋਕ ਆਪਣੇ ਬੱਚੇ ਨਿੱਜੀ ਅੰਗਰੇਜ਼ੀ ਸਕੂਲਾਂ ਵਿੱਚ ਪਾਉਣ ਲੱਗੇ। ਸਰਕਾਰੀ ਸਕੂਲ ਸਿਰਫ਼ ਗ਼ਰੀਬਾਂ ਲਈ ਹੀ ਰਹਿ ਗਏ। ਇੱਥੋਂ ਹੀ ਭਾਰਤੀ ਸਿੱਖਿਆ ਦਾ ਪਤਨ ਸ਼ੁਰੂ ਹੋਇਆ। ਜਦ ਤੱਕ ਮੰਤਰੀ ਤੇ ਸੰਤਰੀ ਦਾ, ਲੰਬੜਦਾਰ ਤੇ ਚੌਂਕੀਦਾਰ ਦਾ ਬੱਚਾ ਇਕੱਠੇ ਪੜ੍ਹਦੇ ਰਹੇ, ਦੇਸ਼ ਤਰੱਕੀ ਕਰਦਾ ਰਿਹਾ, ਪਰ ਇਸ ਨਵੇਂ ਦੌਰ ਨੇ ਸਿੱਖਿਆ ਦਾ ਢਾਂਚਾ ਹੀ ਤਬਾਹ ਕਰ ਦਿੱਤਾ, ਕਿਉਂਕਿ ਅਮੀਰ ਸ਼੍ਰੇਣੀ ਦੀ ਇਨ੍ਹਾਂ ਤੋਂ ਨਿਗਰਾਨੀ ਖ਼ਤਮ ਹੋ ਗਈ। ਸਰਕਾਰ ਨੇ ਗ਼ਰੀਬਾਂ ਲਈ ਦਿੱਤੀ ਜਾ ਰਹੀ ਸਰਕਾਰੀ ਸਕੂਲੀ ਸਿੱਖਿਆ 'ਤੇ ਖ਼ਰਚ ਹੋਰ ਘਟਾ ਦਿੱਤੇ। ਕੋਈ ਬੁਨਿਆਦੀ ਢਾਂਚਾ ਨਾ ਰਿਹਾ। ਅਧਿਆਪਕਾਂ ਦੀ ਬੇਹੱਦ ਘਾਟ ਹੋ ਗਈ। ਅੱਧਿਓਂ ਵੱਧ ਪ੍ਰਾਇਮਰੀ (ਪੰਜਵੀਂ ਸ਼੍ਰੇਣੀ ਤੀਕ) ਸਮੇਤ ਮਿਡਲ (8ਵੀਂ ਤੀਕ) ਸਕੂਲਾਂ 'ਚ ਸਿਰਫ਼ ਇੱਕ-ਇੱਕ ਹੀ ਅਧਿਆਪਕ ਰਹਿ ਗਿਆ। ਸਿਵਾਏ ਅਧਿਆਪਕਾਂ ਦੀ ਸਾਂਝੀ ਗੌਰਮਿੰਟ ਟੀਚਰ ਯੂਨੀਅਨ ਦੇ ਲੋਕ ਇਸ ਬਾਰੇ ਸੁਚੇਤ ਨਾ ਹੋਏ। ਸਿੱਖਿਆ ਦਾ ਭੱਠਾ ਉੱਕਾ ਹੀ ਬੈਠ ਗਿਆ। ਸਰਕਾਰੀ ਅਧਿਆਪਕਾਂ ਦੀਆਂ ਗ਼ੈਰ ਵਿੱਦਿਅਕ ਕੰਮਾਂ ਵਿੱਚ ਡਿਊਟੀਆਂ ਲੱਗਣ ਲੱਗੀਆਂ। ਸਰਕਾਰੀ ਸਕੂਲਾਂ ਵਿੱਚ ਸਿਆਸੀ ਦਖ਼ਲ ਵਧਦਾ ਗਿਆ। ਇਮਤਿਹਾਨਾਂ ਵਿੱਚ ਨਕਲ ਦਾ ਰੁਝਾਨ ਹੋਰ ਵੀ ਵਧ ਗਿਆ। ਦੂਜੇ ਪਾਸੇ ਨਿੱਜੀ ਸਕੂਲ, ਕਾਲਜ ਮਾਲਕ ਮਾਲਾਮਾਲ ਹੁੰਦੇ ਗਏ। ਸਿੱਖਿਆ ਦੀ ਮੰਦੀ ਹਾਲਤ ਦੱਸ ਕੇ ਵਾਜਪਾਈ ਸਰਕਾਰ ਨੇ 2001 ਵਿੱਚ ਸਿੱਖਿਆ 'ਤੇ ਖ਼ਰਚਾ ਹੋਰ ਘੱਟ ਕਰਨ ਦੇ ਮਕਸਦ ਨਾਲ ਸਰਵ ਸਿੱਖਿਆ ਅਭਿਆਨ (ਐੱਸ.ਐੱਸ.ਏ.) ਸ਼ੁਰੂ ਕੀਤਾ ਤੇ 1.1.2004 ਤੋਂ ਬਾਅਦ ਦੇ ਲੱਗੇ ਅਧਿਆਪਕਾਂ ਦੀਆਂ ਪੈਨਸ਼ਨਾਂ ਬੰਦ ਕਰਨ ਦਾ ਆਦੇਸ਼ ਵੀ ਆ ਗਿਆ। ਭਾਵ ਸਿੱਖਿਆ 'ਤੇ ਖ਼ਰਚਾ ਜੋ ਥੋੜ੍ਹਾ-ਬਹੁਤ ਵੀ ਕਰਨਾ ਸੀ, ਉਸ ਦਾ ਬੋਝ ਮੁਲਾਜ਼ਮਾਂ ਸਿਰ ਪਾ ਦਿੱਤਾ ਗਿਆ।

ਸਰਵ ਸਿੱਖਿਆ ਅਭਿਆਨ ਨੇ ਅਧਿਆਪਕਾਂ ਦੀ ਹਾਲਤ ਸੜਕ 'ਤੇ ਰੋੜੀ ਕੁੱਟਦੇ ਦਿਹਾੜੀਦਾਰ ਮਜ਼ਦੂਰਾਂ ਤੋਂ ਵੀ ਮੰਦੀ ਕਰ ਦਿੱਤੀ। 3-3, 4-4 ਹਜ਼ਾਰ 'ਤੇ ਅਧਿਆਪਕ ਭਰਤੀ ਕੀਤੇ ਗਏ। ਉਸ ਵਿੱਚ 60 ਫੀਸਦੀ ਹਿੱਸਾ ਕੇਂਦਰ ਦਾ ਤੇ 40 ਫੀਸਦੀ ਹਿੱਸਾ ਪ੍ਰਾਂਤਕ ਸਰਕਾਰਾਂ ਨੂੰ ਭਰਨਾ ਪਿਆ। ਸੰਵਿਧਾਨ ਵੀ ਉਸ ਵਕਤ ਦੜ ਵੱਟ ਕੇ ਲੁਕਛੁਪ ਕੇ ਬਹਿ ਗਿਆ, ਜਦ ਬਰਾਬਰ ਕੰਮ ਲਈ ਬਰਾਬਰ ਤਨਖ਼ਾਹ ਦਾ ਨਿਯਮ ਤਹਿਸ-ਨਹਿਸ ਕਰ ਦਿੱਤਾ। ਓਸੇ ਸਕੂਲ ਦਾ ਬਰਾਬਰ ਯੋਗਤਾ ਵਾਲਾ ਅਧਿਆਪਕ ਇੱਕ ਪਾਸੇ 5 ਹਜ਼ਾਰ ਤੇ ਦੂਜੇ ਪਾਸੇ 50 ਹਜ਼ਾਰ ਤਨਖ਼ਾਹ ਲੈਣ ਲੱਗਾ। ਐੱਸ.ਐੱਸ.ਏ. 'ਚ ਕੰਮ ਕਰਦੇ ਅਧਿਆਪਕ ਨੂੰ ਬੱਚੇ ਪੜ੍ਹਾਉਣ, ਬੱਚਿਆਂ ਨੂੰ ਚੰਗੇ ਮਨੁੱਖ ਬਣਾਉਣ ਦੀ ਚਿੰਤਾ ਦੀ ਥਾਂ ਆਪਣੇ ਪਰਵਾਰ ਨੂੰ ਪਾਲਣ ਦੀ ਚਿੰਤਾ ਵੱਧ ਸਤਾਉਣ ਲੱਗੀ। ਕਈਆਂ ਗਾਵਾਂ-ਮੱਝਾਂ ਰੱਖ ਲਈਆਂ, ਕਈਆਂ ਮੁਰਗੀਆਂ ਤੇ ਕਈ ਟਿਊਸ਼ਨਾਂ ਪੜ੍ਹਾਉਣ ਵੱਲ ਰੁਚਿਤ ਹੋ ਗਏ। ਓਧਰ ਨਿੱਜੀ ਸਕੂਲਾਂ ਦੇ ਅਧਿਆਪਕ ਦੀ ਹਾਲਤ ਹੋਰ ਵੀ ਮੰਦੀ ਹੋ ਗਈ। ਉਹ ਅਧਿਆਪਕ ਨੂੰ ਬੇਹੱਦ ਘੱਟ ਤਨਖ਼ਾਹ ਤੇ ਬੱਚਿਆਂ ਤੋਂ ਵੱਧ ਫ਼ੀਸਾਂ ਲੈ ਲੈ ਮਾਲਾਮਾਲ ਹੋ ਗਏ ਤੇ ਸਕੂਲਾਂ ਤੋਂ ਮਲਟੀਪਲੈਕਸ ਕਾਲਜ ਤੇ ਯੂਨੀਵਰਸਿਟੀਆਂ ਬਣਦੇ ਗਏ। ਉਨ੍ਹਾਂ ਦੇ ਅੱਖੀਂ ਘੱਟਾ ਪਾਉਣ ਲਈ ਅਧਿਆਪਕਾਂ ਤੋਂ ਵੱਧ ਤਨਖ਼ਾਹ 'ਤੇ ਦਸਤਖ਼ਤ ਕਰਾ ਕੇ ਬਾਕੀ ਤਨਖ਼ਾਹ ਉਸੇ ਵਕਤ ਵਾਪਸ ਲੈਣ ਦਾ ਸਿਲਸਿਲਾ ਸ਼ੁਰੂ ਹੋਇਆ। ਇਹ ਦਸਤੂਰ ਇਸ ਵਕਤ ਬੇਹੱਦ ਜ਼ੋਰਾਂ 'ਤੇ ਹੈ।

ਇਸ ਗਰਕ ਚੁੱਕੇ ਵਿੱਦਿਅਕ ਢਾਂਚੇ ਦੀ ਦੁਹਾਈ ਪਾ ਕੇ ਕੇਂਦਰ ਦੀ ਸਰਕਾਰ ਨੇ ਬਿਨਾਂ ਕੋਈ ਕਮਿਸ਼ਨ ਬਿਠਾਏ, ਬਿਨਾਂ ਸਿੱਖਿਆ ਸ਼ਾਸਤਰੀਆਂ ਦੀ ਸਲਾਹ ਲਏ, ਬਿਨਾਂ ਪਾਰਲੀਮੈਂਟ ਵਿੱਚ ਪਾਸ ਕੀਤੇ, ਕੋਰੋਨਾ ਮਹਾਂਮਾਰੀ ਸਮੇਂ 29 ਜੁਲਾਈ 2020 ਤੋਂ ਨਵੀਂ ਸਿੱਖਿਆ ਨੀਤੀ-2020 ਦਾ ਐਲਾਨ ਕਰਕੇ ਲਾਗੂ ਕਰ ਦਿੱਤੀ।

**ਇਸ ਲਈ ਕੁਝ ਸੁਝਾਅ ਗੌਲਣੇ ਬਣਦੇ ਹਨ:**

ਪਹਿਲਾ ਕਿ ਦੇਸ਼ ਦੀ ਸਾਰੀ ਸਿੱਖਿਆ ਇੱਕਸਾਰ ਕੀਤੀ ਜਾਵੇ। ਸਿੱਖਿਆ ਦਾ ਨਿੱਜੀਕਰਨ ਬਿਲਕੁਲ ਬੰਦ ਕੀਤਾ ਜਾਵੇ। ਪ੍ਰਾਇਮਰੀ ਤੋਂ ਯੂਨੀਵਰਸਿਟੀ ਤੀਕ ਸਾਰੀ ਸਿੱਖਿਆ ਕੇਵਲ ਤੇ ਕੇਵਲ ਸਰਕਾਰੀ ਹੋਵੇ। ਜਿਵੇਂ ਬਾਕੀ ਵਿਕਸਤ ਦੇਸ਼ਾਂ ਵਿੱਚ ਹੈ। ਜਿਸ ਦੇਸ਼ ਵਿੱਚ ਗ਼ਰੀਬ ਵੱਖ ਤੇ ਅਮੀਰ ਵੱਖ ਸਕੂਲਾਂ ਵਿੱਚ ਪੜ੍ਹਦੇ ਹਨ, ਉਹ ਦੇਸ਼ ਹਰਗਿਜ਼ ਤਰੱਕੀ ਨਹੀਂ ਕਰ ਸਕਦਾ। ਇਹੀ ਕੌੜਾ ਸੱਚ ਹੈ। ਕਿਸੇ ਵੀ ਦੇਸ਼ ਦਾ ਵਿਕਾਸ ਸਿਰਫ਼ ਸਿੱਖਿਆ 'ਤੇ ਹੀ ਨਿਰਭਰ ਕਰਦਾ ਹੈ। ਉਹ ਵੀ ਇਕਸਾਰ।

ਦੂਜਾ ਕਿ ਸਿੱਖਿਆ ਨੀਤੀ 2020 ਨੂੰ ਫੌਰੀ ਰੱਦ ਕੀਤਾ ਜਾਵੇ। ਇਸ ਵਿੱਚ ਕੁੱਝ ਵੀ ਚੰਗਾ ਨਹੀਂ ਹੈ।

ਤੀਜਾ ਕਿ ਸਿੱਖਿਆ 'ਤੇ ਕੇਵਲ ਕੇਂਦਰੀ ਸਰਕਾਰ ਦਾ ਖ਼ਰਚਾ ਜੀ.ਡੀ.ਪੀ. ਦਾ ਘੱਟੋ-ਘੱਟ 6 ਫੀਸਦੀ ਲਾਜ਼ਮੀ ਹੋਵੇ, ਰਾਜਾਂ ਦਾ ਹਿੱਸਾ ਇਸ ਜੀ.ਡੀ.ਪੀ. ਵਿੱਚ ਨਾ ਜੋੜਿਆ ਜਾਵੇ। ਉਨ੍ਹਾਂ ਦਾ ਬੱਜਟ ਦਾ ਘੱਟੋ-ਘੱਟ 10 ਫੀਸਦੀ ਖ਼ਰਚਾ ਵੱਖਰਾ ਹੋਵੇ।

ਚੌਥਾ ਕਿ ਸੰਵਿਧਾਨ ਦੀ 42ਵੀਂ ਸੋਧ ਜੋ ਸਿੱਖਿਆ ਨੂੰ ਸਮਵਰਤੀ ਸੂਚੀ ਅਧੀਨ ਕਰਦੀ ਹੈ, ਰੱਦ ਕੀਤੀ ਜਾਵੇ। ਸਿੱਖਿਆ ਨੂੰ ਨਿਰੋਲ ਪ੍ਰਾਂਤਾਂ ਦਾ ਵਿਸ਼ਾ ਹੀ ਰਹਿਣ ਦਿੱਤਾ ਜਾਵੇ।

ਪੰਜਵਾਂ ਕਿ ਸਾਰੀ ਸਿੱਖਿਆ ਕੇਵਲ ਤੇ ਕੇਵਲ ਮਾਤ ਭਾਸ਼ਾ ਰਾਹੀਂ ਹੀ ਦਿੱਤੀ ਜਾਵੇ। ਚਾਹੇ ਉਹ ਇੰਜੀਨੀਅਰਿੰਗ ਹੈ, ਵਿਗਿਆਨਕ ਹੈ, ਡਾਕਟਰੀ, ਕੰਪਿਊਟਰੀ ਜਾਂ ਕੋਈ ਵੀ। ਜੇ ਨਿੱਕਾ ਜਿਹਾ ਪੰਜਾਬ ਤੋਂ ਵੀ ਕਿਤੇ ਛੋਟਾ ਮੁਲਕ ਕਿਊਬਾ ਸਿਰਫ਼ ਮਾਤ ਭਾਸ਼ਾ ਸਪੇਨਿਸ਼ ਰਾਹੀਂ ਮੈਡੀਕਲ ਅਤੇ ਹਰ ਤਰ੍ਹਾਂ ਦੀ ਸਿੱਖਿਆ ਪ੍ਰਦਾਨ ਕਰਕੇ ਸਾਰੇ ਸੰਸਾਰ ਤੋਂ ਮੋਹਰੀ ਹੈ ਤਾਂ ਭਾਰਤ ਕਿਉਂ ਨਹੀਂ ਕਰ ਸਕਦਾ। ਜਿਸ ਵੀ ਦੇਸ਼ ਨੇ ਤਰੱਕੀ ਕੀਤੀ ਹੈ ਮਾਤ ਭਾਸ਼ਾ ਰਾਹੀਂ ਸਿੱਖਿਆ ਦੇ ਕੇ ਹੀ ਕੀਤੀ ਹੈ।

ਛੇਵਾਂ ਕਿ ਇਤਿਹਾਸ ਤੇ ਮਿਥਿਹਾਸ ਨੂੰ ਵੱਖ-ਵੱਖ ਰੱਖਿਆ ਜਾਵੇ ਇਹ ਦੋਵੇਂ ਨੈਗੇਟਿਵ-ਪਾਜ਼ਿਟਿਵ ਪੋਲ ਜਦੋਂ ਵੀ ਇਕੱਠੇ ਹੋਣਗੇ, ਸਿੱਖਿਆ ਨੂੰ ਸਾੜ ਦੇਣਗੇ। ਸਿੱਖਿਆ ਵਿੱਚ ਮਿੱਥਾਂ ਦਾ ਜੇ ਮਹੱਤਵ ਹੈ ਤਾਂ ਸਿਰਫ਼ ਵਿਗਿਆਨ ਦਾ ਹੀ ਹੈ। ਸੱਚ ਹੀ ਸਭ ਕੁੱਝ ਹੁੰਦਾ ਹੈ, ਮਿੱਥਾਂ ਨਹੀਂ।

ਸੱਤਵਾਂ ਕਿ ਹਰ ਤਰ੍ਹਾਂ ਦੇ ਦਰਸ਼ਨ (ਫ਼ਿਲਾਸਫ਼ੀ) ਨੂੰ ਲਾਜ਼ਮੀ ਪੜ੍ਹਾਇਆ ਜਾਵੇ। ਹਰ ਵਿਚਾਰ ਤੋਂ ਵਿਦਿਆਰਥੀ ਜਾਣੂ ਹੋਣ। ਹਰ ਵਿਦਿਆਰਥੀ ਦੇ ਦਿਮਾਗ਼ ਵਿੱਚ ਵਿਚਾਰਾਂ ਦੇ ਹਰ ਤਰ੍ਹਾਂ ਦੇ ਹਰ ਰੰਗ ਦੇ ਵੱਖ-ਵੱਖ ਫੁੱਲ ਖਿੜਨ ਦਿੱਤੇ ਜਾਣ।

ਅੱਠਵਾਂ ਕਿ ਸਿੱਖਿਆ ਕਿੱਤਾ ਮੁਖੀ ਬਣਾ ਕੇ ਨਵੇਂ ਵਿਗਿਆਨਕ ਯੁੱਗ ਦਾ ਹਾਣੀ ਬਣਾਇਆ ਜਾਵੇ। ਰੋਜ਼ਗਾਰ ਨੂੰ ਮੌਲਿਕ ਅਧਿਕਾਰ ਵਜੋਂ ਸੰਵਿਧਾਨ 'ਚ ਸ਼ਾਮਲ ਕੀਤਾ ਜਾਵੇ ਤਾਂਕਿ ਵਿਦਿਆਰਥੀ ਨਿਸ਼ਚਿੰਤ ਹੋ ਕੇ ਆਪਣੀ ਰੁਚੀ ਮੁਤਾਬਕ ਸਿੱਖਿਆ ਗ੍ਰਹਿਣ ਕਰ ਸਕੇ। ਇਸ ਲਈ ਸਿੱਖਿਆ ਰੋਜ਼ਗਾਰ ਮੁਖੀ ਹੋਵੇ।

ਨੌਂਵਾਂ ਕਿ ਹਰ ਪਿੰਡ, ਮੁਹੱਲੇ ਵਿੱਚ ਸਕੂਲ ਹੋਵੇ, ਕੋਈ ਸਕੂਲ ਬੰਦ ਨਾ ਹੋਵੇ। ਹਰ ਪੱਧਰ 'ਤੇ ਸਾਂਝੀ (ਕੋ ਐਜੂਕੇਸ਼ਨ) ਹੋਵੇ।

ਦਸਵਾਂ ਕਿ ਇਮਤਿਹਾਨ ਲੈਣ ਦਾ ਢੰਗ ਬਦਲਿਆ ਜਾਵੇ। ਇਹ ਢੰਗ ਉੱਕਾ ਹੀ ਵਿਦਿਆਰਥੀ ਨਾਲ ਇਨਸਾਫ਼ ਨਹੀਂ ਕਰਦਾ, ਜੋ ਉਸ ਦੀ ਸਾਲ ਭਰ ਦੀ ਪੜ੍ਹਾਈ ਨੂੰ ਕੇਵਲ ਦੋ-ਤਿੰਨ ਘੰਟੇ ਵਿੱਚ ਹੀ ਨਿਬੇੜ ਦੇਂਦਾ ਹੈ। ਇਸ ਸੰਬੰਧੀ ਸਿੱਖਿਆ ਮਾਹਿਰਾਂ ਦੀ ਸਲਾਹ ਲਈ ਜਾਵੇ ਅਤੇ ਵੱਖ-ਵੱਖ ਵਿਸ਼ਿਆਂ/ਸਮੈਸਟਰਾਂ ਦੇ ਵੱਖ-ਵੱਖ ਟੈਸਟ ਲਏ ਜਾਣ, ਜੋ ਲਗਾਤਾਰ ਚੱਲਦੇ ਰਹਿਣ। ਫੇਰ ਸਭ ਜੋੜ ਕੀਤਾ ਜਾਵੇ। ਇਮਤਿਹਾਨ ਘੋਟਾ ਆਧਾਰਤ ਨਹੀਂ ਚਾਹੀਦਾ। ਏ.ਆਈ. ਦੇ ਹਾਣ ਦਾ ਬਣਾਇਆ ਜਾਵੇ।

ਗਿਆਰਾਂ ਕਿ ਸਿੱਖਿਆ ਵਿੱਚ ਵਿਗਿਆਨ ਨੂੰ ਹੀ ਪਹਿਲ ਦਿੱਤੀ ਜਾਵੇ ਅਤੇ ਵਿਦਿਆਰਥੀ ਨੂੰ ਅੰਧ ਵਿਸ਼ਵਾਸੀ ਧੁੰਦੂਕਾਰਾਂ ਤੋਂ ਦੂਰ ਰਹਿਣ ਦੇ ਯੋਗ ਬਣਾਇਆ ਜਾਵੇ। ਸਿੱਖਿਆ ਐਸੀ ਹੋਵੇ, ਜੋ ਸਵਾਲ ਕਰ ਸਕਣ ਤੇ ਸੱਚ ਨੂੰ ਪਛਾਨਣ ਦੇ ਯੋਗ ਬਣਾਵੇ। ਕਿਸੇ ਵਰਤਾਰੇ ਬਾਰੇ ਸੋਚਣ ਦੇ ਯੋਗ ਹੋਣ ਕਿ-ਕੀ ਹੈ? ਕਿਉਂ ਹੈ? ਵਿਦਿਆਰਥੀ ਜਗਿਆਸੂ ਬਣਨ, ਹੋਰ-ਹੋਰ ਗਿਆਨ ਹਾਸਲ ਕਰਨ ਲਈ ਉਤਸ਼ਾਹਿਤ ਹੋਣ।

ਬਾਰਾਂ ਕਿ ਆਨਲਾਈਨ ਸਿੱਖਿਆ ਨੂੰ ਉਤਸ਼ਾਹਿਤ ਨਾ ਕੀਤਾ ਜਾਵੇ। ਇਹ ਅਧਿਆਪਕ-ਵਿਦਿਆਰਥੀ ਦੇ ਆਹਮੋ-ਸਾਹਮਣੇ ਬੈਠ ਕੇ ਗਿਆਨ ਹਾਸਲ ਕਰਨ ਦਾ ਬਦਲ ਨਹੀਂ ਬਣ ਸਕਦੀ।

ਤੇਰਾਂ ਕਿ ਨਵੀਂ ਸਿੱਖਿਆ ਨੀਤੀ ਕੈਸੀ ਹੋਵੇ, ਇਸ ਬਾਰੇ ਵਿਗਿਆਨਕ ਸੋਚ ਵਾਲੇ ਵਿਦਵਾਨਾਂ ਦਾ ਇੱਕ ਕਮਿਸ਼ਨ ਬਣਾਇਆ ਜਾਵੇ। ਇਸ ਵਿੱਚ ਅੰਧ-ਵਿਸ਼ਵਾਸੀ ਅਤੇ ਧਾਰਮਿਕ ਕੱਟੜ ਸ਼ਖ਼ਸ ਨੂੰ ਹਰਗਿਜ਼ ਨਾ ਸ਼ਾਮਲ ਕੀਤਾ ਜਾਵੇ।

ਚੌਦਾਂ ਕਿ ਕੋਈ ਵੀ ਅਧਿਆਪਕ ਕਦੇ ਵੀ ਠੇਕੇ 'ਤੇ ਨਾ ਰੱਖਿਆ ਜਾਵੇ। ਪੂਰੀ ਤਨਖ਼ਾਹ ਤੇ ਪੈਨਸ਼ਨ ਦਿੱਤੀ ਜਾਵੇ।

ਪਰ ਇਹ ਕੰਮ ਸੌਖਾ ਨਹੀਂ। ਖ਼ਾਸ ਕਰਕੇ ਭਾਜਪਾ ਦੀ ਮੋਦੀ ਸਰਕਾਰ ਨੂੰ ਇਸ ਨੀਤੀ ਨੂੰ ਲਾਗੂ ਕਰਨ ਹਿੱਤ ਉਹ 80 ਕਰੋੜ ਜਨਤਾ ਜੋ ਦੋ ਡੰਗ ਦੀ ਰੋਟੀ ਤੋਂ ਵੀ ਆਤਰ ਹੈ ਤੇ ਕੇਂਦਰ ਤੋਂ ਮੁੱਠ ਦਾਣਿਆਂ 'ਤੇ ਨਿਰਭਰ ਕਰਦੀ ਹੈ, ਉਸ ਸਭ ਨੂੰ ਸੰਗਠਤ ਹੋਣਾ ਪਵੇਗਾ। ਜੈਨ ਜ਼ੀ ਇਸ ਦੀ ਅਗਵਾਈ ਕਰ ਸਕਦਾ ਹੈ। ਦੇਸ਼ ਦੇ ਸਮੂਹ ਕਿਰਤੀ ਤੇ ਬੁੱਧੀਜੀਵੀ ਵਰਗ ਨੇ ਜੇ ਇਹ ਵਕਤ ਵੀ ਅਜਾਈਂ ਗਵਾ ਦਿੱਤਾ ਤਾਂ ਜੋ 'ਸਿੱਖਿਆ ਇਸ ਵਕਤ ਚੱਲ ਰਹੀ ਹੈ ਅਤੇ ਜਿਸ ਨੂੰ ਸਿੱਖਿਆ ਨੀਤੀ-2020' ਕਿਹਾ ਗਿਆ ਹੈ, ਉਹ ਦੇਸ਼ ਦਾ ਭਵਿੱਖ ਤਬਾਹ ਕਰ ਦੇਵੇਗੀ।

ਦੇਸ਼ ਦੀ ਸਿੱਖਿਆ ਦੀ ਮੌਜੂਦਾ ਅਵਸਥਾ ਬਹੁਤ ਹੀ ਚਿੰਤਾਜਨਕ ਹੈ। ਇਸ ਵਕਤ ਕੇਂਦਰ ਸਰਕਾਰ ਸਿੱਖਿਆ ਉਪਰ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦਾ ਕੇਵਲ 0.4 ਫੀਸਦੀ ਤੋਂ 0.66 ਫੀਸਦੀ ਹੀ ਖ਼ਰਚ ਕਰ ਰਹੀ ਹੈ। ਜੇ ਇਸ ਵਿੱਚ ਪ੍ਰਾਂਤਾਂ ਦਾ ਹਿੱਸਾ ਵੀ ਜੋੜਿਆ ਜਾਵੇ ਤਾਂ ਹੁਣ ਤੱਕ ਜੀ.ਡੀ.ਪੀ. ਦਾ ਕੇਵਲ 3.8 ਫੀਸਦੀ ਤੋਂ 4.5 ਫੀਸਦੀ ਹੀ ਖ਼ਰਚ ਹੋ ਰਿਹਾ ਹੈ, ਜਦਕਿ ਨਿਰੋਲ ਕੇਂਦਰ ਦਾ 6 ਫੀਸਦੀ ਅਤੇ ਰਾਜਾਂ ਸਮੇਤ 10 ਫੀਸਦੀ ਚਾਹੀਦਾ ਹੈ। ਓਧਰ ਕੇਂਦਰੀ ਬੱਜਟ ਵਿੱਚ ਸਿੱਖਿਆ ਉੱਪਰ 2010-11 ਵਿੱਚ ਜੋ ਹਿੱਸਾ 4.3 ਫੀਸਦੀ ਤੋਂ 4.5 ਫੀਸਦੀ ਸੀ ਅਤੇ 2014-15 ਵਿੱਚ 4.6 ਫੀਸਦੀ ਦੇ ਕਰੀਬ ਸੀ, ਉਹ ਘਟਦਾ ਹੋਇਆ 2024-25 ਨੂੰ 2.5 ਫੀਸਦੀ ਹੋ ਗਿਆ ਹੈ। ਇਸ ਵਿੱਚੋਂ ਜੇ ਕੇਂਦਰੀ, ਨਵੋਦਿਆ, ਤੇ ਪੀ.ਐੱਮ. ਸ੍ਰੀ ਆਦਿ ਵਿਸ਼ੇਸ਼ ਸਕੂਲ ਦੇ ਪ੍ਰਤੀ ਵਿਦਿਆਰਥੀ 15 ਰੁਪਏ ਖ਼ਰਚਿਆ ਜਾ ਰਿਹਾ ਹੈ, ਪਰੰਤੂ ਆਮ ਸਰਕਾਰੀ ਸਕੂਲਾਂ ਦੇ ਪ੍ਰਤੀ ਵਿਦਿਆਰਥੀ ਉੱਪਰ ਕੇਵਲ 70 ਪੈਸੇ ਖ਼ਰਚੇ ਜਾ ਰਹੇ ਹਨ।

ਦੂਜੇ ਪਾਸੇ ਦੇਸ਼ ਵਿੱਚ ਇੱਕ ਅਧਿਆਪਕੀ ਤੇ ਅਧਿਆਪਕ ਰਹਿਤ ਸਕੂਲਾਂ ਦੀ ਗਿਣਤੀ 2018 ਤੋਂ 2022 ਤੱਕ ਹੀ 1.05 ਲੱਖ ਤੋਂ ਵਧ ਕੇ 1.17 ਲੱਖ ਹੋ ਚੁੱਕੀ ਹੈ। 2025-26 ਵਿੱਚ ਦੇਸ਼ ਦੇ 29 ਲੱਖ 12 ਹਜ਼ਾਰ 147 ਬੱਚੇ ਇੱਕ ਅਧਿਆਪਕੀ ਸਕੂਲ ਵਿੱਚ ਪੜ੍ਹ ਰਹੇ ਸਨ। ਅੱਗੋਂ ਅਧਿਆਪਕਾਂ ਦੀ ਗਿਣਤੀ ਘਟਾਉਣ ਲਈ 10 ਕਿਲੋਮੀਟਰ ਘੇਰੇ 'ਚ ਕੇਵਲ ਇੱਕੋ ਸਕੂਲ ਰੱਖਣ ਦੀ ਨੀਤੀ 'ਤੇ ਤੇਜ਼ੀ ਨਾਲ ਕੰਮ ਹੋ ਰਿਹਾ ਹੈ। 2016-17 ਤੋਂ 2021-22 ਦਰਮਿਆਨ ਹੀ 1 ਲੱਖ 15 ਹਜ਼ਾਰ ਅਧਿਆਪਕ ਆਸਾਮੀਆਂ ਖ਼ਤਮ ਹੋ ਗਈਆਂ ਹਨ।

ਪਿਛਲੇ 10 ਸਾਲਾਂ ਵਿੱਚ 94 ਹਜ਼ਾਰ ਦੇ ਲੱਗਭੱਗ ਸਕੂਲ ਬੰਦ ਹੋਏ ਹਨ, ਭਾਵ 28 ਸਕੂਲ ਲੱਗਭੱਗ ਰੋਜ਼ਾਨਾ। ਏਸੇ ਤਰ੍ਹਾਂ 2021-22 ਵਿੱਚ 25.57 ਕਰੋੜ ਬੱਚੇ ਪੜ੍ਹਦੇ ਸਨ, ਜੋ ਹੁਣ 24.72 ਕਰੋੜ ਰਹਿ ਗਏ ਹਨ। 17 ਲੱਖ ਬੱਚੇ ਹਰ ਸਾਲ ਪੜ੍ਹਾਈ ਵਿੱਚੇ ਹੀ ਛੱਡ ਰਹੇ ਹਨ।

ਓਧਰ ਵਿਕਸਤ ਭਾਰਤ ਸਿੱਖਿਆ ਅਧੀਸ਼ਥਾਨ (ਵੀ.ਬੀ.ਐੱਸ.ਏ.) ਬਿੱਲ 2025 ਰਾਹੀਂ 42ਵੀਂ ਸੋਧ ਜੋ ਪਹਿਲਾਂ ਰਾਜਾਂ ਦੇ ਅਧਿਕਾਰ ਖੋਹਣ ਦਾ ਹੱਕ ਰੱਖਦੀ ਹੈ, ਤੋਂ ਵੀ ਅਗਾਂਹ ਵਧਦਿਆਂ ਸਿੱਖਿਆ ਖ਼ਾਸ ਕਰ ਉੱਚ ਸਿੱਖਿਆ ਦੇ ਮੁਕੰਮਲ ਕੇਂਦਰੀਕਰਨ ਕਰਨ ਦੇ ਯਤਨਾਂ ਵਿੱਚ ਹੈ। ਭਾਵੇਂ ਕਿ ਪਾਰਲੀਮੈਂਟ 'ਚ ਇਹ ਬਿੱਲ ਅਜੇ ਪਾਸ ਨਹੀਂ ਹੋਇਆ ਅਤੇ ਪਾਰਲੀਮਾਨੀ ਕਮੇਟੀ ਕੋਲ ਵਿਚਾਰ ਅਧੀਨ ਹੈ, ਜੋ ਕਿਸੇ ਸਮੇਂ ਵੀ ਪੇਸ਼ ਤੇ ਪਾਸ ਹੋ ਸਕਦਾ ਹੈ। ਇਸ ਦੇ ਨਾਲ ਹੀ ਜੋ ਟੀਚਰ ਠੇਕੇ 'ਤੇ ਜਾਂ ਆਊਟ ਸੋਰਸ ਰਾਹੀਂ ਭਰਤੀ ਕੀਤੇ ਜਾ ਰਹੇ ਹਨ, ਉਸ ਨੇ ਦੇਸ਼ ਦੇ ਨਿਰਮਾਤਾ ਨੂੰ ਤਾਂ ਸ਼ਰਮਸਾਰ ਕਰ ਦਿੱਤਾ ਹੈ। ਉਨ੍ਹਾਂ ਨੂੰ ਜਿਊਣਯੋਗ ਘੱਟੋ-ਘੱਟ ਉਜਰਤ ਜੋ 1957 ਵਿੱਚ ਤਹਿ ਕੀਤੀ ਗਈ ਸੀ, ਉਸ ਤੋਂ ਚੌਥਾ ਹਿੱਸਾ ਵੀ ਨਹੀਂ ਦਿੱਤੀ ਜਾ ਰਹੀ। ਫਿਰ ਉਹ ਕਿਵੇਂ ਜਿਊਣਗੇ? ਕਿਵੇਂ ਕੌਮ ਦਾ ਨਿਰਮਾਣ ਕਰਨਗੇ? ਪੇਟ ਨਾ ਪਈਆਂ ਰੋਟੀਆਂ ਸਭੇ ਗੱਲਾਂ ਖੋਟੀਆਂ। ਦੇਸ਼ ਵਿੱਚ ਸਿੱਖਿਆ ਦੇ ਬਦਲਾਅ ਲਈ ਬਹੁਤ ਵੱਡੇ ਹੰਭਲੇ ਦੀ ਜ਼ਰੂਰਤ ਹੈ।

**—ਸੰਪਰਕ** 95013-65522

ਸਫ਼ਾ 3 ਦੀ ਬਾਕੀ

## ਮਨੁੱਖੀ ਮਨ ਦਾ ਭਾਵਨਾਤਮਕ ਚਿਤਰਣ...

ਦੀ ਗੱਲ ਇਹ ਸੀ ਕਿ ਪੂਰੇ ਬਲੂਪ੍ਰਿੰਟ ਕਦੇ ਮਿਲੇ ਹੀ ਨਹੀਂ। ਹੋ ਸਕਦਾ ਹੈ ਉਹ ਕਿਤੇ ਲੁਕਾ ਦਿੱਤੇ ਗਏ ਹੋਣ ਜਾਂ ਸਮੇਂ ਦੇ ਨਾਲ ਗੁੰਮ ਹੋ ਗਏ ਹੋਣ। (ਪੰਨਾ 111) ਇਸ ਕਹਾਣੀ ਦੀ ਵਿਧਾਗਤ ਪਰਖ ਕਰਦਿਆਂ ਇਹ ਕਹਾਣੀ ਸੰਸਮਰਣ ਵਿਧਾ ਰੂਪ ਦੇ ਜ਼ਿਆਦਾ ਨੇੜੇ ਲੱਗਦੀ ਹੈ। ਕਹਾਣੀਕਾਰ ਨੇ ਇਸ ਕਹਾਣੀ ਵਿੱਚ ਇਹੀ ਅਸਲੀਅਤ ਦਿਖਾਉਣ ਵਾਲੀ ਤਕਨੀਕ ਨੂੰ ਅਪਣਾਇਆ ਹੈ, ਜਿਸ ਨਾਲ ਪਾਠਕ ਪ੍ਰੋਜੈਕਟਾਂ ਦੇ ਨਾ ਪੂਰੇ ਹੋਣ ਦੇ ਕਾਰਨ ਲੱਭਦਾ ਯਥਾਰਥਕ ਪੱਧਰ 'ਤੇ ਸੁਚੇਤ ਹੁੰਦਾ ਹੈ। ਇਸ ਸੰਗ੍ਰਹਿ ਦੀ ਉੱਤਮ ਕਹਾਣੀ ਇਸ ਦੇ ਸਿਰਲੇਖ ਵਾਲੀ ਕਹਾਣੀ 'ਆਖ਼ਰੀ ਮੁਹਾਫ਼ਿਜ਼' ਹੈ, ਜਿਸ ਵਿੱਚ ਕਹਾਣੀਕਾਰ ਨੇ ਬਹੁਤ ਸੁਹਣੇ ਪ੍ਰਤੀਕ ਲੈ ਕੇ ਆਧੁਨਿਕਤਾ ਅਤੇ ਆਧੁਨਿਕਤਾ ਕਾਰਨ ਪੰਜਾਬੀ ਜਨਜੀਵਨ ਵਿੱਚ ਆਉਣ ਵਾਲੇ ਬਦਲਾਵਾਂ ਦੀ ਗੱਲ ਕੀਤੀ ਹੈ। ਇਸੇ ਕਹਾਣੀ ਵਿੱਚ ਉਹ ਇਸ ਤਰ੍ਹਾਂ ਦੀਆਂ ਰਿਵਾਇਤਾਂ ਅਤੇ ਮਨੌਤਾਂ ਨੂੰ ਵੀ ਥਾਂ ਦਿੰਦਾ ਹੈ ਜੋ ਰਵਾਇਤੀ ਜੀਵਨ ਦੀ ਹਾਮੀ ਭਰਦੀਆਂ ਹਨ। ਕਹਾਣੀਕਾਰ ਇਸ ਦੇ ਨਾਲ ਹੀ ਆਧੁਨਿਕ ਵਿਕਾਸ ਦੀ ਲੋੜ ਦੀ ਗੱਲ ਵੀ ਕਰਦਾ ਹੈ। ਪਿੰਡ ਵਿੱਚ ਚੱਲਣ ਵਾਲੀਆਂ ਪੁਰਾਣੀਆਂ ਪੌਣ ਚੱਕੀਆਂ ਦੇ ਸੰਕੇਤ ਨੂੰ ਲੈ ਕੇ ਕਹਾਣੀਕਾਰ ਰਿਵਾਇਤ, ਭਾਈਚਾਰਕ ਸਾਂਝ ਅਤੇ ਆਧੁਨਿਕਤਾ ਦੁਆਲੇ ਬਿਰਤਾਂਤ ਸਿਰਜਦਾ ਹੈ।ਅੰਤ ਵਿੱਚ ਇਸ ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਦੀ ਭਾਸ਼ਾ ਦੀ ਗੱਲ ਕੀਤਿਆਂ ਕੁਝ ਕਹਾਣੀਆਂ ਵਿੱਚ ਕਹਾਣੀਕਾਰ ਵੱਲੋਂ ਕਥਾਨਕ ਉਸਾਰਨ ਲਈ ਏ.ਆਈ ਦੀ ਮਦਦ ਵੀ ਲਈ ਗਈ ਹੈ। ਪਾਠਕ ਸਹਿਜੇ ਹੀ ਇਹਨਾਂ ਕਹਾਣੀਆਂ ਦੀ ਭਾਸ਼ਾ ਨੂੰ ਪਹਿਚਾਣ ਲੈਂਦਾ ਹੈ। ਉਸ ਦੇ ਵਾਕ ਬਣਤਰ ਦੀ ਰਵਾਨਗੀ 'ਚ ਗੜਬੜ ਦੇਖਣ ਨੂੰ ਮਿਲਦੀ ਹੈ। ਸਹੀ ਅਤੇ ਢੁਕਵੇਂ ਸ਼ਬਦ ਚੋਣ ਕਰਕੇ ਵਾਕਾਂ 'ਚ ਵਰਤਣ ਤੋਂ ਵੀ ਉਹ ਖੁੰਝ ਜਾਂਦਾ ਹੈ। ਹਰ ਕਹਾਣੀ 'ਚ ਦ੍ਰਿਸ਼ ਵਰਨਣ ਬਹੁਤ ਭਾਰੂ ਹੋ ਕੇ ਪੇਸ਼ ਹੁੰਦਾ ਹੈ। ਕਹਾਣੀਕਾਰ ਦੇ ਇਸ ਉਪਰਾਲੇ ਨੂੰ ਸਮੇਂ ਦੀ ਲੋੜ ਮੰਨ ਲਿਆ ਜਾਵੇ ਤਾਂ ਇਸ ਏ.ਆਈ. ਪ੍ਰਭਾਵਿਤ ਸ਼ੈਲੀ ਨੂੰ ਨਵਾਂ ਨਾਂਅ ਦਿੱਤਾ ਜਾ ਸਕਦਾ ਹੈ। ਇਹਨਾਂ ਕਹਾਣੀਆਂ ਦੀ ਭਾਸ਼ਾ ਅਤੇ ਸ਼ਬਦ ਜੋੜ ਵੇਖਦਿਆਂ ਇੱਥੇ ਇਹ ਵੀ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਅਜਿਹਾ ਕਰਨ ਸਮੇਂ ਏ. ਆਈ. ਨੂੰ ਮਨੁੱਖੀ ਜ਼ਿਹਨ ਤੋਂ ਉਪਰ ਜਾਣ ਤੋਂ ਬਚਾਉਣਾ ਵੀ ਅਤਿ ਜ਼ਰੂਰੀ ਹੈ।

**ਸੰਪਰਕ** : 98728-87551

ਸਫ਼ਾ 3 ਦੀ ਬਾਕੀ

## ਨਾਰੀ ਭਾਵਨਾਵਾਂ ਤੇ ਪ੍ਰਤੀਰੋਧ ਦੀ ਸ਼ਾਇਰੀ...

'ਖਿੱਲਰੇ ਵਰਕੇ' ਦੀ ਕਵਿਤਾ ਨੂੰ ਕੇਵਲ ਕੋਮਲਤਾ ਦੀ ਕਵਿਤਾ ਸਮਝਣਾ ਠੀਕ ਨਹੀਂ। ਇਸ ਦੀ ਕੋਮਲਤਾ ਦੇ ਅੰਦਰ ਇੱਕ ਦ੍ਰਿੜ੍ਹ ਪ੍ਰਤੀਰੋਧੀ ਚੇਤਨਾ ਮੌਜੂਦ ਹੈ। ਇਹ ਬਗਾਵਤ ਕਿਸੇ ਵੱਡੇ ਨਾਅਰੇ ਦੇ ਰੂਪ ਵਿੱਚ ਨਹੀਂ ਆਉਂਦੀ। ਇਹ ਬਹੁਤ ਨਿੱਜੀ ਅਤੇ ਅੰਦਰੂਨੀ ਹੈ। ਰਿਸ਼ਤਿਆਂ ਦੀ 'ਚੀਰ-ਫਾੜ', ਅਧੂਰੇ ਹੋਣ ਦੀ ਸਮਝ ਅਤੇ ਮੁਸਕਰਾਉਂਦੇ ਚਿਹਰਿਆਂ ਦੇ ਪਿੱਛੇ ਲੁਕੇ ਅਰਥਾਂ ਨੂੰ ਪੜ੍ਹਨਾ ਵੀ ਇੱਕ ਕਿਸਮ ਦੀ ਬਗਾਵਤ ਹੈ। ਕਵਿੱਤਰੀ ਉਪਰਲੇ ਦ੍ਰਿਸ਼ ਨੂੰ ਸਵੀਕਾਰ ਕਰਨ ਦੀ ਥਾਂ ਉਸ ਦੇ ਅੰਦਰਲੇ ਸੱਚ ਨੂੰ ਲੱਭਣਾ ਚਾਹੁੰਦੀ ਹੈ। ਇਸ ਕਰਕੇ ਉਸ ਦੀ ਕਵਿਤਾ ਦਾ ਪ੍ਰਤੀਰੋਧ ਬਾਹਰ ਨਾਲੋਂ ਜ਼ਿਆਦਾ ਅੰਤਰੀਵ ਵੱਲ ਵਧੇਰੇ ਹੈ। ਬਲਜੀਤ ਬੱਲ ਦੀ ਕਵਿਤਾ ਵਿੱਚ 'ਮਾਂ' ਅਤੇ 'ਧੀ' ਦੇ ਰਿਸ਼ਤੇ ਦੀ ਮੌਜੂਦਗੀ ਵੀ ਮਹੱਤਵਪੂਰਨ ਹੈ। 'ਧੀ ਦਾ ਫੋਨ ਆਇਆ' ਵਰਗੀ ਕਵਿਤਾ ਵਿੱਚ ਇੱਕ ਔਰਤ ਦਾ ਆਪਣੀ ਮਾਂ ਨਾਲ ਸੰਵਾਦ ਸਿਰਫ਼ ਪਰਵਾਰਕ ਸਨੇਹ ਦਾ ਪ੍ਰਗਟਾਵਾ ਨਹੀਂ। ਇੱਥੇ ਦੋ ਪੀੜ੍ਹੀਆਂ ਵਿਚਕਾਰ ਸੰਵਾਦ ਔਰਤਾਂ ਦੀ ਇੱਕ ਅੰਦਰੂਨੀ ਸਾਂਝ ਬਣਦਾ ਹੈ।

ਇਸ ਪੁਸਤਕ ਦੀ ਭਾਸ਼ਾ ਬਾਰੇ ਵੀ ਵਿਸ਼ੇਸ਼ ਤੌਰ 'ਤੇ ਗੱਲ ਕਰਨੀ ਬਣਦੀ ਹੈ। ਬਲਜੀਤ ਬੱਲ ਨੇ ਆਪਣੀ ਕਵਿਤਾ ਲਈ ਬਹੁਤ ਜਟਿਲ ਜਾਂ ਦੁਰਲੱਭ ਸ਼ਬਦਾਵਲੀ ਦੀ ਚੋਣ ਨਹੀਂ ਕੀਤੀ। ਉਸ ਦੀ ਭਾਸ਼ਾ ਆਮ ਸਧਾਰਨ ਗੱਲਬਾਤ ਦੇ ਬਹੁਤ ਨੇੜੇ ਹੈ। ਕਈ ਥਾਵਾਂ 'ਤੇ ਲੱਗਦਾ ਹੈ ਜਿਵੇਂ ਕਵਿਤਰੀ ਪਾਠਕ ਨਾਲ ਨਹੀਂ, ਆਪਣੇ ਕਿਸੇ ਬਹੁਤ ਨੇੜਲੇ ਮਨੁੱਖ ਨਾਲ ਗੱਲ ਕਰ ਰਹੀ ਹੋਵੇ। ਇਹੀ ਸਹਿਜਤਾ ਉਸ ਦੀ ਕਵਿਤਾ ਦੀ ਸੰਚਾਰ-ਸ਼ਕਤੀ ਵਧਾਉਂਦੀ ਹੈ। ਉਸ ਦੀ ਕਵਿਤਾ ਵਿੱਚ ਪੰਜਾਬੀ ਦੇ ਨਾਲ ਉਰਦੂ-ਫ਼ਾਰਸੀ ਦੇ ਸ਼ਬਦ ਵੀ ਆਉਂਦੇ ਹਨ-ਮੁਹੱਬਤ, ਅਹਿਸਾਸ, ਤਸੱਵਰ, ਵਫ਼ਾ, ਇਬਾਦਤ, ਇੰਤਜ਼ਾਰ ਆਦਿ। ਇਹ ਸ਼ਬਦ ਉਸ ਦੇ ਪ੍ਰੇਮ-ਅਨੁਭਵ ਨੂੰ ਇੱਕ ਵਿਸ਼ੇਸ਼ ਨਰਮੀ ਦਿੰਦੇ ਹਨ ਅਤੇ ਪੰਜਾਬੀ ਭਾਸ਼ਾ ਦੀ ਉਸ ਮਿਲੀ-ਜੁਲੀ ਸੱਭਿਆਚਾਰਕ ਪ੍ਰਕਿਰਤੀ ਨੂੰ ਵੀ ਦਰਸਾਉਂਦੇ ਹਨ, ਜਿਸ ਵਿੱਚ ਪੰਜਾਬੀ ਜੀਵਨ ਸਦੀਆਂ ਤੋਂ ਸਾਹ ਲੈਂਦਾ ਆਇਆ ਹੈ। ਉਸ ਦੀ ਕਾਵਿ-ਭਾਸ਼ਾ ਵਿੱਚ 'ਚੁੱਪ' ਦਾ ਮਹੱਤਵ ਵੀ ਘੱਟ ਨਹੀਂ। ਕਈ ਥਾਵਾਂ 'ਤੇ ਕਵਿਤਰੀ ਜਾਣ-ਬੁੱਝ ਕੇ ਗੱਲ ਨੂੰ ਅਧੂਰਾ ਛੱਡ ਦਿੰਦੀ ਹੈ। ਤਿੰਨ ਬਿੰਦੀਆਂ, ਟੁੱਟੇ ਵਾਕ ਅਤੇ ਠਹਿਰਾਅ ਉਸ ਦੀ ਕਵਿਤਾ ਦੀ ਲੈਅ ਦਾ ਹਿੱਸਾ ਬਣ ਜਾਂਦੇ ਹਨ। ਇਹ ਸ਼ਿਲਪ ਉਸ ਮਨ ਦੀ ਸਥਿਤੀ ਨੂੰ ਪ੍ਰਗਟ ਕਰਦਾ ਹੈ, ਜਿਸ ਕੋਲ ਕਹਿਣ ਲਈ ਬਹੁਤ ਕੁਝ ਹੈ, ਪਰ ਕਹਿਣ ਦੀ ਸਮਰੱਥਾ ਹਰ ਪਲ ਇਕੋ ਜਿਹੀ ਨਹੀਂ ਰਹਿੰਦੀ। ਡੂੰਘੀ ਭਾਵਨਾ ਅਕਸਰ ਪੂਰੇ ਵਾਕ ਦੀ ਮੰਗ ਨਹੀਂ ਕਰਦੀ; ਇੱਕ ਸ਼ਬਦ, ਇੱਕ ਠਹਿਰਾਅ ਜਾਂ ਇੱਕ ਚੁੱਪ ਹੀ ਕਾਫ਼ੀ ਹੋ ਜਾਂਦੀ ਹੈ। ਬਲਜੀਤ ਬੱਲ ਦੀ ਕਵਿਤਾ ਵਿੱਚ ਇਹ ਚੁੱਪ ਕਈ ਵਾਰ ਕਹੇ ਹੋਏ ਨਾਲੋਂ ਵੱਧ ਕੁਝ ਕਹਿੰਦੀ ਹੈ। ਇਸੇ ਲਈ ਉਸ ਦੀ ਕਵਿਤਾ ਨੂੰ ਪੜ੍ਹਨ ਲਈ ਸਿਰਫ਼ ਸ਼ਬਦਾਂ ਨੂੰ ਪੜ੍ਹਨਾ ਕਾਫ਼ੀ ਨਹੀਂ; ਉਨ੍ਹਾਂ ਦੇ ਵਿਚਕਾਰ ਦੀ ਖਾਮੋਸ਼ੀ ਨੂੰ ਵੀ ਪੜ੍ਹਨਾ ਪੈਂਦਾ ਹੈ।

'ਖਿੱਲਰੇ ਵਰਕੇ' ਦਾ ਸਭ ਤੋਂ ਸੰਘਣਾ ਦਰਦ ਸ਼ਾਇਦ ਉਨ੍ਹਾਂ ਥਾਵਾਂ 'ਤੇ ਉੱਭਰਦਾ ਹੈ, ਜਿੱਥੇ ਕਵਿੱਤਰੀ ਸਾਂਝੇ ਜੀਵਨ ਦੇ ਅਧੂਰੇ ਰਹਿ ਜਾਣ ਨੂੰ ਯਾਦ ਕਰਦੀ ਹੈ। ਜੀਵਨ ਸਾਥੀ ਦਾ ਵਿਛੋੜਾ ਕੇਵਲ ਇੱਕ ਮੌਜੂਦਾ ਖਾਲੀਪਣ ਨਹੀਂ; ਇਹ ਉਨ੍ਹਾਂ ਸਾਰੇ ਭਵਿੱਖਾਂ ਦਾ ਵੀ ਖਤਮ ਹੋ ਜਾਣਾ ਹੈ ਜੋ ਅਜੇ ਜਿਊਣੇ ਸਨ। ਇਸੇ ਲਈ ਕਿਸੇ ਜਨਮ ਦਿਨ ਦੀ ਯਾਦ, ਘਰ ਦੀ ਰੌਣਕ ਜਾਂ ਕਿਤਾਬਾਂ ਨਾਲ ਜੁੜਿਆ ਕੋਈ ਪਲ ਅਚਾਨਕ ਡੂੰਘੀ ਉਦਾਸੀ ਵਿੱਚ ਬਦਲ ਜਾਂਦਾ ਹੈ। ਕਵਿੱਤਰੀ ਲਈ ਮੌਤ ਦਾ ਦੁੱਖ ਕੇਵਲ 'ਜੋ ਹੋ ਗਿਆ' ਦਾ ਦੁੱਖ ਨਹੀਂ, ਸਗੋਂ 'ਜੋ ਹੋਣਾ ਸੀ ਪਰ ਨਾ ਹੋ ਸਕਿਆ' ਦਾ ਦੁੱਖ ਵੀ ਹੈ। ਇਹ ਅਧੂਰਾਪਣ ਉਸ ਦੀ ਕਵਿਤਾ ਅੰਦਰ ਇੱਕ ਵੱਡੀ ਅਸਤਿਤਵੀ ਚਿੰਤਾ ਪੈਦਾ ਕਰਦਾ ਹੈ। ਮਨੁੱਖ ਆਪਣੇ ਜੀਵਨ ਨੂੰ ਕਿੰਨਾ ਵੀ ਯੋਜਨਾਬੱਧ ਕਰ ਲਵੇ, ਜੀਵਨ ਆਪਣੇ ਆਪ ਵਿੱਚ ਅਨਿਸ਼ਚਿਤ ਹੈ। ਸਾਂਝੇ ਸੁਪਨੇ ਦੇ ਪੂਰੇ ਹੋਣ ਤੋਂ ਪਹਿਲਾਂ ਹੀ ਕੋਈ ਰੁਖ਼ਸਤ ਹੋ ਸਕਦਾ ਹੈ। ਇਸ ਲਈ ਬਲਜੀਤ ਬੱਲ ਦੀ ਕਵਿਤਾ ਵਿੱਚ ਮੌਤ ਸਿਰਫ਼ ਅੰਤ ਨਹੀਂ; ਇਹ ਮਨੁੱਖੀ ਯੋਜਨਾਵਾਂ ਅਤੇ ਹਕੀਕਤ ਦੇ ਵਿਚਕਾਰਲੇ ਫ਼ਾਸਲੇ ਦਾ ਨਾਂਅ ਵੀ ਹੈ।

'ਜ਼ਿੰਦਗੀ ਦੇ ਗੀਤ' ਦਾ ਰੂਪਕ ਇੱਥੇ ਸਾਂਝੇ ਜੀਵਨ ਦੀ ਪੂਰਨਤਾ ਦਾ ਰੂਪਕ ਹੈ। ਗੀਤ ਤਿਆਰ ਸੀ, ਪਰ ਗਾਇਆ ਨਹੀਂ ਗਿਆ। ਜੀਵਨ ਮੌਜੂਦ ਸੀ, ਪਰ ਉਸ ਦੀ ਪੂਰੀ ਅਉਧ ਨੂੰ ਜਿਊਣ ਦਾ ਮੌਕਾ ਨਹੀਂ ਮਿਲਿਆ। ਇਹੀ ਅਧੂਰੇਪਣ 'ਖਿੱਲਰੇ ਵਰਕੇ' ਦੀ ਅੰਦਰੂਨੀ ਉਦਾਸੀ ਦਾ ਇੱਕ ਵੱਡਾ ਸਰੋਤ ਹੈ। ਇਸ ਦੇ ਬਾਵਜੂਦ ਇਸ ਪੁਸਤਕ ਨੂੰ ਕੇਵਲ ਉਦਾਸੀ ਦੀ ਪੁਸਤਕ ਕਹਿਣਾ ਉਚਿੱਤ ਨਹੀਂ ਹੋਵੇਗਾ। ਇਸ ਦੇ ਅੰਦਰ ਜੀਵਨ ਵੱਲ ਵਾਪਸ ਮੁੜਨ ਦੀ ਤਾਂਘ ਹੈ। ਕਵਿਤਰੀ ਕਹਿੰਦੀ ਹੈ ਕਿ ਉਹ ਅੱਥਰੂ ਪੂੰਝਦੀ ਹੈ, ਚੁੱਪ ਹੋ ਜਾਂਦੀ ਹੈ, ਫਿਰ ਕਵਿਤਾ ਵੱਲ ਮੁੜਦੀ ਹੈ। ਇਹ ਮੁੜਨਾ ਹੀ ਮਹੱਤਵਪੂਰਨ ਹੈ, ਕਿਉਂਕਿ ਕਵਿਤਾ ਵਿੱਚ ਦਾਖ਼ਲ ਹੋਣਾ ਆਪਣੇ ਅੰਦਰਲੇ ਜਗਤ ਅੰਦਰ ਮੁੜ ਪ੍ਰਵੇਸ਼ ਕਰਨਾ ਹੈ। ਦੁੱਖ ਤੋਂ ਬਾਅਦ ਕਵਿਤਾ ਦਾ ਬਚੇ ਰਹਿਣਾ ਇਸ ਗੱਲ ਦਾ ਸੰਕੇਤ ਹੈ ਕਿ ਜੀਵਨ ਦੀ ਸਿਰਜਣਾਤਮਕ ਤਾਕਤ ਅਜੇ ਮੁੱਕੀ ਨਹੀਂ।

ਬਲਜੀਤ ਬੱਲ ਦੀ ਪਲੇਠੀ ਕਾਵਿ-ਪੁਸਤਕ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦੀ ਇਮਾਨਦਾਰ ਸੰਵੇਦਨਾ ਹੈ। ਇੱਥੇ ਕਵਿਤਰੀ ਆਪਣੇ ਅਨੁਭਵ ਨੂੰ ਕਿਸੇ ਬਣਾਵਟੀ ਬੌਧਿਕਤਾ ਨਾਲ ਢਕਣ ਦੀ ਕੋਸ਼ਿਸ਼ ਨਹੀਂ ਕਰਦੀ। ਉਹ ਆਪਣੇ ਦੁੱਖ, ਆਪਣੀ ਮੁਹੱਬਤ, ਆਪਣੀ ਉਡੀਕ ਅਤੇ ਆਪਣੀ ਕਮਜ਼ੋਰੀ ਨੂੰ ਵੀ ਕਵਿਤਾ ਦਾ ਹਿੱਸਾ ਬਣਾਉਂਦੀ ਹੈ। ਇਹ ਇਮਾਨਦਾਰੀ ਹੀ ਉਸ ਦੀ ਕਵਿਤਾ ਨੂੰ ਪਾਠਕ ਨਾਲ ਜੋੜਦੀ ਹੈ। ਪਾਠਕ ਨੂੰ ਇੱਥੇ ਕੋਈ ਦੂਰ ਖੜ੍ਹੀ ਕਵਿਤਰੀ ਨਹੀਂ ਮਿਲਦੀ, ਸਗੋਂ ਇੱਕ ਅਜਿਹਾ ਮਨੁੱਖ ਮਿਲਦਾ ਹੈ, ਜੋ ਆਪਣੇ ਅਨੁਭਵ ਨੂੰ ਸ਼ਬਦਾਂ ਵਿੱਚ ਫੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਦੇ ਨਾਲ ਇਹ ਵੀ ਸੱਚ ਹੈ ਕਿ ਪਲੇਠੀ ਪੁਸਤਕ ਹੋਣ ਕਰਕੇ ਬਲਜੀਤ ਬੱਲ ਦੀ ਕਵਿਤਾ ਵਿੱਚ ਕੁਝ ਥਾਵਾਂ 'ਤੇ ਭਾਵਨਾ ਸ਼ਿਲਪ ਉੱਤੇ ਹਾਵੀ ਹੋ ਜਾਂਦੀ ਹੈ। ਕਈ ਵਾਰ ਇੱਕੋ ਕਿਸਮ ਦੇ ਬਿੰਬ ਜਾਂ ਅਨੁਭਵ ਮੁੜ-ਮੁੜ ਆਉਂਦੇ ਹਨ, ਪਰ ਇਸ ਨੂੰ ਇਸ ਸ਼ਾਇਰੀ ਦੀ ਸੀਮਾ ਵਜੋਂ ਦੇਖਣਾ ਠੀਕ ਨਹੀਂ, ਕਿਉਂਕਿ ਇਸ ਦੇ ਪਿੱਛੇ ਇੱਕ ਹੀ ਕੇਂਦਰੀ ਅਨੁਭਵ ਦੀ ਲਗਾਤਾਰ ਵਾਪਸੀ ਹੈ। ਜਦੋਂ ਕੋਈ ਦੁੱਖ ਜੀਵਨ ਦੇ ਕੇਂਦਰ ਵਿੱਚ ਵੱਸ ਜਾਵੇ ਤਾਂ ਉਹ ਵੱਖ-ਵੱਖ ਰੂਪਾਂ ਵਿੱਚ ਵਾਰ-ਵਾਰ ਸਾਹਮਣੇ ਆਉਂਦਾ ਹੈ। ਕਵਿਤਾ ਉਸ ਦੁਹਰਾਅ ਨੂੰ ਰਚਨਾਤਮਕ ਰੂਪ ਦੇਣ ਦੀ ਕੋਸ਼ਿਸ਼ ਕਰਦੀ ਹੈ। ਬਲਜੀਤ ਬੱਲ ਦੀ ਕਾਵਿ-ਯਾਤਰਾ ਦੀ ਅਸਲ ਸੰਭਾਵਨਾ ਇਸ ਗੱਲ ਵਿੱਚ ਹੈ ਕਿ ਉਹ ਨਿੱਜੀ ਅਨੁਭਵ ਤੋਂ ਸ਼ੁਰੂ ਹੋ ਕੇ ਹੌਲੀ-ਹੌਲੀ ਵਧੇਰੇ ਵਿਸ਼ਾਲ ਸਮਾਜਿਕ ਅਤੇ ਮਨੁੱਖੀ ਅਨੁਭਵਾਂ ਵੱਲ ਜਾ ਸਕਦੀ ਹੈ। 'ਬਗਾਵਤ', 'ਔਰਤ', 'ਰਿਸ਼ਤੇ', 'ਬੇਬਸੀ', 'ਹਨੇਰਾ', 'ਰੌਸ਼ਨੀ' ਅਤੇ 'ਸਮਾਂ' ਵਰਗੇ ਸੰਕੇਤ ਦੱਸਦੇ ਹਨ ਕਿ ਉਸ ਦੀ ਕਵਿਤਾ ਦੇ ਅੰਦਰ ਸਿਰਫ਼ ਵਿਛੋੜੇ ਦੀ ਕਹਾਣੀ ਨਹੀਂ, ਸਗੋਂ ਜੀਵਨ ਨੂੰ ਸਮਝਣ ਦੀ ਇੱਕ ਵੱਡੀ ਬੇਚੈਨੀ ਵੀ ਮੌਜੂਦ ਹੈ। ਜੇ ਇਹ ਬੇਚੈਨੀ ਅੱਗੇ ਜਾ ਕੇ ਹੋਰ ਸਮਾਜਿਕ, ਸੱਭਿਆਚਾਰਕ ਅਤੇ ਹੋਂਦਾਤਮਕ ਅਨੁਭਵਾਂ ਨਾਲ ਜੁੜਦੀ ਹੈ ਤਾਂ ਉਸ ਦੀ ਕਵਿਤਾ ਦੇ ਘੇਰੇ ਹੋਰ ਵਿਸ਼ਾਲ ਹੋ ਸਕਦੇ ਹਨ।

'ਖਿੱਲਰੇ ਵਰਕੇ' ਅਸਲ ਵਿੱਚ ਉਨ੍ਹਾਂ ਅਨੁਭਵਾਂ ਅਤੇ ਸੁਪਨਿਆਂ ਦੀ ਕਿਤਾਬ ਹੈ, ਜਿਨ੍ਹਾਂ ਨੂੰ ਜੀਵਨ ਵਿੱਚ ਪੂਰੇ ਰੂਪ ਵਿੱਚ ਜੀਣਾ ਥੀਣਾ ਸੰਭਵ ਨਹੀਂ ਹੋ ਸਕਿਆ ਅਤੇ ਉਹ ਆਖ਼ਰਕਾਰ ਕਵਿਤਾ ਵਿੱਚ ਆਪਣਾ ਗੁਆਚਿਆ ਸੰਸਾਰ ਤਲਾਸ਼ ਕਰਦੇ ਹਨ। ਇਨ੍ਹਾਂ ਅਰਥਾਂ ਵਿੱਚ 'ਖਿੱਲਰੇ ਵਰਕੇ' ਬਲਜੀਤ ਬੱਲ ਦੀ ਪਲੇਠੀ ਪੁਸਤਕ ਹੋਣ ਦੇ ਬਾਵਜੂਦ ਇੱਕ ਅਜਿਹੀ ਨਾਰੀ ਕਾਵਿ-ਆਵਾਜ਼ ਦੀ ਪਛਾਣ ਕਰਵਾਉਂਦੀ ਹੈ, ਜੋ ਆਪਣੇ ਦੁੱਖ ਨੂੰ ਸਿਰਫ਼ ਨਿੱਜੀ ਵਿਰਲਾਪ ਬਣਨ ਤੋਂ ਰੋਕ ਕੇ ਉਸ ਨੂੰ ਸ਼ਬਦ, ਯਾਦ ਅਤੇ ਕਲਾ ਵਿੱਚ ਬਦਲਣ ਦੀ ਸਮਰੱਥਾ ਰੱਖਦੀ ਹੈ। ਉਸ ਦੇ ਖਿੱਲਰੇ ਵਰਕਿਆਂ ਵਿੱਚੋਂ ਜਦੋਂ ਕਵਿਤਾ ਦੀ ਆਵਾਜ਼ ਉੱਭਰਦੀ ਹੈ ਤਾਂ ਇਹ ਸਿਰਫ਼ ਇੱਕ ਔਰਤ ਦੇ ਵਿਛੋੜੇ ਦੀ ਆਵਾਜ਼ ਨਹੀਂ ਰਹਿੰਦੀ; ਸਗੋਂ ਇਹ ਹਰ ਉਸ ਮਨੁੱਖ ਦੀ ਆਵਾਜ਼ ਬਣ ਜਾਂਦੀ ਹੈ ਜਿਸ ਨੇ ਕਦੇ ਕਿਸੇ ਆਪਣੇ ਨੂੰ ਗੁਆਇਆ ਹੈ, ਕਿਸੇ ਦੀ ਉਡੀਕ ਕੀਤੀ ਹੈ, ਕਿਸੇ ਯਾਦ ਨੂੰ ਆਪਣੇ ਅੰਦਰ ਜਿਉਂਦਾ ਰੱਖਿਆ ਹੈ ਅਤੇ ਇਹ ਮਹਿਸੂਸ ਕੀਤਾ ਹੈ ਕਿ ਕਈ ਵਾਰ ਜੀਵਨ ਵਿੱਚ ਸਭ ਤੋਂ ਡੂੰਘੇ ਸੰਵਾਦ ਉਹਨਾਂ ਨਾਲ ਹੁੰਦੇ ਹਨ, ਜੋ ਸਰੀਰਕ ਤੌਰ 'ਤੇ ਸਾਡੇ ਕੋਲ ਨਹੀਂ ਰਹਿ ਗਏ ਹੁੰਦੇ। ਇਸੇ ਅਹਿਸਾਸ ਵਿੱਚ 'ਖਿੱਲਰੇ ਵਰਕੇ' ਦੀ ਕਾਵਿ-ਸਾਰਥਕਤਾ ਦੀ ਪਛਾਣ ਕੀਤੀ ਜਾ ਸਕਦੀ ਹੈ।

**ਮੋਬਾ.** 98142-31698

## ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫੀ ਨਹੀਂ

# ਸਭਨਾਂ ਦੇਸ਼ਾਂ ਦੇ ਪ੍ਰੋਲਤਾਰੀਓ, ਇਕ ਹੋ ਜਾਓ

ਕਿਸ਼ਤ-15

**ਜਗਰੂਪ**

'ਪੂੰਜੀ ਮੁਰਦਾ ਕਿਰਤ ਹੈ, ਜਿਹੜੀ ਸ਼ੈਤਾਨ ਵਾਂਗ ਸਿਰਫ ਜਿਉਂਦੀ ਕਿਰਤ ਦਾ ਲਹੂ ਪੀ ਕੇ ਜਿਉਂਦੀ ਹੈ ਅਤੇ ਇਹ ਕਿਰਤ ਦਾ ਜਿੰਨਾ ਵੱਧ ਲਹੂ ਚੂਸੇ, ਓਨਾ ਹੀ ਵੱਧ ਜਿਉਂਦੀ ਹੈ।' (ਸਰਮਾਇਆ-1, ਸਫਾ-242)

ਉਪਰੋਕਤ ਕਥਨ ਵਿਚ ਬੁਰਜੂਆ ਅਤੇ ਪ੍ਰੋਲਤਾਰੀ ਹਿੱਤ-ਸੰਘਰਸ਼ ਦਾ ਜਮਾਤੀ-ਵਿਰੋਧਵਿਕਾਸ ਦਰਜ ਹੈ।

ਜਦੋਂ ਬੁਰਜੂਆ ਨੇ ਵਧਣਾ ਹੈ ਤਾਂ 'ਸਿਰਫ' ਜਿਉਂਦੀ ਕਿਰਤ (ਕਿਰਤੀ) ਦਾ ਲਹੂ ਪੀ ਕੇ ਵਧਣਾ ਹੈ; ਜਿੰਨਾ ਵੱਧ ਲਹੂ ਚੂਸੇ, ਓਨਾ ਹੀ ਵੱਧ ਵਧਣਾ ਹੈ।

'ਸਿਰਫ', (ਕੇਵਲ, only) ਭਾਵ ਵਾਧੇ ਦਾ ਹੋਰ ਕੋਈ ਰਸਤਾ ਨਹੀਂ ਹੈ। ਉਜਰਤੀ-ਕਿਰਤ ਨੂੰ ਵੱਧ ਤੋਂ ਵੱਧ ਨਿਚੋੜਨਾ ਹੀ ਰਸਤਾ ਹੈ।

ਇਹ ਵਰਤਾਰਾ ; 'ਕਿਰਤ ਸ਼ਕਤੀ' ਦੀ ਖਪਤ, ਜੋ ਕੰਮ-ਦਿਹਾੜੀ-ਸਮੇਂ ਵਿਚ ਹੁੰਦੀ ਹੈ, ਉਸ ਨਾਲ ਬੱਝਿਆ ਹੈ।

ਜਦੋਂ ਪ੍ਰੋਲਤਾਰੀ ਭਾਵ 'ਜਿਉਂਦੀ-ਕਿਰਤ' (ਕਿਰਤੀ) ਨੇ 'ਸ਼ੈਤਾਨ' (ਲਹੂ ਪੀਣੇ) ਤੋਂ, ਬਚਾਓ ਕਰਨਾ ਹੈ ਤਾਂ ਸਿਰਫ 'ਕੰਮ ਦਿਹਾੜੀ ਸਮੇਂ' ਨੂੰ ਛੋਟਾ ਕਰਨਾ ਹੀ ਇਕੋ ਰਸਤਾ ਹੈ। ਕੋਈ ਹੋਰ ਰਸਤੇ ਨਹੀਂ ਹਨ।

ਇਸ ਲਈ, ਉਸ ਅੱਗੇ 'ਛੁਟੇਰੀ ਕੰਮ ਦਿਹਾੜੀ ਲਈ ਵਿਧਾਨਕ ਰੂਪ ਵਿਚ ਕਾਨੂੰਨ ਬਣਾਉਣਾ' ਹੀ ਇੱਕੋ-ਇੱਕ ਰਸਤਾ ਹੈ। ਇਹੀ 'ਸੱਚਾ ਨਾਅਰਾ' ਹੈ।

# ਬੁਰਜੂਆ ਵੱਲੋਂ 'ਲਹੂ ਚੂਸਣਾ' ਅਤੇ ਪ੍ਰੋਲਤਾਰੀ ਵੱਲੋਂ 'ਸ਼ੈਤਾਨ ਨੂੰ ਵਰਜਨਾ', ਇਹ ਇਕੋ ਵਰਤਾਰੇ ਦੇ ਜੁੜਵੇਂ, ਪਰ ਉਲਟ ਪ੍ਰਭਾਵੀ ਨਤੀਜੇ ਹਨ। ਦੋਵਾਂ ਵਿਚਲੀ ਖਹਿਬਾਜ਼ੀ, ਇਕ-ਦੂਜੇ ਨੂੰ ਪਿੱਛੇ ਧੱਕਣਾ, (ਬੁਰਜੂਆ ਵੱਲੋਂ 'ਜ਼ਰੂਰੀ ਕਿਰਤ ਸਮੇਂ' ਨੂੰ ਛੋਟਾ ਕਰਨਾ ਅਤੇ ਪ੍ਰੋਲਤਾਰੀ ਵੱਲੋਂ 'ਕੰਮ ਦਿਹਾੜੀ ਸਮਾਂ' ਨੂੰ ਛੋਟਾ ਕਰਕੇ, ਅਨੁਪਾਤਕ ਰੂਪ ਵਿੱਚ 'ਜ਼ਰੂਰੀ ਕਿਰਤ ਸਮੇਂ' ਦਾ ਮੁੱਲ ਵਧਾਉਣਾ), ਇਹੀ ਜਮਾਤੀ ਹਿੱਤਾਂ ਦੀ ਟੱਕਰ ਹੈ।

# ਇਸ ਸਾਦਾ ਅਤੇ ਸਰਲ ਸੂਤਰ ਉੱਤੇ ਸਮਝ ਦੀ ਪਕੜ ਬਣਾਉਣ ਲਈ ਜ਼ਰੂਰੀ ਹੈ ਕਿ ਕਲਾਸੀਕਲ ਅਰਥ ਸ਼ਾਸਤਰ ਦੇ ਮੁੱਲ-ਸਿਧਾਂਤ ਨੂੰ, ਮਾਰਕਸ ਦੀ ਚੁਣੌਤੀ ਅਤੇ ਉਸ ਵੱਲੋਂ ਖੋਜੇ ਸੱਚ ਦੀ, ਸਮਝਦਾਰੀ ਹਾਸਲ ਕੀਤੀ ਜਾਵੇ, ਜਿਸ ਬਗੈਰ ਇਹ ਮੁੱਦਾ ਉਲਝਿਆ ਹੀ ਰਹਿੰਦਾ ਹੈ।

'ਮੁੱਲ ਦੇ ਕਿਰਤ ਸਿਧਾਂਤ' ਵਿੱਚੋਂ ਉਪਜੇ ਅਗਲੇ ਤੱਥਾਂ ਦਾ ਪ੍ਰਗਟਾਅ ਹੈ ਕਿ; 'ਕਿਰਤ ਸ਼ਕਤੀ ਮੁੱਲ ਸਿਰਜਕ ਹੈ ਅਤੇ ਉਹ ਆਪਣੇ ਮੁੱਲ ਤੋਂ ਵਧੇਰੇ ਮੁੱਲ ਸਿਰਜਦੀ ਹੈ।' -ਮਾਰਕਸ।

("Labour power creates value and that a value greater than it's own.") ਇਹੀ ਭੇਦ ਹੈ ; ਜਿਣਸ ਰੂਪੀ 'ਕਿਰਤ-ਸ਼ਕਤੀ' ਆਪਣੇ ਮੁੱਲ ਬਰਾਬਰ ਉਜਰਤ ਨਾਲ ਵਟਾਂਦਰੇ ਪਿੱਛੋਂ, ਵਰਤੋਂ ਸਮੇਂ ਨਿਚੋੜੀ ਜਾਂਦੀ ਹੈ। ਕਿਉਂਕਿ ਖਪਤ ਦੌਰਾਨ ਇਹ ਆਪਣੇ ਮੁੱਲ ਤੋਂ ਵੱਧ ਮੁੱਲ ਸਿਰਜਦੀ ਹੈ। ਜਦੋਂ ਕਿ ਕਿਰਤ ਸ਼ਕਤੀ ਅਤੇ ਉਜਰਤ ਬਰਾਬਰੀ ਦੇ ਆਧਾਰ 'ਤੇ ਹੀ ਤਬਾਦਲਾ ਯੋਗ ਹਨ। 'ਤਬਾਦਲਾ ਬਰਾਬਰੀ ਬਗੈਰ ਸੰਭਵ ਹੀ ਨਹੀਂ ਹੁੰਦਾ।'

ਮਾਰਕਸ ਦਾ ਨਿਰਣਾਇਕ-ਸੱਚ ਕਥਨ ਇਹੀ ਹੈ; 'ਪੂੰਜੀ ਜਿਉਂਦੀ ਕਿਰਤ ਦਾ ਲਹੂ ਚੂਸ ਕੇ ਵਧਦੀ ਹੈ।'

ਪੂੰਜੀ ਦਾ ਉਤਪਾਦਨ-ਢੰਗ ਵਾਧੇ ਵਾਲਾ ਹੈ, ਇਹ ਵਾਧਾ, ਕਿਰਤ ਸ਼ਕਤੀ ਦੀ ਵਰਤੋਂ ਦੀ ਨਾ-ਅਦਾ ਕੀਤੀ (unpaid) ਉਜਰਤ ਦਾ ਜੋੜ ਹੈ। ਦੂਜੇ ਅਰਥਾਂ ਵਿਚ ਇਹ ਵਾਧੂ ਮੁੱਲ ਦਾ ਜੁੜਾਓ (ਭੰਡਾਰ) ਹੈ।

# 'ਦੁਨੀਆ ਦੇ ਕੁਲ ਮਾਲਕਾਂ ਦੀ ਜਮ੍ਹਾਂ 'ਪੂੰਜੀ', ਜਿਉਂਦੀ-ਕਿਰਤ ਦੇ ਚੂਸੇ ਲਹੂ ਦਾ ਭੰਡਾਰ ਹੈ' ਇਹ ਮੁਦਰਾ-ਜਿਣਸ-ਮੁਦਰਾ* ਦਾ ਨਤੀਜਾ ਹੈ।(ਮੁਦਰਾ ਨਾਲ ਸਟਾਰ* ਦਾ ਅਰਥ, ਪਹਿਲੀ ਮੁਦਰਾ ਤੋਂ ਵੱਧ ਮੁਦਰਾ, ਨੂੰ ਦਰਸਾਉਣਾ ਹੈ।)

ਮਾਰਕਸ ਇਹ ਸਾਬਤ ਕਰ ਚੁੱਕਾ ਹੈ ਕਿ ਜਿਣਸ ਗੇੜ, ਭਾਵ 'ਜਿਣਸ-ਮੁਦਰਾ-ਜਿਣਸ' ਗੇੜ, ਨਵਾਂ ਮੁੱਲ ਨਹੀਂ ਸਿਰਜਦਾ, ਭਾਵ ਵਪਾਰ ਵਿਚ ਕੁਲ ਦੌਲਤ ਵਧਦੀ ਨਹੀਂ, ਓਨੀ ਹੀ ਰਹਿੰਦੀ ਹੈ। ਵਪਾਰੀ ਧਿਰਾਂ ਵਿਚ, ਇਕ ਦਾ ਲਾਭ ਦੂਜੇ ਦੀ ਹਾਨੀ ਵਾਲਾ ਵਰਤਾਰਾ ਹੁੰਦਾ ਹੈ। ਇਹ ਵਰਤਾਰਾ ਸਮਾਜ ਨੂੰ ਅਸਾਵਾਂ ਕਰਦਾ ਹੈ, ਅਮੀਰ ਨਹੀਂ ਕਰਦਾ।

ਮਹਿੰਗਾਈ (ਕੀਮਤ ਵਾਧਾ) ਵਪਾਰਕ ਅਮਲ ਹੈ। ਇਹ ਵਰਤਾਰਾ ਵੀ ਸਮਾਜ ਨੂੰ ਅਸਾਵਾਂ ਬਣਾਉਣ ਦਾ ਕਾਰਜ ਕਰਦਾ ਹੈ। ਇਹ ਹਕੂਮਤੀ, ਭਾਵ ਜਮਾਤੀ ਕੰਟਰੋਲ ਹੇਠ ਚਲਦਾ ਹੈ।ਇਹ ਉਜਰਤੀ ਕਿਰਤ ਦੀ ਲੁੱਟ ਤੋਂ ਵੱਖਰਾ ਵਰਤਾਰਾ ਹੈ।ਇਹ ਵਿਕਰੇਤਾ ਨੂੰ ਲਾਭ ਤੇ ਖਪਤਕਾਰ ਨੂੰ ਹਾਨੀ, ਪਰ ਜੋੜ ਬਰਾਬਰ ਰਹਿੰਦਾ ਹੈ। ਮਹਿੰਗਾਈ ਵਿਰੁੱਧ ਘੋਲ, ਸਮਾਜਕ ਅਸਾਵੇਂਪਣ ਦੇ ਵਾਧੇ ਨੂੰ ਰੋਕਣ ਦਾ ਘੋਲ ਹੈ। ਇਹ ਉਜਰਤੀ ਕਿਰਤ ਦੀ ਲੁੱਟ, ਜੋ ਸਰਮਾਏ ਵਿਚ ਵਾਧਾ ਕਰਦੀ ਹੈ, ਉਸ ਲੁੱਟ ਵਿਰੁੱਧ ਘੋਲ ਤੋਂ ਵੱਖਰਾ ਘੋਲ ਹੈ।

ਸਰਮਾਏਦਾਰੀ ਪੈਦਾਵਾਰੀ ਅਮਲ ਵਿੱਚ ਮਾਲਕ ਆਪਣੇ ਉਤਪਾਦ ਉੱਤੇ, ਆਪਣੇ ਸਹਾਇਕ (ਮਾਲ-ਵਿਕਰੇਤਾ) ਕਮਿਸ਼ਨ ਏਜੰਟ ਦਾ ਹਿੱਸਾ ਜੋੜ ਕੇ, ਉਸ ਉੱਤੇ ਕੀਮਤ ਦੀ ਮੋਹਰ ਲਾਉਂਦਾ ਹੈ। ਬਾਜ਼ਾਰ ਗੇੜ ਗੁੰਝਲਦਾਰ ਹੋਣ ਦੇ ਬਾਵਜੂਦ, ਇਹ ਵਰਤਾਰਾ ਨਵਾਂ ਮੁੱਲ ਨਹੀਂ ਸਿਰਜਦਾ। ਇਹ ਜਿਉਂਦੀ ਕਿਰਤ ਦੀ ਲੁੱਟ ਵਿੱਚੋਂ ਜੁੜੇ ਵਾਧੂ ਮੁੱਲ ਵਿੱਚੋਂ ਹਿੱਸੇਦਾਰੀ ਨਾਲ ਸੰਬੰਧਤ ਹੈ।

# ਆਓ ਮਾਰਕਸ ਵੱਲੋਂ (micro & macro) ਇਕਾਈ-ਰੂਪ ਅਤੇ ਸਮੁੱਚੇ ਰੂਪ ਵਿਚ ਕੀਤੇ ਵਿਖਿਆਨ ਨੂੰ ਜਾਣੀਏ, ਪੜਚੋਲੀਏ : ਮਾਈਕਰੋ: ਇਕ ਕਿਰਤੀ ਜਾਂ ਇਕ ਯੂਨਿਟ ਵਿਚ ਕੰਮ-ਦਿਨ ਦੀ ਵੰਡ; 'ਜ਼ਰੂਰੀ ਕੰਮ ਸਮਾਂ : ਵਾਧੂ ਕੰਮ ਸਮਾਂ', ਹੈ। ਜ਼ਰੂਰੀ ਕੰਮ ਸਮਾਂ, ਛੋਟਾ ਕਰਕੇ, ਵਾਧੂ ਕੰਮ ਸਮਾਂ ਵੱਡਾ ਕੀਤਾ ਜਾਂਦਾ ਹੈ। 'ਜ਼ਰੂਰੀ ਕੰਮ ਸਮੇਂ' ਦਾ ਭੁਗਤਾਨ, 'ਉਜਰਤ' ਰੂਪ ਵਿਚ ਹੁੰਦਾ ਹੈ। ਉਜਰਤ ਰਕਮ ਬਰਾਬਰ ਹੀ, ਨਵਾਂ ਵਾਧੂ-ਮੁੱਲ ਸਿਰਜਿਆ ਜਾਂਦਾ ਹੈ। ਬਾਕੀ ਤਾਂ, 'ਠੋਸ-ਕਿਰਤ' ਦਾ ਸਿਰਜਿਆ 'ਵਰਤੋਂ-ਮੁੱਲ' ਹੈ।

ਇਸ ਨੂੰ ਸਮਾਜਕ-ਰੂਪ (macro) ਵਿਚ ਸਮਝਾਣ ਲਈ ਮਾਰਕਸ ਸਰਮਾਏ ਦੀ ਜੁੱਟ ਬਣਤਰ : ਅਬਦਲ-ਸਰਮਾਇਆ : ਬਦਲਾਓ-ਸਰਮਾਇਆ [Constant capital:Variable capital] ਦਾ ਸੂਤਰ ਪੇਸ਼ ਕਰਦਾ ਹੈ।

[ਨੋਟ: ਸਾਵਧਾਨੀ ਜ਼ਰੂਰੀ ਹੈ! ਅਬਦਲ- ਸਰਮਾਇਆ (33) ਨੂੰ (63) 'ਸਥਿਰ-ਸਰਮਾਇਆ' (Fixed capital) ਲਿਖਣ/ਸਮਝਣ ਨਾਲ ਉਹ ਮਾਰਕਸੀ ਜੁੱਟ ਬਣਤਰ ਸੂਤਰ ਤੋਂ ਬਦਲ ਕੇ ਕਲਾਸੀਕਲ ਜਾਂ ਬੁਰਜੂਆ ਜੁੱਟ ਬਣਤਰ ਸੂਤਰ ਬਣ ਜਾਂਦਾ ਹੈ।]

Constant 'ਅਬਦਲ'-ਸਰਮਾਇਆ, ਠੋਸ ਕਿਰਤ ਦਾ ਰੂਪ ਹੈ, ਜੋ ਵਰਤੋਂ-ਮੁੱਲ ਸਿਰਜਦਾ ਹੈ।

Variable ਬਦਲਾਓ ਦਾ-ਸਰਮਾਇਆ, 'ਉਜਰਤ' ਭੁਗਤਾਨ ਵਾਲੀ ਰਕਮ ਹੈ, ਜੋ ਆਪਣੇ ਮੁੱਲ (ਉਜਰਤ ਰਕਮ) ਬਰਾਬਰ, ਨਵਾਂ, ਵਾਧੂ-ਮੁੱਲ ਜੋੜਦਾ ਹੈ।ਇਹ ਘਟਦੀ ਪ੍ਰਵਿਰਤੀ ਵਾਲਾ ਹੈ।

ਨਤੀਜਾ : ਉਤਪਾਦਨ ਦੇ ਸਾਧਨਾਂ ਉਪਰ ਖਰਚ ਰਕਮ, ਉਜਰਤਾਂ ਉਪਰ ਖਰਚ ਰਕਮ ਨਾਲੋਂ ਅਨੁਪਾਤ ਵਿਚ ਵਡੇਰੀ ਹੁੰਦੀ ਜਾਂਦੀ ਹੈ।ਭਾਵ ਬਦਲਾਓ ਦੀ ਰਕਮ ਘਟਦੀ ਜਾਂਦੀ ਹੈ। ਨਵੇਂ, ਵਾਧੂ-ਮੁੱਲ ਦੀ ਵਾਧਾ ਦਰ ਅਤੇ ਮਾਤਰਾ ਘਟਦੇ ਰੂਪ ਵਿਚ ਵਧਦੀ ਹੈ।

# ਨਤੀਜਾ : ਉਤਪਾਦਨ ਦੇ ਸਾਧਨ 'ਠੋਸ ਕਿਰਤ' ਹੈ, ਜਿਸ ਰਾਹੀਂ 'ਵਰਤੋਂ ਮੁੱਲ' (Goods) ਲੋੜੀਂਦੀ ਮਾਤਰਾ ਵਿਚ ਪੈਦਾ ਕਰਨ ਦੀ ਸਮਰੱਥਾ ਜਾਂ ਬਹੁਲਤਾ ਵਿਚ ਉਤਪਾਦਨ ਸੰਭਵ ਹੋ ਜਾਂਦਾ ਹੈ।

# ਜਿਸ ਨੂੰ ਵਿਕਸਤ ਸਮਾਜ ਦਾ ਕੁਦਰਤੀ ਵਸਤਾਂ (ਵਰਤੋਂ ਮੁੱਲ) 'ਉਪਜਾਊ-ਵਰਤਾਰੇ ਵੱਲ ਵਧਣਾ ਕਿਹਾ ਜਾਂਦਾ ਹੈ। ਉਪਜ ਦੇ ਔਸਤ ਲਾਗਤ ਖਰਚੇ ਮੁਕਾਬਲਤਨ ਘਟਦੇ ਜਾਂਦੇ ਹਨ।ਇੰਜ, ਜਿਉਂਦੀ ਕਿਰਤ ਦੀ ਵਰਤੋਂ ਨਾ-ਮਾਤਰ ਹੋਣ ਨਾਲ, ਉਸ ਦੀ ਉਪਜ 'ਵਟਾਂਦਰਾ-ਮੁੱਲ' ਦੀ ਮਾਤਰਾ ਸੁੰਗੜਦਿਆਂ, ਸੁੰਗੜਦਿਆਂ, ਮੁੱਕਣ ਨੇੜੇ ਪੁੱਜ ਜਾਂਦੀ ਹੈ।

ਮਨੁੱਖੀ ਘਾੜਤ-ਬੁੱਧੀ-ਜੰਤਰਾਂ (1.9.devices) ਰਾਹੀਂ, ਜਿਉਂਦੀ ਕਿਰਤ ਦੀ ਵਰਤੋਂ ਕੀਤੇ ਬਗੈਰ ਉਤਪਾਦਨ (Labour free production) ਹੋਣ ਦੀ ਭਵਿੱਖੀ ਸੰਭਾਵਨਾ ਦਾ ਐਲਾਨ, ਇਸ ਦੇ ਮਾਲਕਾਂ ਵੱਲੋਂ ਕੀਤਾ ਹੋਇਆ ਹੈ, ਪਰ ਉਹ ਇਸ ਨੂੰ ਬੁਰਜੂਆ ਕਾਬੂ ਹੇਠ, ਭਾਵ ਉਹ ਸਰਮਾਏ ਦੀ ਸੱਤਾ ਅਧੀਨ ਰੱਖਣਾ ਚਾਹੁੰਦੇ ਹਨ, ਜੋ ਸੰਭਵ ਨਹੀਂ ਹੈ, ਕਿਉਂਕਿ ਪ੍ਰੋਲਤਾਰੀਏ ਦਾ ਹਰਾਵਲ ਦਸਤਾ ਅਤਿ ਦਾ ਮੌਕਪ੍ਰਸਤ ਨਹੀਂ ਬਣ ਸਕਦਾ, ਉਸ ਦਾ ਬਦਲ ਮੌਜੂਦਾ ਹੋਵੇਗਾ। ਹਰ ਸੰਕਟ ਨਾਲ ਹੱਲ ਵੀ ਮੌਜੂਦ ਹੁੰਦਾ ਹੈ।

# ਮਾਰਕਸ ਨੇ ਉਜਰਤੀ ਗੁਲਾਮੀ ਦੇ ਖਾਤਮੇ ਦੇ ਆਗੂ-ਪ੍ਰੋਲਤਾਰੀਏ ਦੁਆਰਾ ਸੱਤਾ ਪ੍ਰਾਪਤੀ ਰਾਹੀਂ ਇਸ ਦਾ ਸੂਤਰ ਦਿੱਤਾ ਹੈ : 'ਸੁਤੰਤਰ ਸਮਾਂ ਉਪਜਾਣ ਅਤੇ ਵੰਡਣ-ਢੰਗ ਦਾ ਸਿਧਾਂਤ।'

(Theory of Free time mode of production and distribution.) ਇਸ ਸਿਧਾਂਤ ਨੂੰ ਨਜ਼ਰਅੰਦਾਜ਼ ਕਰਨਾ ਹੀ, 'ਭੁੱਲ ਤੋਂ ਪਾਪ' ਤੱਕ ਪੁੱਜਣ ਦਾ ਇਤਿਹਾਸ ਹੈ।ਇਸ ਵਿਚ ਕੌਣ ਕਿੰਨਾ ਹਿੱਸੇਦਾਰ ਹੈ ? ਇਹ ਵੱਖਰੀ ਪੜਤਾਲ ਦਾ ਵਿਸ਼ਾ ਹੈ।

**ਕਲਪਣਾ ਕਰੋ :**

ਮਾਰਕਸ ਨੇ 'ਇੰਟਰਨੈਸ਼ਨਲ ਵਰਕਿੰਗ ਮੈਨਜ ਐਸੋਸੀਏਸ਼ਨ' ਦੇ ਗਠਨ ਦੇ ਉਦਘਾਟਨੀ ਭਾਸ਼ਨ-1864 ਵਿਚ ਕਿਹਾ; 'ਕੰਮ ਦਿਨ ਦੀ ਕਾਨੂੰਨੀ ਸੀਮਾ 10 ਘੰਟੇ ਤੋਂ ਵੱਧ ਨਹੀਂ', (ਜੋ ਇਕ ਮਈ 1848 ਨੂੰ ਇੰਗਲੈਂਡ ਵਿਚ ਲਾਗੂ ਹੋਇਆ ਸੀ।) ਇਹ ਅਭਿਆਸ ਦੇ ਨਾਲ ਹੀ 'ਸਾਡੀ ਸਿਧਾਂਤਕ ਜਿੱਤ ਹੈ।'

# ਕੰਮ ਦਿਨ ਦੀ ਲੰਬਾਈ 12 ਘੰਟੇ ਤੋਂ 10 ਘੰਟੇ ਹੋਣਾ, ਕਿਰਤੀ ਲਈ 16.66 ਫੀਸਦੀ ਸੁਤੰਤਰ ਸਮੇਂ ਦੀ ਪ੍ਰਾਪਤੀ ਸੀ। ਨਾਲ ਹੀ 20 ਫੀਸਦੀ ਰੁਜ਼ਗਾਰ ਵਿਚ ਵਾਧਾ ਸੀ।

[ਨੋਟ: 1200 ਘੰਟੇ ਕੁਲ ਕੰਮ ਹੋਵੇ, ਕੰਮ ਦਿਨ ਦੀ ਲੰਬਾਈ 12 ਘੰਟੇ ਹੋਵੇ ਤਾਂ 100 ਕਾਮੇ ਹੋਣਗੇ,

ਜੇ ਕੰਮ ਦਿਨ ਦੀ ਲੰਬਾਈ 10 ਘੰਟੇ ਹੋਵੇ ਤਾਂ ਉਸ ਕੰਮ ਨੂੰ ਕਰਨ ਲਈ 1200/10= 120 ਕਾਮੇ ਚਾਹੀਦੇ ਹਨ।ਇੰਜ 100 ਪਿੱਛੇ 20 ਨਵੇਂ ਕਾਮੇ ਕੰਮ ਪ੍ਰਾਪਤ ਕਰਨਗੇ।]

ਜਦੋਂ ਪਹਿਲੀ ਕੌਮਾਂਤਰੀ ਦੀ ਦੂਜੀ ਕਾਂਗਰਸ-1866 ਨੇ, ਉਤਪਾਦਕਤਾ ਦੇ ਵਾਧੇ ਕਾਰਨ ਫੈਲੀ ਬੇਰੋਜ਼ਗਾਰੀ ਵਿਰੁੱਧ ਆਪਣੇ ਮਤੇ ਵਿਚ ਕਿਹਾ :

'ਕੰਮ ਦਿਹਾੜੀ ਦੀ ਕਾਨੂੰਨੀ ਸੀਮਾ ਉਹ ਮੁੱਢਲੀ ਸ਼ਰਤ ਹੈ, ਜਿਸ ਤੋਂ ਬਿਨਾਂ ਸੁਧਾਰ ਅਤੇ ਮੁਕਤੀ ਦੇ ਸਾਰੇ ਅਗਲੇ ਯਤਨ ਅਸਫਲ ਸਿੱਧ ਹੋਣਗੇ... ਕਾਂਗਰਸ ਦਾ ਸੁਝਾਓ ਹੈ ਕਿ ਕੰਮ ਦਿਹਾੜੀ ਦੀ ਕਾਨੂੰਨੀ ਸੀਮਾ 8 ਘੰਟੇ ਹੋਵੇ।' ਇਹ ਜਮਾਤੀ ਘੋਲ ਦਾ ਇਨਕਲਾਬੀ ਜੁਝਾਰੂ ਨਾਅਰਾ ਸੀ।

**ਇਸ ਨਾਅਰੇ ਦੇ ਅਮਲ ਨੂੰ ਵਿਚਾਰੋ :**

10 ਘੰਟੇ ਕੰਮ ਦਿਨ ਸਮਾਂ ਵਾਲੇ ਦੇਸ ਵਿਚ, ਇਹ 20 ਫੀਸਦੀ ਕੰਮ ਦਿਨ ਛੋਟਾ ਕਰਨ ਦਾ ਨਾਅਰਾ ਸੀ, ਜੋ ਹਰ ਕਿਰਤੀ ਲਈ 20 ਫੀਸਦੀ ਵੇਹਲਾ-ਸਮਾਂ (free time) ਪ੍ਰਾਪਤ ਕਰਨਾ ਬਣਦਾ ਹੈ ਅਤੇ ਨਾਲ ਹੀ 25 ਫੀਸਦੀ ਰੁਜ਼ਗਾਰ ਵਾਧਾ ਧਾਰਨ ਕਰਦਾ ਹੈ। [ਨੋਟ: ਜੇ ਕੁਲ ਕੰਮ 1000 ਘੰਟੇ ਹੋਵੇ ਅਤੇ ਕੰਮ ਦਿਨ 10 ਘੰਟੇ ਹੋਵੇ ਤਾਂ 100 ਕਾਮੇ ਦੀ ਲੋੜ ਹੈ। ਜੇ ਕੰਮ ਦਿਨ 8 ਘੰਟੇ ਕੀਤਾ ਹੈ ਤਾਂ 1000/8=125 ਕਾਮਿਆਂ ਦੀ ਲੋੜ ਹੈ। ਇੰਜ, 100 ਪਿੱਛੇ 25 ਨਵੇਂ ਕਾਮੇ ਕੰਮ ਪ੍ਰਾਪਤ ਕਰਨਗੇ।]

ਇੰਜ ਮਾਰਕਸ ਦਾ 'ਸੱਚਾ ਨਾਅਰਾ', ਛੁਟੇਰੀ ਕੰਮ ਦਿਹਾੜੀ ਦਾ ਸਿਧਾਂਤਕ ਨਾਅਰਾ ਹੈ। ਜਿਹੜਾ ਸਭ ਮਨੁੱਖੀ ਅਧਿਕਾਰ ਪੱਤਰ ਤੋਂ ਵਧ ਕੇ ਹੈ।ਮਾਰਕਸ-ਏਂਗਲਜ ਤੋਂ ਪਿੱਛੋਂ, ਇਸ ਸਿਧਾਂਤਕਤਾ ਉਪਰ ਲੈਨਿਨ ਨੇ ਪਹਿਰਾ ਦਿੱਤਾ, ਉਸ ਨੇ ਰੂਸੀ ਇਨਕਲਾਬ ਦੇ ਤੁਰੰਤ ਪਿੱਛੋਂ 1918 ਵਿਚ ਕਿਹਾ :

* ['ਸਮਾਜਵਾਦੀ ਰਾਜ ਉਤਪਾਦਕਾਂ ਤੇ ਖਪਤਕਾਰਾਂ ਦੀਆਂ ਕਮਿਊਨਾਂ ਦੇ ਤਾਣੇ ਪੇਟੇ ਵਜੋਂ ਹੀ ਪੈਦਾ ਹੋ ਸਕਦਾ ਹੈ, ਜਿਹੜੀਆਂ ਕਮਿਊਨਾਂ ਆਪਣੇ ਉਤਪਾਦਨ ਅਤੇ ਖਪਤ ਦਾ ਇਮਾਨਦਾਰੀ ਨਾਲ ਲੇਖਾ ਰੱਖਦੀਆਂ ਹੋਣ, ਕਿਰਤ ਵਿੱਚ ਸੰਜਮ ਵਰਤਦੀਆਂ ਹੋਣ, ਅਤੇ ਲਗਾਤਾਰ ਕਿਰਤ ਦੀ ਉਤਪਾਦਕਤਾ ਵਧਾ ਰਹੀਆਂ ਹੋਣ, ਅਤੇ ਇਸ ਤਰ੍ਹਾਂ ਕੰਮ ਦੀ ਦਿਹਾੜੀ ਘਟਾ ਕੇ ਸੱਤ, ਛੇ ਅਤੇ ਹੋਰ ਵੀ ਘੱਟ ਘੰਟਿਆਂ ਤੱਕ ਲਿਆਉਣਾ ਸੰਭਵ ਬਣਾਉਣ।'] ਇਸ ਦਾ ਜ਼ਿਕਰ ਪਹਿਲਾਂ ਵੀ ਆ ਚੁੱਕਾ ਹੈ।

# ਸਟਾਲਿਨ ਦੇ 1952 ਵਿਚ ਪਾਰਟੀ (cpsu) ਦੇ ਪਲੈਨਮ ਵਿਚ ਹੋਈ ਚਰਚਾ ਦਾ ਲਿਖਤੀ ਜਵਾਬ, ਦਾ ਜ਼ਿਕਰ ਵੀ ਪਹਿਲਾਂ ਆ ਚੁੱਕਾ ਹੈ ਕਿ 'ਕੰਮ ਦਿਨ 6 ਘੰਟੇ ਫਿਰ, ਪੰਜ ਘੰਟੇ ਕੀਤਾ ਜਾਣਾ ਜ਼ਰੂਰੀ ਹੈ।'

ਇੱਕ ਸਮਾਜਵਾਦੀ ਦੇਸ਼ ਵਿੱਚ ਇਸ ਸੂਤਰ ਦਾ ਕਰੜਾਈ ਨਾਲ ਪਾਲਣ, ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਉਤਪਾਦਕਤਾ ਦਾ ਵਾਧਾ ਜੋ 'ਵਾਧੂ ਕਿਰਤ ਸਮਾਂ' ਪੈਦਾ ਕਰਦਾ ਹੈ, ਉਸ ਦੀ ਵੰਡ ਕੰਮ ਦਿਹਾੜੀ ਸਮਾਂ ਘੱਟ ਕਰਕੇ ਹੀ ਕੀਤੀ ਜਾ ਸਕਦੀ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿਚ ਸਟੇਟ ਕੋਲ ਜੁੜ ਰਿਹਾ ਵਾਧੂ ਮੁੱਲ ਭ੍ਰਿਸ਼ਟਾਚਾਰ ਨੂੰ ਜਨਮ ਦੇਵੇਗਾ। ਜੋ ਸਮਾਜਵਾਦੀ ਪ੍ਰਬੰਧ ਨੂੰ ਲੈ ਡੁੱਬੇਗਾ।[ਜਿਵੇਂ ਲੈਨਿਨ ਅਤੇ ਸਟਾਲਿਨ ਦੀ ਰਾਏ ਦੇ ਉਪਰੋਕਤ ਹਵਾਲਿਆਂ ਉੱਤੇ ਅਮਲ ਨਾ ਹੋਣ ਨਾਲ ussr ਵਿਚ ਵਾਪਰਿਆ ਹੈ।]

# 1930ਵਿਆਂ ਵਿਚ ਇਹ ਫਲਾਸਫੀਕਲ ਘਾਟ ਸ਼ੁਰੂ ਹੋ ਗਈ, ਸਿੱਟੇ ਵਜੋਂ ਇਸ ਸਿਧਾਂਤਕ-ਸੂਤਰ ਦੀ ਅਣਦੇਖੀ ਭਾਰੂ ਹੋ ਗਈ।

# ਇਹ ਪੜਚੋਲ ਅਤੇ ਇਤਿਹਾਸ ਤੋਂ ਸਬਕ ਲੈਣ (ਦੁਬਾਰਾ ਗਲਤੀ ਨਾ ਹੋਵੇ) ਦਾ ਵਿਸ਼ਾ ਹੈ। ਇਸ ਸਿਧਾਂਤ ਦੀ ਵਰਤੋਂ ਨਾ ਕਰਨਾ, ਬਹੁਤ ਮਹਿੰਗਾ ਪਿਆ ਹੈ।ਲਹਿਰ ਦਾ ਭਾਰੀ ਨੁਕਸਾਨ ਹੋਇਆ ਹੈ।

ਜਿਵੇਂ-ਜਿਵੇਂ ਸਰਮਾਇਆ ਜਿਉਂਦੀ ਕਿਰਤ ਦਾ ਲਹੂ ਚੂਸ ਵੱਡਾ, ਹੋਰ ਵੱਡਾ ਹੋਈ ਗਿਆ, ਉਸ ਨੂੰ ਵਰਜਣ, ਰੋਕਣ ਵਾਲੀ ਹਮਲਾਵਰ ਸਿਧਾਂਤਕ ਧਾਰ ਖੁੰਢੀ ਕਮਜ਼ੋਰ ਪੈਂਦੀ ਗਈ। ਉਹ ਦਨਦਨਾਉਂਦਾ ਗਿਆ, ਕਿਉਂਕਿ ਉਸ ਨੂੰ ਰੋਕਣ, ਵਰਜਣ ਵਾਲਾ, 'ਛੁਟੇਰੀ ਕੰਮ ਦਿਹਾੜੀ ਦਾ ਹਥਿਆਰ' ਛੁੱਟ ਗਿਆ ਸੀ। ਜਮਾਤੀ ਘੋਲ ਮੱਠਾ ਪੈਂਦਾ-ਪੈਂਦਾ ਰੁਕ ਗਿਆ ਸੀ।

# ਬੁਰਜੂਆ ਲੁੱਟ (ਵਿਕਾਸ) ਇਕੱਲਾ ਮੈਦਾਨ ਵਿਚ ਸੀ। ਉਸ ਨੇ ਇਜਾਰੇਦਾਰੀ ਰੂਪ ਤੋਂ, ਸਾਮਰਾਜਵਾਦੀ (ਵਿੱਤੀ ਸਰਮਾਏ ਦਾ ਦਾਬਾ) ਰੂਪ ਬਣ ਬੈਠਾ, ਫਿਰ ਬਹੁ-ਕੌਮੀ ਕੰਪਨੀ ਰੂਪ ਉਸਰਿਆ, ਵਿਗਿਆਨਕ ਤਕਨੀਕੀ ਇਨਕਲਾਬ ਕੀਤਾ ਅਤੇ ਸਰਮਾਇਆ ਗਲੋਬਲ ਹੁੰਦਾ ਹੋਇਆ, ਸਿੱਧਾ (ਜਿਉਂਦੀ ਕਿਰਤ ਬਿਨਾਂ) ਉਤਪਾਦਕ ਸ਼ਕਤੀ (1.9.device) ਰੂਪ ਵਿਚ ਪੁੱਜ ਗਿਆ ਹੈ।

ਕਲਪਨਾ ਕਰੋ, 1930ਵਿਆਂ ਵਿਚ ਉਤਪਾਦਕਤਾ ਦੇ ਵਾਧੇ ਅਨੁਸਾਰ, ਪ੍ਰੋਲਤਾਰੀਏ ਦੇ ਹਰਾਵਲ ਦਸਤੇ ਵੱਲੋਂ 'ਕੰਮ ਦਿਨ ਦੀ ਕਾਨੂੰਨੀ ਸੀਮਾਂ 6 ਘੰਟੇ' ਦੇ ਨਾਅਰੇ ਉਪਰ ਅਮਲ ਹੁੰਦਾ ਤਾਂ ਇਹ 25 ਫੀਸਦੀ ਛੁਟੇਰੀ ਕੰਮ ਦਿਹਾੜੀ ਦਾ ਨਾਅਰਾ ਹੋਣਾ ਸੀ। ਕਾਮੇ ਲਈ 25 ਫੀਸਦੀ ਵਿਹਲਾ ਸਮਾਂ ਹਾਸਲ ਕਰਨਾ ਅਤੇ 33.33 ਫੀਸਦੀ ਨਵੇਂ ਕਾਮਿਆਂ ਨੂੰ ਕੰਮ ਉਪਰ ਲੈ ਜਾਣਾ ਵਾਪਰਨਾ ਸੀ।

[ਨੋਟ: ਕੁਲ ਕੰਮ 800 ਘੰਟੇ ਕੰਮ ਹੋਵੇ ਤਾਂ 8 ਘੰਟੇ ਕੰਮ ਦਿਨ ਨਾਲ 100 ਕਾਮੇ ਲੋੜੀਂਦੇ ਹਨ.। ਜੇ ਕੰਮ ਦਿਨ ਦੀ ਕਾਨੂੰਨੀ ਸੀਮਾ 6 ਘੰਟੇ ਹੋਵੇ ਤਾਂ ਉਸ ਕੰਮ ਲਈ (800/6=133.33) ਭਾਵ 33.33 ਫੀਸਦੀ ਕਾਮਿਆਂ ਦੀ ਹੋਰ ਲੋੜ ਹੋਣੀ ਸੀ।]

ਜਿਸ ਨਾਲ ਸਰਮਾਇਆ ਬਲਵਾਨ ਨਹੀਂ, ਕਮਜ਼ੋਰ ਹੋਣਾ ਸੀ।ਕਾਮਿਆਂ ਦੀ ਗਿਣਤੀ ਤੇ ਗੁਣ ਤਾਕਤ ਨੇ ਵਧਣਾ ਸੀ।ਫਿਰ ਸਰਮਾਏ ਦੇ ਵਾਧੇ ਦਾ ਹਿੱਤ-ਰਾਖਾ ਹਿਟਲਰ ਜਿਹਾ ਤਾਨਾਸ਼ਾਹ, ਕੋਈ ਫਾਸ਼ੀਵਾਦੀ ਨਹੀਂ ਹੋਣਾ ਸੀ।ਇਹ ਸਰਮਾਏ ਦੀ ਤਾਕਤ ਦੀ ਉਪਜ ਸਨ।

ਪ੍ਰੋਲਤਾਰੀਏ ਦਾ ਦਾਬਾ, ਲੁੱਟ ਮੁਕਤ ਸਮਾਜ ਦੀ ਸਿਰਜਨਾ ਲਈ ਸਮਾਜਕ ਰੂਪ 'ਸਾਂਝੀਵਾਲ-ਸਮਾਜ', ਜਿਸ ਦੀਆਂ ਪਦਾਰਥਕ-ਪ੍ਰਸਥਿਤੀਆਂ, ਉਤਪਾਦਕ ਸ਼ਕਤੀਆਂ ਵਜੋਂ ਰੂਪ ਧਾਰ ਚੁੱਕੀਆਂ ਹਨ। ਇਹ ਚਿਰਾਂ ਦੀਆਂ ਸਾਕਾਰ ਹੋਣੀਆਂ ਸਨ।

ਸਿਧਾਂਤਕ ਠੇਡਾ ਖਾਣ ਪਿੱਛੋਂ, ਜੋ ਅਸਾਵੇਂਪਣ ਦੀ ਵਿੱਥ ਬਣੀ ਹੈ, ਆਰਥਕ ਪਾੜਾ ਵਧਿਆ ਹੈ, ਉਹ ਨਾ ਹੁੰਦਾ, ਜਿਸ ਕਾਰਨ ਅੱਜ ਮੰਜ਼ਲ ਦੂਰ ਜਾਪਦੀ ਹੈ।

ਪਰਮਗੁਣੀ ਭਗਤ ਸਿੰਘ ਨੇ ਇਨਕਲਾਬੀ ਪ੍ਰੋਗਰਾਮ ਦੇ ਖਰੜੇ ਵਿਚ ਇਸ ਨੂੰ ਆਧੁਨਿਕ ਰੂਪ ਵਿਚ ਪੇਸ਼ ਕਰਦਿਆਂ (1931 ਵਿਚ) ਐਲਾਨਿਆ ਸੀ : 'ਕੰਮ ਦਿਨ ਸਮੇਂ ਦੀ ਕਾਨੂੰਨੀ ਸੀਮਾਂ ਜ਼ਰੂਰਤ ਅਨੁਸਾਰ ਘੱਟ ਤੋਂ ਘੱਟ ਕਰਨਾ।' ਇਹ ਉਸ ਦੀ ਪ੍ਰਤਿਭਾ ਦਾ ਕਮਾਲ ਹੈ ਅਤੇ ਸਾਡੀ ਸੂਝ ਦੀ ਕੰਗਾਲੀ ਸਾਬਤ ਹੁੰਦੀ ਹੈ।

ਸਰਮਾਏ ਵਿਰੁੱਧ ਸਦਾ ਵਾਂਗ ਅੱਜ ਵੀ ਇਹ ਇਕੋ, 'ਸੱਚਾ ਨਾਅਰਾ' ਹੈ, ਜਿਸ ਦਾ ਅਮਲ, ਮਾਰਕਸ ਦੇ ਮਿਸ਼ਨ 'ਉਜਰਤੀ ਗੁਲਾਮੀ ਦਾ ਖਾਤਮਾ' ਅਤੇ ਸਾਂਝੀਵਾਲ ਸਮਾਜ ਉਸਾਰੀ ਦਾ ਇਨਕਲਾਬੀ ਕਾਰਜ ਸਫਲਤਾ ਨਾਲ ਸਾਕਾਰ ਕਰਨ ਯੋਗ ਹੈ।

ਇਹ ਕਾਰਜ ਪ੍ਰੋਲਤਾਰੀਏ ਦਾ ਹਰਾਵਲ ਦਸਤਾ ਹੀ ਕਰ ਸਕਦਾ ਹੈ।ਉਸ ਨੇ ਸਿਧਾਂਤਕ ਸੂਝ ਵੱਲ ਮੁੜਨਾ ਅਤੇ ਪ੍ਰਪੱਕ ਹੋਣਾ ਹੋਵੇਗਾ।

'ਸਮਾਜੀ ਵਾਧੂ ਕਿਰਤ ਸਮਾਂ', ਉਤਪਾਦਕਤਾ ਦੇ ਉੜਕਾਂ ਦੇ ਵਾਧੇ ਦਾ ਨਤੀਜਾ ਹੈ। ਇਹੀ ਮਨੁੱਖ ਦੀ ਮਹਾਨ ਪ੍ਰਾਪਤੀ ਹੈ, ਜਿਸ ਨੂੰ ਮਾਰਕਸਵਾਦ 'ਸੁਤੰਤਰ ਸਮਾਂ', 'ਮਨੁੱਖ ਦਾ ਆਪਣਾ ਸਮਾਂ', 'ਸਰਬ ਪੱਖੀ ਵਿਕਾਸ ਅਤੇ ਜ਼ਿੰਦਗੀ ਜਿਊਣ, ਮਾਨਣ ਦਾ ਸਮਾਂ' ਐਲਾਨ ਕਰਦਾ ਹੈ।

ਮਾਰਕਸ ਨੇ ਗੋਥਾਂ ਪ੍ਰੋਗਰਾਮ ਦੀ ਅਲੋਚਨਾ 'ਚ ਇੰਜ ਬਿਆਨ ਕੀਤਾ ਹੋਇਆ ਹੈ : 'ਸਮਾਜੀ ਕਿਰਤ ਦਿਹਾੜੀ, ਵਿਅਕਤੀਗਤ ਕਿਰਤ ਘੰਟਿਆਂ ਦੇ ਜੋੜ ਤੋਂ ਬਣਦੀ ਹੈ। ਵਿਅਕਤੀਗਤ ਉਪਜਕਾਰ ਦਾ ਵਿਅਕਤੀਗਤ ਕਿਰਤ ਸਮਾਂ ਸਮਾਜੀ ਕਿਰਤ ਦਿਨ ਦਾ ਹਿੱਸਾ, ਇਹਦੇ ਵਿੱਚ ਉਸ ਦਾ ਹਿੱਸਾ ਹੈ, ਜਿਹੜਾ ਉਸ



ਨੇ ਪਾਇਆ ਹੈ। ਉਸ ਨੂੰ ਸਮਾਜ ਤੋਂ ਇੱਕ ਸਨਦ (ਸਰਟੀਫਿਕੇਟ) ਮਿਲਦੀ ਹੈ ਕਿ (ਸਾਂਝੀਆਂ ਨਿਧੀਆਂ ਲਈ ਉਸ ਦੀ ਕਿਰਤ ਦੀ ਕਾਟ ਕੱਟ ਲੈਣ ਪਿੱਛੋਂ) ਉਸ ਨੇ ਕਿਰਤ ਦੀ ਅਮਕੀ ਅਤੇ ਢਮਕੀ ਮਾਤਰਾ ਦਿੱਤੀ ਹੈ ਅਤੇ ਇਸ ਸਨਦ ਨਾਲ ਉਹ ਖਪਤ ਦੇ ਸਾਧਨਾਂ ਦੇ ਸਮਾਜੀ ਭੰਡਾਰ ਵਿੱਚੋਂ ਓਨਾ ਲੈ ਲੈਂਦਾ ਹੈ, ਜਿੰਨੇ ਉੱਤੇ ਕਿਰਤ ਦੀ ਉਹੋ ਮਾਤਰਾ ਲੱਗਦੀ ਹੈ। ਉਸ ਨੇ ਸਮਾਜ ਨੂੰ ਇੱਕ ਰੂਪ ਵਿੱਚ ਕਿਰਤ ਦੀ ਜਿੰਨੀ ਮਾਤਰਾ ਦਿੱਤੀ ਹੈ, ਉਹਨੂੰ ਇੱਕ ਹੋਰ ਰੂਪ ਵਿੱਚ ਓਨੀ ਹੀ ਵਾਪਸ ਮਿਲ ਜਾਂਦੀ ਹੈ।'

# ਇੰਜ ਮਾਰਕਸ ਦਾ 'ਕਿਰਤ ਕਾਰਡ' (ਕਿਰਤ ਦੀ ਮਾਤਰਾ ਦੀ ਸਨਦ) ਵਟਾਂਦਰੇ ਦਾ ਮੁਦਰ-ਰਹਿਤ, ਉਚੇਰਾ ਬਦਲ ਹੈ, ਜਿਹੜਾ ਮਨੁੱਖ ਦੀ ਆਜ਼ਾਦੀ ਨੂੰ ਭਰਪੂਰ ਕਰਦਾ ਹੈ। ਉਹ ਜਿੱਥੋਂ ਚਾਹੇ, ਆਪਣੀ 'ਸਨਦ' ਉਤੇ ਦਰਜ (ਸਮਾਜ ਨੂੰ ਦਿੱਤੇ) ਸਮੇਂ ਦੇ ਬਦਲੇ, ਓਨੇ ਕਿਰਤ ਸਮੇਂ ਦੀਆਂ ਵਸਤਾਂ ਲੈ ਸਕਦਾ ਹੈ। ਉਹ ਆਜ਼ਾਦੀ ਨਾਲ ਜੀ ਸਕਦਾ ਹੈ। ਅੱਜ ਦੇ ਵਿਕਸਤ ਸਾਧਨ ਦੌਰ ਵਿਚ ਮਾਰਕਸ ਦਾ ਇਹ, 'ਉਤਪਾਦਨ ਅਤੇ ਵੰਡ ਢੰਗ', ਮਨੁੱਖੀ ਆਜ਼ਾਦੀ ਦੀ ਬੁਨਿਆਦ ਹੈ।

# ਏਂਗਲਜ ਇਸ ਨੂੰ : 'ਲੋੜ ਦੀ ਦੁਨੀਆ ਵਿੱਚੋਂ ਸੁਤੰਤਰਤਾ ਦੀ ਦੁਨੀਆ ਵਿਚ ਛਾਲ' ਕਹਿੰਦਾ ਹੈ।

ਬੁਰਜੂਆ ਕਰੈਡਿਟ ਕਾਰਡਾਂ ਦੀ ਥਾਂ, ਮਾਰਕਸ ਦੀ 'ਕਿਰਤ-ਕਾਰਡ' ਧਾਰਨਾ, ਸਾਂਝੀਵਾਲ ਸਮਾਜ ਵਿਚ ਮਨੁੱਖ ਦੀ ਆਜ਼ਾਦੀ ਤੇ ਬਰਾਬਰੀ ਲਈ ਗਰੰਟੀ ਹੈ। ਜਿੱਥੇ ਉਤਪਾਦਕਤਾ ਦਾ ਵਾਧਾ ਰੋਕਣ ਦੀ ਥਾਵੇਂ, ਹੋਰ ਤੇਜ਼ ਕਰਕੇ, ਸਮਾਜੀ ਜ਼ਰੂਰੀ ਕਿਰਤ ਸਮਾਂ ਹੋਰ ਘਟਾਉਂਦੇ ਜਾਣਾ ਅਤੇ ਹਰ ਇਕ ਲਈ ਆਜ਼ਾਦ ਸਮਾਂ, ਉਸ ਦੀ ਆਪਣੀ ਚਾਹਤ-ਵਰਤੋਂ ਦਾ ਸਮਾਂ ਵਧਾਉਂਦੇ ਜਾਣਾ ਸੰਭਵ ਹੈ। ਮਾਰਕਸਵਾਦ ਨੂੰ ਅਜੋਕੇ ਹਾਲਤਾਂ ਅਨੁਸਾਰ ਲਾਗੂ ਕਰਨ ਦਾ ਹੰਭਲਾ ਮਾਰਨਾ ਜ਼ਰੂਰੀ ਹੈ।

# ਇਹਨੂੰ ਸ਼ੁਰੂਆਤ ਵਾਂਗ, ਕੌਮਾਂਤਰੀ ਮੰਚ ਦੀ ਲੋੜ ਹੈ। ਪਹਿਲੀ ਕੌਮਾਂਤਰੀ (1864), ਦੂਜੀ (1889)

ਫਿਰ ਤੀਜੀ 'ਕਮਿਊਨਿਸਟ ਇੰਟਰਨੈਸ਼ਨਲ' (1919), ਉਹਨਾਂ ਦੇ ਨਾਅਰੇ ਅਤੇ ਅਮਲ ਨਾਲ ਨਤੀਜੇ, ਇਸ ਸਮਝ ਦੀ ਪੁੱਛਟੀ ਕਰਦੇ ਹਨ। ਤੀਜੀ ਇੰਟਰਨੈਸ਼ਨਲ ਦੀ 1937 'ਚ ਸਮਾਪਤੀ ਦੇ ਰੀਵਿਊ ਵਿਚ ਜਾਣਾ ਇੱਥੇ ਵਾਜਬ ਨਹੀਂ ਹੈ, ਪਰ ਹੁਣ ਫਿਰ ਪ੍ਰੋਲਤਾਰੀ ਦੇ ਕੌਮਾਂਤਰੀ ਮੰਚ ਦੀ ਲੋੜ ਵਧੇਰੇ ਭਾਸਦੀ ਹੈ, ਜੋ ਵਿਕਸਤ ਸਰਮਾਏਦਾਰੀ ਦੇ ਅਜੋਕੇ ਸੰਕਟੀ ਦੌਰ ਵਿਚ ਯਥਾਰਥਕ ਹੱਲ ਦਾ 'ਸੱਚਾ ਨਾਅਰਾ' ਪੇਸ਼ ਕਰ ਸਕੇ। ਉਸ ਦੀ ਸਹੀ ਸੇਧ ਵਿਚ ਸਮੱਸਿਆਵਾਂ ਦਾ ਹੱਲ ਹੋਵੇ ਅਤੇ ਚੱਲਦੀਆਂ ਖਿੱਤੇਵਾਰ ਲੜਾਈਆਂ ਦਾ ਨਿਬੇੜਾ ਵੀ ਹੋਵੇ। ਖੇਤਰੀ ਅਤੇ ਭਾਰਤ ਵਰਗੇ ਵੱਡੀ ਵਸੋਂ ਵਾਲੇ ਦੇਸ਼ ਵਿਚ ਫਿਰਕੂ-ਤਣਾਓ ਸਮਾਪਤ ਹੋਵੇ। ਤੰਗੀਆਂ ਤੋਂ ਮੁਕਤੀ-ਮਾਰਗ ਖੁੱਲ੍ਹੇ। ਸੁੱਤੀ ਪ੍ਰੋਲਤਾਰੀਆ-ਧਿਰ ਜਾਗੇ ਅਤੇ ਉਹ ਸਰਮਾਏ ਦੀ ਹੈਂਕੜੀ-ਧਿਰ ਵਿਰੁੱਧ ਆਪਣਾ ਜਲਵਾ ਵਿਖਾਉਣ ਲਈ ਇਕਮੁੱਠ ਤੇ ਮਜ਼ਬੂਤ ਹੋਵੇ, ਸਫਲ, ਜੇਤੂ ਛਾਲ ਮਾਰੇ।ਉਹ ਮਾਰਕਸ ਦੇ ਕਥਨ; ਸਮਾਜਕ ਵਿਕਾਸ ਦੇ ਵਿਰੋਧਵਿਕਾਸੀ ਦੌਰ ਵਿਚ, ਵਿਸ਼ਾਲ ਆਕਾਰ ਵਾਲੀਆਂ ਘਟਨਾਵਾਂ ਏਨੀਆਂ ਤੇਜ਼ ਵਾਪਰਦੀਆਂ ਹਨ, ਵੀਹ ਵਰ੍ਹਿਆਂ ਦਾ ਕੰਮ ਇਕ ਦਿਨ ਵਿਚ ਹੋ ਜਾਂਦਾ ਹੈ। ਇਹ ਯੂਟੋਪੀਆ ਨਹੀਂ, ਹਕੀਕਤ ਬਣੇ। 'ਦਸ ਦਿਨ ਜਿਨ੍ਹਾਂ ਦੁਨੀਆ ਹਿਲਾ ਦਿੱਤੀ' ਚੇਤਿਆਂ 'ਚ ਰਵ੍ਹੇ। ਇਹ ਕੇਵਲ ਭਾਸ਼ਨਾਂ ਦਾ ਭਾਗ ਨਹੀਂ, ਆਫਤਾਂ 'ਤੇ ਫਤਹਿ ਬਣੇ।

ਸੋਚੋ : ਭਾਰਤ ਸਰਕਾਰ ਕੰਮ ਦਿਹਾੜੀ ਸਮਾਂ 8 ਘੰਟੇ ਤੋਂ 12 ਘੰਟੇ ਲੰਬਾ ਖਿੱਚਣ ਦੀ ਅਸਫਲ ਕੋਸ਼ਿਸ਼ ਵਿਚ ਹੈ, ਜਦੋਂ ਕਿ ਉਤਪਾਦਕ ਤਕਨੀਕੀ ਵਿਧੀ-ਵਾਧਾ, ਉਤਪਾਦਨ ਖੇਤਰ ਵਿਚੋਂ ਕਿਰਤੀਆਂ ਨੂੰ ਬਾਹਰ ਦਾ ਰਸਤਾ ਦਿਖਾ ਰਿਹਾ ਹੈ ਅਤੇ ਯੂਨੀਵਸਿਟੀਆਂ 'ਚੋਂ ਬਾਹਰ ਆ ਰਹੇ ਸਿਖਿਅਤ ਨੌਜਵਾਨ ਨੂੰ ਕੰਮ ਤੋਂ ਜਵਾਬ ਆਮ ਗੱਲ ਹੈ। ਪੜ੍ਹੇ-ਲਿਖੇ ਵਾਧੂ ਕਾਮਿਆਂ ਦੀ ਵੀ ਭਰਮਾਰ ਹੈ।

ਬੇਰੁਜ਼ਗਾਰਾਂ ਨੂੰ 'ਕਾਕਰੋਚ' ਐਵੇਂ ਨਹੀਂ ਕਹਿ ਦਿੱਤਾ ਗਿਆ, ਸਰਮਾਏਦਾਰੀ ਪ੍ਰਬੰਧ ਕੋਲ ਵਧਦੀ ਬੇਰੋਜ਼ਗਾਰੀ ਦਾ ਕੋਈ ਹੱਲ ਨਹੀਂ ਹੈ।

# ਮਾਰਕਸ ਦੇ ਕਥਨ ਅਨੁਸਾਰ, ਇਹ (ਵਾਧੂ ਕਾਮੇ) 'ਆਧੁਨਿਕ ਪ੍ਰੋਲਤਾਰੀਆ' ਹੈ।

['ਸਾਡਾ ਪ੍ਰੋਲਤਾਰੀ, ਉਜਰਤੀ ਕਿਰਤੀ ਤੋਂ ਭਿੰਨ ਨਹੀਂ ਹੈ, ਜੋ ਉਤਪਾਦਨ ਕਰਦਾ ਅਤੇ ਸਰਮਾਏ ਵਿਚ ਵਾਧਾ ਕਰਦਾ ਹੈ, ਜਿਉਂ ਹੀ ਉਹ 'ਸ੍ਰੀਮਾਨ ਸਰਮਾਏ' ਦੀਆਂ ਲੋੜਾਂ ਲਈ ਫਾਲਤੂ ਹੋ ਜਾਂਦਾ ਹੈ, ਉਹ ਬੇਰੋਜ਼ਗਾਰ, ਗਲੀਆਂ ਵਿਚ ਸੁੱਟ ਦਿੱਤਾ ਜਾਂਦਾ ਹੈ।' -ਦਾਸ ਕੈਪੀਟਲ]

ਹੁਣ ਏ.ਆਈ ਦੌਰ ਵਿਚ, ਸਰਮਾਏਦਾਰੀ ਪ੍ਰਬੰਧ ਕਾਰਨ, ਇਹ 'ਵਰ' ਦੀ ਥਾਂ, 'ਸਰਾਪ' ਬਣ ਕੇ ਇਹ 'ਦੈਂਤ' ਹੋਰ ਕਹਿਰ ਢਾਹੁੰਦਾ ਆ ਰਿਹਾ ਹੈ।ਇਹਨੂੰ ਸਰਾਪ ਦੀ ਥਾਂ, ਵਰ ਬਣਾਉਣਾ ਹੋਵੇਗਾ।ਬੇਰੁਜ਼ਗਾਰ ਦੀ ਥਾਂ, ਕਾਮਾ, ਰੁਜ਼ਗਾਰ ਮੁਖੀ ਕਰਨਾ ਹੋਵੇਗਾ।

ਕਲਪਨਾ ਕਰੋ : ਕੀ ਭਾਰਤ ਵਿਚ 'ਕੰਮ ਦਿਹਾੜੀ ਸਮੇਂ ਦੀ ਕਾਨੂੰਨੀ ਸੀਮਾ 6 ਘੰਟੇ ਹੋਵੇ' ਦਾ ਨਾਅਰਾ, ਸੰਗਰਾਮ, ਜਮਾਤੀ ਪਾਲਾ ਬੰਦੀ ਨਹੀਂ ਕਰੇਗਾ? ਯਕੀਨਣ ਕਰੇਗਾ।

ਜਿਵੇਂ-ਜਿਵੇਂ ਕੰਮ ਲੱਭਦਿਆਂ ਵਿਚ, ਇਸ ਵਿਗਿਆਨਕ ਹੱਲ ਦੀ ਚੇਤਨਾ ਵਧੇਗੀ, ਸਮੇਤ ਉਹਨਾਂ 'ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ', ਸਭ ਦੇ ਹਿੱਤ ਸਾਂਝੇ ਹੋਣਗੇ। ਨਾਲ ਹੀ ਕੰਮ ਦੇ ਬੋਝ ਹੇਠਲੇ ਲੁੱਟੇ, ਪੁੱਟੇ ਜਾਂਦੇ ਕਰੋੜਾਂ ਕਾਮੇ ਅਤੇ ਕੰਮ ਲੱਭਦੇ ਕਰੋੜਾਂ ; ਸਭ ਦੇ ਹਿੱਤ ਇਕ ਹੋਣਗੇ। ਸਾਨੂੰ ਕੰਮ ਚਾਹੀਦਾ ਹੈ ਅਤੇ ਕੰਮ ਦਿਨ ਪੈਦਾ ਕਰਨ ਲਈ ਸਾਨੂੰ 6 ਘੰਟੇ ਕੰਮ ਦਿਨ ਦੀ ਗਰੰਟੀ ਦਾ ਕਾਨੂੰਨ ਚਾਹੀਦਾ ਹੈ। ਇਹ ਚੁੰਬਕੀ ਖਿੱਚ ਦਾ ਜੁਝਾਰੂ ਨਾਅਰਾ ਹੋਵੇਗਾ।ਅੱਜ ਦੇ ਸੂਚਨਾ ਕਰਾਂਤੀ ਯੁੱਗ ਵਿਚ ਸੋਸ਼ਲ ਮੀਡੀਆ ਦਾ ਜਲਵਾ ਦੇਖਣਯੋਗ ਹੋਵੇਗਾ। ਦੇਖਣਾ ਹਿੱਤ ਬਾਗੀਆਂ ਪਾਉਣਗੇ।

ਜਦੋਂ ਉਹ ਹਿਸਾਬ ਲਾਉਣਗੇ ਕਿ ਕੰਮ ਦਿਹਾੜੀ ਸਮਾਂ ਦੀ ਕਾਨੂੰਨੀ ਸੀਮਾ 8 ਘੰਟੇ ਤੋਂ ਘਟਾ ਕੇ 6 ਘੰਟੇ ਕਰਨ ਦਾ ਸਿੱਧਾ ਮਤਲਬ, ਕਾਮੇ ਲਈ 33.33 ਫੀਸਦੀ ਵਿਹਲਾ ਸਮਾਂ ਪੈਦਾ ਕਰਨਾ ਅਤੇ ਬੇਰੁਜ਼ਗਾਰਾਂ ਲਈ, 33.33 ਫੀਸਦੀ ਨਵੇਂ ਕੰਮ ਦਿਨਾਂ (ਰੁਜ਼ਗਾਰ) ਦਾ ਪੈਦਾ ਹੋਣਾ ਹੈ। ਭਾਰਤ ਦੇ 80,90 ਕਰੋੜ ਕਾਮਿਆਂ ਵਾਲੇ ਦੇਸ਼ ਵਿਚ, ਕਰੀਬ 30 ਕਰੋੜ ਨਵੇਂ ਕਾਮਿਆਂ ਨੂੰ ਰੁਜ਼ਗਾਰ ਮਿਲਣਾ ਹੈ।ਇਹ ਮਾਲਕਾਂ (ਬੁਰਜੂਆ) ਦੁਆਰਾ ਕਿਰਤੀ ਦੀ ਲੁੱਟ ਅਤੇ ਮਾਲਕਾਂ ਦੇ ਮੁਨਾਫੇ ਰੋਕਣਾ ਹੈ। ਫਿਰ ਆਧੁਨਿਕ ਪ੍ਰੋਲਤਾਰੀ ਦੇ ਬਨਣ ਵਾਲੇ ਉਤਸ਼ਾਹ ਦੀ ਅਤੇ ਸਮੁੱਚੇ ਮਹੌਲ ਦੀ ਕਲਪਨਾ ਕਰਕੇ ਦੇਖੋ!

ਜਦੋਂ ਕਾਨੂੰਨ ਦੁਆਰਾ 'ਕੰਮ ਦਿਨ 6 ਘੰਟੇ' ਪ੍ਰਾਪਤ ਕਰਨਾ ਹੈ ਤਾਂ ਇਹ ਰਾਜਨੀਤਕ ਹੋਣਾ ਅਤੇ ਸੱਤਾ ਜਿੱਤਣਾ ਵੀ ਹੈ। ਮੁੱਠੀ ਭਰ ਲੁਟੇਰਿਆਂ ਵਿਰੁੱਧ ਕੇਵਲ ਬੋਲਣ ਦੀ ਥਾਂ, ਉਹਨਾਂ ਵਿਰੁੱਧ ਸਰਗਰਮ ਅਮਲ ਵਿਚ ਨਿੱਤਰਨਾ ਹੈ।

ਜਮਹੂਰੀਅਤ ਬਰਾਬਰੀ ਦਾ ਨਾਂਅ ਹੈ। ਇਹ ਬਰਾਬਰੀ ਵੱਲ ਵਧਣਾ ਵੀ ਹੈ। ਇਸ ਲਈ ਇਹ ਕੇਵਲ ਜਮਹੂਰੀਅਤ ਬਚਾਉਣਾ ਨਹੀਂ, ਮਜ਼ਬੂਤ ਕਰਨਾ ਵੀ ਹੈ।

ਇਹ ਜਮਾਤੀ ਹਿੱਤਾਂ ਦਾ ਪ੍ਰਗਟਾਅ ਹੈ, ਜਿਸ ਵਿਚ ਫਿਰਕੂ ਹਿੱਤ ਨੂੰ ਹਵਾ ਨਹੀਂ ਮਿਲਦੀ।ਉਹ ਠੱਪੀ ਜਾਂਦੀ ਹੈ।ਇਹ ਫਿਰਕਾਪ੍ਰਸਤੀ ਵਿਰੁੱਧ, ਗੈਰ-ਫਿਰਕੂ, ਭਾਵ ਸੈਕੂਲਰ ਏਕੇ ਦੀ ਬੁਨਿਆਦ ਹੈ।ਇਹ ਵੱਡੀ ਬਹੁ-ਗਿਣਤੀ ਆਧਾਰਤ ਹੋਣ ਕਾਰਨ, ਸਵੈ-ਸ਼ਾਸ਼ਤ, ਸਹਿਯੋਗੀ, ਤਰਕ ਸੰਗਤ ਅਤੇ ਨਿਆਇ ਵਾਲਾ ਹੋਣ ਦੀ ਸੰਭਾਵਨਾ ਪ੍ਰਬਲ ਹੈ।

ਨਿੱਜੀਕਰਨ, ਮੁਨਾਫੇ ਆਧਾਰਤ ਹੁੰਦਾ ਹੈ, ਜਦੋਂ ਕਿਰਤ ਦੀ ਲੁੱਟ ਘਟਦੀ ਤੇ ਰੁਕਦੀ ਹੈ ਤਾਂ ਸਰਮਾਏਦਾਰ ਖੁਦ ਆਪਣਾ ਕੰਮ ਛੱਡਣ ਲੱਗਦਾ ਹੈ, ਜਿਸ ਨੂੰ ਸਟੇਟ ਸੈਕਟਰ ਵਿਚ ਲੋਕਾਂ ਦੀ ਲੋੜ ਅਨੁਸਾਰ ਚਾਲੂ ਕਰਨਾ ਹੁੰਦਾ ਹੈ, ਜਿਸ ਲਈ ਪ੍ਰੋਲਤਾਰੀ ਨੀਤੀ-ਮਿਸ਼ਨ ਯੋਜਨਾਬੰਦੀ ਨਾਲ ਚੱਲਦਾ ਹੈ। ਮੱਧ ਵਰਗ ਅਤੇ ਕਿਸਾਨ ਜੋ ਘੱਟ ਪੂੰਜੀ ਜਾਂ ਛੋਟੇ ਖੇਤ ਕਾਰਨ, ਨਾ ਉਪਜੀਵਕਾ ਛੱਡ ਸਕਦਾ ਹੈ ਅਤੇ ਨਾ ਹੀ ਰੱਜ ਬਣਦਾ ਹੈ। ਬੇਰੋਜ਼ਗਾਰੀ ਕਾਰਨ ਪੁੱਤਾਂ, ਧੀਆਂ ਦਾ ਬੋਝ ਵੀ ਉਹਨਾਂ ਉੱਤੇ ਹੈ। ਦੋ ਪੁੜਾਂ ਵਿਚ ਪਿਸਦੇ ਕਿਸਾਨ ਪਰਵਾਰਾਂ ਲਈ ਰੁਜ਼ਗਾਰ ਦੀ ਹਕੀਕੀ ਆਸ 'ਰੱਬੀ ਮਿਹਰ' ਵਰਗੀ ਹੋਵੇਗੀ। ਕਿਰਤੀਆਂ ਦਾ ਵਾਧਾ ਤੇ ਰੁਜ਼ਗਾਰ ਵਿੱਚੋਂ ਵਧੀ ਖਰੀਦ ਸ਼ਕਤੀ, ਘਰੇਲੂ ਮੰਡੀ ਦਾ ਪਸਾਰ ਕਰੇਗੀ।ਫਿਰ ਸਮਾਜਕ ਵਿਕਾਸ ਲਈ, ਵਿੱਦਿਆ, ਸਿਹਤ ਅਤੇ ਬਿਹਤਰ ਘਰ ਲਈ ਸਾਧਨ ਵੀ ਹੋਣਗੇ ਅਤੇ ਨਵੇਂ ਕੰਮ ਵੀ ਹੋਣਗੇ।

# ਸ਼ੁਰੂਆਤ ਰੋਕਣ ਲਈ, ਕੁਝ ਕੁ ਹੋਣਗੇ, ਜੋ ਕਹਿਣਗੇ; 'ਇਹ ਸੰਭਵ ਨਹੀਂ ਹੈ' ਜਾਂ 'ਖਿਆਲ ਅੱਛਾ ਹੈ, ਪਰ ਕਰੇਗਾ ਕੌਣ'?

ਸਪੱਸ਼ਟ ਹੈ; ਜਿਨ੍ਹਾਂ ਨੂੰ ਲੋੜ ਹੈ, ਉਹੀ ਕਰਨਗੇ।

ਇਹਨੂੰ ਆਧੁਨਿਕ-ਪ੍ਰੋਲਤਾਰੀਆ ਕਰੇਗਾ! ਨਵੀਂ ਪੀੜ੍ਹੀ ਦਾ ਜਮਾਤੀ-ਘੋਲ ਪ੍ਰਚੰਡ ਹੋਵੇਗਾ ਤਾਂ ਚੀਕਾਂ ਵੀ ਲਾਜ਼ਮੀ ਵੱਜਣਗੀਆਂ। ਐਵੇਂ ਨੀ ਮਾਰਕਸ ਨੇ ਲਿਖ ਦਿੱਤਾ ਸੀ :

'ਹਾਕਮ ਜਮਾਤਾਂ ਨੂੰ ਕਮਿਊਨਿਸਟ ਇਨਕਲਾਬ ਅੱਗੇ ਕੰਬਣ ਦਿਓ। ਇਸ ਇਨਕਲਾਬ ਵਿੱਚ ਪਰੋਲੇਤਾਰੀ ਦਾ ਕੁਝ ਨਹੀਂ ਗਵਾਚੇਗਾ, ਸਿਵਾਏ ਉਹਨਾਂ ਦੀਆਂ ਜ਼ੰਜੀਰਾਂ ਦੇ। ਜਿੱਤਣ ਲਈ ਉਹਨਾਂ ਅੱਗੇ ਪੂਰੀ ਦੁਨੀਆ ਪਈ ਹੈ।'

ਸਭਨਾਂ ਦੇਸ਼ਾਂ ਦੇ ਪ੍ਰੋਲਤਾਰੀਓ, ਇਕ ਹੋ ਜਾਓ!

**(ਸਮਾਪਤ)**

# ਉਲ੍ਹ ਨਦੀ ਦੇ ਕੰਢੇ ਇੱਕ ਰਾਤ

ਕਿਸ਼ਤ-2

**ਨਵਦੀਪ ਸਿੰਘ ਝੁਨੀਰ**

ਉਲ੍ਹ ਨਦੀ ਦੇ ਕੰਢੇ ਇੱਕ ਰਾਤ, ਜੋ ਹਮੇਸ਼ਾ ਚੇਤਿਆਂ ਦੇ ਇਤਿਹਾਸ ਵਿੱਚ ਸਮਾਈ ਰਹੇਗੀ।ਬਰੌਟ ਦੀ ਪਹਿਲੀ ਝਲਕ ਮਨ ਨੂੰ ਮੋਹ ਲੈਂਦੀ ਹੈ, ਪਰ ਇਸ ਘਾਟੀ ਨੂੰ ਸਮਝਣ ਲਈ ਇਸ ਦੇ ਨਾਲ ਕੁਝ ਸਮਾਂ ਬਿਤਾਉਣਾ ਪੈਂਦਾ ਹੈ। ਪਹਾੜਾਂ ਦੀ ਅਸਲ ਖ਼ੂਬਸੂਰਤੀ ਸੜਕ ਉੱਤੇ ਖੜ੍ਹ ਕੇ ਨਹੀਂ ਸਮਝੀ ਜਾ ਸਕਦੀ; ਉਸ ਲਈ ਉਨ੍ਹਾਂ ਦੀ ਖਾਮੋਸ਼ੀ ਵਿੱਚ ਬੈਠਣਾ ਪੈਂਦਾ ਹੈ। ਸ਼ਾਇਦ ਇਸੇ ਲਈ ਆਪਣੀ ਦੂਜੀ ਯਾਤਰਾ ਦੌਰਾਨ ਮੈਂ ਫ਼ੈਸਲਾ ਕੀਤਾ ਕਿ ਇਸ ਵਾਰ ਬਰੌਟ ਨੂੰ ਸਿਰਫ਼ ਦੇਖਣਾ ਨਹੀਂ, ਸਗੋਂ ਇਸ ਨੂੰ ਜੀਣਾ ਹੈ।



ਉਲ੍ਹ ਨਦੀ ਦੇ ਕੰਢੇ ਬਣੇ ਇੱਕ ਰਿਵਰ ਸਾਈਡ ਕੈਂਪ ਵਿੱਚ ਸਾਡੇ ਠਹਿਰਨ ਦਾ ਪ੍ਰਬੰਧ ਸੀ। ਦੁਪਹਿਰ ਵੇਲੇ ਜਦੋਂ ਅਸੀਂ ਕੈਂਪ ਪਹੁੰਚੇ ਤਾਂ ਨਦੀ ਆਪਣੇ ਪੂਰੇ ਸੁਭਾਵਿਕ ਵਹਿਣ ਵਿੱਚ ਵਗ ਰਹੀ ਸੀ। ਪਹਾੜਾਂ ਦੀਆਂ ਉੱਚੀਆਂ ਢਲਾਣਾਂ ਤੋਂ ਉਤਰਦੀ ਠੰਢੀ ਹਵਾ ਨਦੀ ਦੇ ਪਾਣੀ ਨੂੰ ਛੂਹ ਕੇ ਸਾਡੇ ਤੱਕ ਪਹੁੰਚ ਰਹੀ ਸੀ। ਕੈਂਪ ਦੇ ਸਾਹਮਣੇ ਦੇਵਦਾਰ ਦੇ ਦਰੱਖਤਾਂ ਦੀਆਂ ਕਤਾਰਾਂ ਖੜ੍ਹੀਆਂ ਸਨ ਤੇ ਉਨ੍ਹਾਂ ਦੇ ਪਿੱਛੇ ਧੌਲਾਧਾਰ ਦੀਆਂ ਪਹਾੜੀਆਂ ਅਸਮਾਨ ਨਾਲ ਗੱਲਾਂ ਕਰਦੀਆਂ ਨਜ਼ਰ ਆ ਰਹੀਆਂ ਸਨ।

ਸ਼ਾਮ ਹੌਲੀ-ਹੌਲੀ ਉਤਰ ਰਹੀ ਸੀ। ਪਹਾੜਾਂ ਵਿੱਚ ਸ਼ਾਮ ਦਾ ਆਉਣਾ ਕਿਸੇ ਪਰਦੇ ਦੇ ਹੌਲੀ-ਹੌਲੀ ਡਿੱਗਣ ਵਰਗਾ ਹੁੰਦਾ ਹੈ। ਪਹਿਲਾਂ ਸੂਰਜ ਦੀਆਂ ਕਿਰਨਾਂ ਚੋਟੀਆਂ ਤੋਂ ਵਿਦਾ ਲੈਂਦੀਆਂ ਹਨ, ਫਿਰ ਘਾਟੀ ਵਿੱਚ ਇੱਕ ਨਰਮ ਜਿਹੀ ਧੁੰਦ ਫੈਲਣ ਲੱਗਦੀ ਹੈ ਅਤੇ ਕੁਝ ਹੀ ਪਲਾਂ ਵਿੱਚ ਕੁਦਰਤ ਆਪਣਾ ਰੰਗ ਬਦਲ ਲੈਂਦੀ ਹੈ। ਉਸ ਸ਼ਾਮ ਵੀ ਅਜਿਹਾ ਹੀ ਹੋਇਆ। ਦਿਨ ਦੀ ਚਮਕ ਹੌਲੀ-ਹੌਲੀ ਫਿੱਕੀ ਪੈ ਰਹੀ ਸੀ ਅਤੇ ਉਲ੍ਹ ਨਦੀ ਦਾ ਪਾਣੀ ਚਾਂਦੀ ਵਾਂਗ ਚਮਕਣ ਲੱਗ ਪਿਆ ਸੀ।

ਥੋੜ੍ਹੀ ਦੇਰ ਬਾਅਦ ਠੰਢ ਨੇ ਆਪਣਾ ਜ਼ੋਰ ਦਿਖਾਇਆ ਤੇ ਕੈਂਪ ਦੇ ਨਜ਼ਦੀਕ ਬੋਨਫਾਇਰ ਬਾਲ਼ੀ ਗਈ। ਸੁੱਕੀਆਂ ਲੱਕੜਾਂ ਵਿੱਚੋਂ ਉੱਠਦੀਆਂ ਅੱਗ ਦੀਆਂ ਲਪਟਾਂ ਹਨੇਰੇ ਨਾਲ ਜਿਵੇਂ ਗੱਲਾਂ ਕਰ ਰਹੀਆਂ ਸਨ। ਆਲੇ-ਦੁਆਲੇ ਬੈਠੇ ਯਾਤਰੀਆਂ ਦੀਆਂ ਗੱਲਾਂ, ਹਾਸੇ ਦੀਆਂ ਹੌਲੀਆਂ ਆਵਾਜ਼ਾਂ ਅਤੇ ਪਿੱਛੇ ਵਗਦੀ ਉਲ੍ਹ ਨਦੀ ਦਾ ਅਨਵਰਤ ਸੰਗੀਤ ਮਿਲ ਕੇ ਇੱਕ ਅਜਿਹਾ ਮਾਹੌਲ ਬਣਾ ਰਹੇ ਸਨ, ਜਿਸ ਨੂੰ ਸ਼ਬਦਾਂ ਵਿੱਚ ਪੂਰੀ ਤਰ੍ਹਾਂ ਬਿਆਨ ਕਰਨਾ ਮੁਸ਼ਕਲ ਹੈ। ਸਾਡੇ ਗਰੁੱਪ ਕੋਲ ਇੱਕ ਬਲੂਟੁਥ ਸਪੀਕਰ ਸੀ, ਜਿਸ ਨਾਲ ਮਾਈਕ ਜੁੜਿਆ ਹੋਇਆ ਸੀ। ਬੋਨਫਾਇਰ ਦੇ ਆਲੇ-ਦੁਆਲੇ ਬੈਠੇ ਸਾਥੀਆਂ ਨੇ ਵਾਰੀ-ਵਾਰੀ ਮਾਈਕ ਸੰਭਾਲਿਆ। ਕਿਸੇ ਨੇ ਆਪਣੇ ਮਨਪਸੰਦ ਗੀਤ ਸੁਣਾਏ, ਕਿਸੇ ਨੇ ਪੁਰਾਣੇ ਫ਼ਿਲਮੀ ਨਗਮੇ ਛੇੜੇ ਅਤੇ ਕਿਸੇ ਨੇ ਆਪਣੀਆਂ ਮਨਪਸੰਦ ਕਵਿਤਾਵਾਂ ਸੁਣਾਈਆਂ। ਹੌਲੀ ਆਵਾਜ਼ ਵਿੱਚ ਵੱਜਦਾ ਸੰਗੀਤ, ਪਹਾੜਾਂ ਦੀ ਖਾਮੋਸ਼ੀ ਅਤੇ ਉਲ੍ਹ ਨਦੀ ਦੀ ਕਲਕਲ ਇੱਕ-ਦੂਜੇ ਵਿੱਚ ਇਸ ਤਰ੍ਹਾਂ ਰਲ ਗਏ ਸਨ ਕਿ ਲੱਗਦਾ ਸੀ ਜਿਵੇਂ ਕੁਦਰਤ ਖ਼ੁਦ ਵੀ ਉਸ ਮਹਿਫ਼ਲ ਦਾ ਹਿੱਸਾ ਬਣ ਗਈ ਹੋਵੇ। ਉਸ ਸ਼ਾਮ ਵਿੱਚ ਨਾ ਕੋਈ ਸ਼ੋਰ ਸੀ, ਨਾ ਕੋਈ ਹੜਬੜਾਹਟ; ਸਿਰਫ਼ ਸੰਗੀਤ, ਦੋਸਤੀ ਅਤੇ ਕੁਦਰਤ ਦੀ ਨੇੜਤਾ ਸੀ, ਜਿਸ ਨੇ ਉਸ ਰਾਤ ਨੂੰ ਹੋਰ ਵੀ ਯਾਦਗਾਰ ਬਣਾ ਦਿੱਤਾ।

ਰਾਤ ਡੂੰਘੀ ਹੋਣ ਲੱਗੀ। ਮੈਂ ਕੁਝ ਸਮੇਂ ਲਈ ਬੋਨਫਾਇਰ ਤੋਂ ਦੂਰ ਨਦੀ ਦੇ ਕੰਢੇ ਜਾ ਬੈਠਿਆ। ਸਾਹਮਣੇ ਹਨੇਰੇ ਵਿੱਚ ਪਹਾੜਾਂ ਦੀਆਂ ਧੁੰਦਲੀਆਂ ਪਰਛਾਈਆਂ ਸਨ ਅਤੇ ਉੱਪਰ ਬੇਅੰਤ ਤਾਰਿਆਂ ਨਾਲ ਭਰਿਆ ਅਸਮਾਨ। ਸ਼ਹਿਰਾਂ ਵਿੱਚ ਰਹਿੰਦੇ ਹੋਏ ਅਸੀਂ ਅਸਮਾਨ ਨੂੰ ਦੇਖਣਾ ਹੀ ਭੁੱਲ ਜਾਂਦੇ ਹਾਂ। ਇੱਥੇ ਹਰ ਤਾਰਾ ਸਾਫ਼ ਦਿਸ ਰਿਹਾ ਸੀ, ਜਿਵੇਂ ਕੁਦਰਤ ਨੇ ਆਪਣੀ ਸਭ ਤੋਂ ਸੁੰਦਰ ਚਾਦਰ ਵਿਛਾ ਦਿੱਤੀ ਹੋਵੇ।

ਉਸ ਰਾਤ ਟੈਂਟ ਵਿੱਚ ਲੇਟਿਆਂ ਵੀ ਉਲ੍ਹ ਨਦੀ ਦੀ ਆਵਾਜ਼ ਸਾਥ ਨਹੀਂ ਛੱਡ ਰਹੀ ਸੀ। ਉਹ ਆਵਾਜ਼ ਕਿਸੇ ਲੋਰੀ ਵਾਂਗ ਸੀ। ਸ਼ਾਇਦ ਇਸੇ ਲਈ ਉਸ ਰਾਤ ਦੀ ਨੀਂਦ ਅੱਜ ਵੀ ਯਾਦ ਹੈ। ਉਹ ਨੀਂਦ ਸਿਰਫ਼ ਸਰੀਰ ਦੀ ਥਕਾਵਟ ਨਹੀਂ, ਸਗੋਂ ਮਨ ਦੀ ਥਕਾਵਟ ਵੀ ਦੂਰ ਕਰ ਰਹੀ ਸੀ।



ਸਵੇਰ ਜਦੋਂ ਅੱਖ ਖੁੱਲ੍ਹੀ ਤਾਂ ਬਰੌਟ ਦਾ ਇੱਕ ਨਵਾਂ ਹੀ ਰੂਪ ਸਾਹਮਣੇ ਸੀ। ਪਹਾੜਾਂ ਉੱਤੇ ਧੁੰਦ ਦੀ ਪਤਲੀ ਚਾਦਰ ਵਿਛੀ ਹੋਈ ਸੀ। ਉਲ੍ਹ ਨਦੀ ਦੇ ਉੱਪਰ ਹਲਕੀ-ਹਲਕੀ ਭਾਫ਼ ਤੈਰ ਰਹੀ ਸੀ ਅਤੇ ਸੂਰਜ ਦੀਆਂ ਪਹਿਲੀਆਂ ਕਿਰਨਾਂ ਦੇਵਦਾਰਾਂ ਦੀਆਂ ਟਾਹਣੀਆਂ ਨੂੰ ਸੁਨਹਿਰੀ ਰੰਗਤ ਦੇ ਰਹੀਆਂ ਸਨ। ਕੁਝ ਪਲਾਂ ਲਈ ਲੱਗਾ ਜਿਵੇਂ ਸਾਰੀ ਘਾਟੀ ਅਜੇ ਨੀਂਦ ਵਿੱਚ ਹੋਵੇ ਅਤੇ ਕੁਦਰਤ ਹੌਲੀ-ਹੌਲੀ ਜਾਗ ਰਹੀ ਹੋਵੇ।

ਬਰੌਟ ਦੀ ਸਵੇਰ ਦਾ ਇੱਕ ਹੋਰ ਰੰਗ ਹੈ, ਟਰਾਊਟ ਮੱਛੀ। ਉਲ੍ਹ ਨਦੀ ਦਾ ਠੰਢਾ ਅਤੇ ਸਾਫ਼ ਪਾਣੀ ਇਸ ਮੱਛੀ ਲਈ ਬਹੁਤ ਅਨੁਕੂਲ ਮੰਨਿਆ ਜਾਂਦਾ ਹੈ। ਇਸੇ ਲਈ ਇੱਥੇ ਟਰਾਊਟ ਪ੍ਰਜਨਨ ਕੇਂਦਰ ਸਥਾਪਤ ਕੀਤਾ ਗਿਆ ਹੈ। ਨਦੀ ਦੇ ਕੰਢੇ ਖੜ੍ਹੇ ਹੋ ਕੇ ਜਦੋਂ ਕੋਈ ਪਾਣੀ ਵਿੱਚ ਤੈਰਦੀਆਂ ਮੱਛੀਆਂ ਨੂੰ ਵੇਖਦਾ ਹੈ ਤਾਂ ਅਹਿਸਾਸ ਹੁੰਦਾ ਹੈ ਕਿ ਕੁਦਰਤ ਨੇ ਇਸ ਘਾਟੀ ਨੂੰ ਕਿੰਨੀ ਖੁੱਲ੍ਹ ਕੇ ਦਾਤਾਂ ਬਖ਼ਸ਼ੀਆਂ ਹਨ।ਬਰੌਟ ਦਾ ਇੱਕ ਹੋਰ ਅਨੋਖਾ ਆਕਰਸ਼ਣ ਉਹ ਪੁਰਾਣਾ ਫੁਹਾਰਾ ਹੈ, ਜੋ ਨਿਯਮਤ ਅੰਤਰਾਲਾਂ ਉੱਤੇ ਆਪਣੇ ਆਪ ਫੁੱਟਦਾ ਹੈ। ਪਹਿਲੀ ਵਾਰ ਇਸ ਨੂੰ ਵੇਖਣ ਵਾਲਾ ਹਰ ਵਿਅਕਤੀ ਹੈਰਾਨ ਹੋ ਜਾਂਦਾ ਹੈ। ਬਿਨਾਂ ਕਿਸੇ ਮੋਟਰ ਅਤੇ ਬਿਨਾਂ ਕਿਸੇ ਬਿਜਲੀ ਦੇ ਅਚਾਨਕ ਪਾਣੀ ਦਾ ਉੱਚਾ ਫੁਹਾਰਾ ਉੱਠਦਾ ਹੈ ਅਤੇ ਕੁਝ ਸਮੇਂ ਬਾਅਦ ਆਪਣੇ ਆਪ ਸ਼ਾਂਤ ਹੋ ਜਾਂਦਾ ਹੈ। ਅਸਲ ਵਿੱਚ ਇਹ ਪਾਣੀ ਦੇ ਦਬਾਅ ਅਤੇ ਗੁਰੂਤਾਕਰਸ਼ਣ ਦੇ ਸਿਧਾਂਤ ਉੱਤੇ ਆਧਾਰਿਤ ਇੱਕ ਪੁਰਾਣੀ ਪ੍ਰਣਾਲੀ ਹੈ, ਪਰ ਸੈਲਾਨੀਆਂ ਲਈ ਇਹ ਅੱਜ ਵੀ ਕਿਸੇ ਅਜੂਬੇ ਤੋਂ ਘੱਟ ਨਹੀਂ।

ਫੁਹਾਰੇ ਦੇ ਨੇੜੇ ਹੀ ਦੇਵ ਪਾਸ਼ਾਕੋਟ ਦਾ ਮੰਦਰ ਸਥਿਤ ਹੈ। ਸਥਾਨਕ ਲੋਕ ਇਸ ਦੇਵਤੇ ਨੂੰ ਮੀਂਹ ਅਤੇ ਖੁਸ਼ਹਾਲੀ ਦਾ ਰਖਵਾਲਾ ਮੰਨਦੇ ਹਨ। ਮੰਦਰ ਦੇ ਆਲੇ-ਦੁਆਲੇ ਦਾ ਸ਼ਾਂਤ ਮਾਹੌਲ ਇਸ ਗੱਲ ਦਾ ਅਹਿਸਾਸ ਕਰਵਾਉਂਦਾ ਹੈ ਕਿ ਇੱਥੇ ਕੁਦਰਤ ਅਤੇ ਆਸਥਾ ਦਾ ਰਿਸ਼ਤਾ ਸਦੀਆਂ ਪੁਰਾਣਾ ਹੈ। ਨੇੜੇ ਸਥਿਤ ਪੁਰਾਣਾ ਮੰਦਰ ਵੀ ਘਾਟੀ ਦੀਆਂ ਅਣਗਿਣਤ ਯਾਦਾਂ ਅਤੇ ਲੋਕ-ਕਥਾਵਾਂ ਨੂੰ ਆਪਣੇ ਅੰਦਰ ਸਮੇਟੀ ਬੈਠਾ ਹੈ।

ਦਿਨ ਚੜ੍ਹਨ ਦੇ ਨਾਲ-ਨਾਲ ਬਰੌਟ ਫਿਰ ਆਪਣੀ ਰੋਜ਼ਮਰ੍ਹਾ ਦੀ ਰਫ਼ਤਾਰ ਵਿੱਚ ਆਉਣ ਲੱਗਾ, ਪਰ ਮੇਰੇ ਮਨ ਵਿੱਚ ਪਿਛਲੀ ਰਾਤ ਦੀਆਂ ਯਾਦਾਂ ਅਜੇ ਵੀ ਤਾਜ਼ਾ ਸਨ। ਉਲ੍ਹ ਨਦੀ ਦੇ ਕੰਢੇ ਬਿਤਾਏ ਉਹ ਕੁਝ ਘੰਟੇ ਮੈਨੂੰ ਇਹ ਸਮਝਾ ਗਏ ਸਨ ਕਿ ਬਰੌਟ ਦੀ ਅਸਲ ਖ਼ੂਬਸੂਰਤੀ ਸਿਰਫ਼ ਇਸ ਦੇ ਨਜ਼ਾਰਿਆਂ ਵਿੱਚ ਨਹੀਂ, ਸਗੋਂ ਉਸ ਸਕੂਨ ਵਿੱਚ ਹੈ ਜੋ ਇਹ ਆਪਣੇ ਮਹਿਮਾਨਾਂ ਨੂੰ ਦੇ ਜਾਂਦਾ ਹੈ।

ਪਰ ਬਰੌਟ ਦੀ ਕਹਾਣੀ ਅਜੇ ਇੱਥੇ ਖ਼ਤਮ ਨਹੀਂ ਹੁੰਦੀ। ਇਸ ਘਾਟੀ ਦੀਆਂ ਪਗਡੰਡੀਆਂ ਅਜੇ ਵੀ ਸਾਨੂੰ ਆਪਣੇ ਨਾਲ ਬੁਲਾ ਰਹੀਆਂ ਸਨ। ਲਾਪਾਸ ਝਰਨੇ ਦੀ ਗੂੰਜ, ਰੁਲਿੰਗ ਪਿੰਡ ਦੀ ਉਚਾਈ, ਕੋਠੀ ਕੋਹੜ ਦੇ ਝਰਨੇ ਦੀਆਂ ਫੁਹਾਰਾਂ ਅਤੇ ਨਾਰਗੂ ਦੇ ਜੰਗਲਾਂ ਦਾ ਰੋਮਾਂਚ ਅਜੇ ਸਾਡੇ ਸਾਹਮਣੇ ਸੀ।

**(ਚਲਦਾ)**